


The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar




Vol: 8 No: 192 Website : www.punjabiakhbaar.ca Email: editor@punjabiakhbaar.ca Friday, 18 March 2022



# 'ਆਪ' ਦੇ ਝਾੜੂ ਨੇ ਪੰਜਾਬ 'ਚ ਹੂੰਝਾਂ ਫੇਰ ਜਿੱਤ ਹਾਸਲ ਕੀਤੀ

## ਵੱਡੇ-ਵੱਡੇ ਦਿੱਗਜ ਹਾਰੇ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ) – ਪੰਜਾਬ ਵਿੱਚ ਬਦਲਾਓ ਦੀ ਚੱਲੀ ਹਵਾ ਨੇ ਰਵਾਇਤੀ ਪਾਰਟੀਆਂ ਵੱਡੇ ਦਿੱਗਜ ਨੇਤਾਵਾਂ ਦੀਆਂ ਜੜ੍ਹਾਂ ਉਖਾੜ ਕੇ ਰੱਖ ਦਿੱਤੀਆਂ। ਆਮ ਆਦਮੀ ਪਾਰਟੀ ਨੇ 117 ਵਿਚੋਂ 92 ਸੀਟਾਂ ਜਿੱਤੀਆਂ ਜਦਕਿ ਸੱਤਾਧਾਰੀ ਕਾਂਗਰਸ ਪਾਰਟੀ ਨੂੰ ਸਿਰਫ 18 ਸੀਟਾਂ ਹੀ ਮਿਲੀਆਂ। ਸ਼੍ਰੋਮਣੀ ਅਕਾਲੀ ਦਲ ਜੋ ਕਿ 2017 ਦੀਆਂ ਚੋਣਾਂ ਦੌਰਾ ਸੱਤਾ ਵਿਚੋਂ ਬਾਹਰ ਹੋਇਆ ਸੀ ਤੇ ਹੁਣ ਬਹੁਜਨ ਸਮਾਜ ਪਾਰਟੀ ਨਾਲ ਰਲ ਕੇ ਚੋਣ ਰਲ ਰਿਹਾ ਸੀ, ਨੂੰ ਸ਼ਰਮਨਾਕ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਉਸ ਦੇ ਪੱਲੇ ਸਿਰਫ ਤਿੰਨ ਸੀਟਾਂ ਹੀ ਆਈਆਂ। ਦਿਲਚਸਪ ਗੱਲ ਇਹ ਹੈ ਕਿ 30 ਸਾਲ ਵਿੱਚ ਪਹਿਲੀ ਵਾਰ ਅਜਿਹਾ ਹੋਇਆ ਹੈ ਕਿ ਬਾਦਲ ਪਰਿਵਾਰ ਦਾ ਕੋਈ ਮੈਂਬਰ ਚੋਣ ਨਹੀਂ ਜਿੱਤ ਸਕਿਆ। ਇਥੇ ਇਹ ਗੱਲ ਵੀ ਦੱਸਣਯੋਗ ਹੈ ਕਿ ਬਿਕਰਮ ਸਿੰਘ ਮਜੀਠੀਆ ਜਿਸ ਨੇ ਅੰਮ੍ਰਿਤਸਰ ਪੂਰਬੀ ਤੋਂ ਨਵਜੋਤ ਸਿੰਘ ਸਿੱਧੂ ਨੂੰ ਚੁਣੌਤੀ ਦਿੱਤੀ ਸੀ, ਆਪ ਤਾਂ ਚੋਣ ਹਾਰ ਗਿਆ ਹੈ ਪਰ ਉਨ੍ਹਾਂ ਦੀ ਧਰਮ ਪਤਨੀ ਗੁਨੀਵ ਕੌਰ ਮਜੀਠਾ ਚੋਣ ਹਲਕੇ ਤੋਂ ਚੋਣ ਜਿੱਤ ਗਈ ਹੈ। ਭਾਰਤੀ ਜਨਤਾ ਪਾਰਟੀ ਜੋ ਕਿ ਪੰਜਾਬ ਲੋਕ ਕਾਂਗਰਸ ਅਤੇ ਸੰਯੁਕਤ ਅਕਾਲੀ ਦਲ ਨਾਲ ਰਲਕੇ ਚੋਣਾਂ ਲੜੀਆਂ ਸਨ, ਨੂੰ ਵੀ ਲੋਕਾਂ ਨੇ ਮੂੰਹ ਨਹੀਂ ਲਗਾਇਆ ਅਤੇ ਉਹ ਸਿਰਫ 2 ਸੀਟਾਂ ਹੀ ਜਿੱਤ ਸਕੀ।

ਇਨ੍ਹਾਂ ਚੋਣਾਂ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਜੋ ਕਿ ਚਮਕੌਰ ਸਾਹਿਬ ਅਤੇ ਭਦੌੜ ਤੋਂ ਚੋਣ ਲੜ ਰਹੇ ਸਨ, ਦੋਹਾਂ ਸੀਟਾਂ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਤੋਂ ਹਾਰ ਗਏ। ਚਮਕੌਰ ਸਾਹਿਬ ਤੋਂ ਉਨ੍ਹਾਂ ਨੂੰ ਆਪ ਦੇ ਡਾ. ਚਰਨਜੀਤ ਸਿੰਘ ਚੰਨੀ ਨੇ ਹਰਾਇਆ ਅਤੇ ਭਦੌੜ ਤੋਂ ਲਾਭ ਸਿੰਘ ਉਭੋਕੇ ਨੇ ਹਰਾਇਆ। ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ, ਉਪ ਮੁੱਖ ਮੰਤਰੀ ਓਮ ਪ੍ਰਕਾਸ਼ ਸੋਨੀ, ਰਾਜਿੰਦਰ ਕੌਰ ਭੱਠਲ ਵਰਗੇ ਲੀਡਰ ਵੀ ਇਸ ਲਹਿਰ ਦਾ ਸ਼ਿਕਾਰ ਹੋ ਗਏ ਅਤੇ ਉਨ੍ਹਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਦੂਜੇ ਪਾਸੇ ਅਕਾਲੀ ਦਲ ਜੋ ਕਿ ਦਾਅਵਾ ਕਰ ਰਿਹਾ ਸੀ ਕਿ ਉਹ ਅਤੇ ਉਸ ਦੀ ਭਾਈਵਾਲ ਪਾਰਟੀ ਬਸਪਾ ਰਲਕੇ ਸਰਕਾਰ ਬਣਾਉਣ ਜਾ ਰਹੇ ਹਨ, ਦੇ ਸਭ ਤੋਂ ਬਜੁਰਗ ਅਤੇ ਪੰਜ ਵਾਰ ਦੇ ਮੁੱਖ ਮੰਤਰੀ ਰਹੇ ਸ੍ਰ. ਪ੍ਰਕਾਸ਼ ਸਿੰਘ ਬਾਦਲ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਮਾਝੇ ਦੇ ਜਰਨੈਲ ਮੰਨੇ ਜਾਂਦੇ ਬਿਕਰਮ ਸਿੰਘ ਮਜੀਠੀਆ, ਰਣਜੀਤ ਸਿੰਘ ਬ੍ਰਹਮਪੁਰਾ ਤੇ ਸੁੱਚਾ ਸਿੰਘ ਛੋਟੇਪੁਰ ਇਸ ਚੋਣ ਵਿੱਚ ਬੁਰੀ ਤਰ੍ਹਾਂ ਹਾਰ ਗਏ। ਕਾਂਗਰਸ ਤੋਂ ਅਲੱਗ ਹੋਏ ਕੈਪਟਨ ਅਮਰਿੰਦਰ ਸਿੰਘ ਜਿਨ੍ਹਾਂ ਨੇ ਆਪਣੀ ਅਲੱਗ ਪਾਰਟੀ ਪੰਜਾਬ ਲੋਕ ਕਾਂਗਰਸ ਬਣਾਈ, ਆਪਣੇ ਜੱਦੀ ਸ਼ਹਿਰ ਵਿਚਲੀ ਆਪਣੀ ਸੀਟ ਬਚਾ ਨਹੀਂ ਸਕੇ। ਇਸੇ ਪ੍ਰਕਾਰ ਸੰਯੁਕਤ ਅਕਾਲੀ ਦਲ ਜਿਸ ਦੇ ਪ੍ਰਧਾਨ ਸ੍ਰ. ਸੁਖਦੇਵ ਸਿੰਘ ਢੀਂਡਸਾ ਹਨ, ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਵੀ ਆਪਣੀ ਚੋਣ ਹਾਰ ਗਏ ਹਨ। ਆਮ ਆਦਮੀ ਪਾਰਟੀ ਨੇ ਬਦਲਾਓ ਦੇ ਨਾਮ ਉਤੇ ਚੋਣ ਲੜੀ ਸੀ ਅਤੇ ਪੰਜਾਬ ਦੇ ਲੋਕਾਂ ਨੇ ਇਸ ਬਦਲਾਓ ਨੂੰ ਜਬਰਦਸਤ ਹੁੰਗਾਰਾ ਦਿੱਤਾ। ਓਪੀਨੀਅਨ ਪੋਲ ਅਤੇ ਐਗਜ਼ਿਟ ਪੋਲ ਵਿੱਚ ਆਮ ਆਦਮੀ ਪਾਰਟੀ ਨੂੰ ਸਭ ਤੋਂ ਵੱਡੀ ਪਾਰਟੀ ਵਜੋਂ ਉਭਰਦੀ ਹੋਏ ਦਿਖਾਇਆ ਸੀ। ਹਾਲ ਹੀ ਵਿੱਚ ਆਏ ਐਗਜ਼ਿਟ ਪੋਲ ਵਿੱਚ ਲੱਗਭੱਗ ਸਾਰੇ ਚੈਨਲਾਂ ਜਾਂ ਏਜੰਸੀਆਂ ਨੇ ਆਪ ਨੂੰ ਜੇਤੂ ਪਾਰਟੀ ਵਜੋਂ ਹੀ ਦਰਸਾਇਆ ਸੀ।

**ਮੈਨੂੰ ਅੱਤਵਾਦੀ ਕਹਿਣ ਵਾਲਿਆਂ ਨੂੰ ਜਵਾਬ ਮਿਲਿਆ: ਕੇਜਰੀਵਾਲ**

ਕੇਜਰੀਵਾਲ ਨੇ ਬੰਪਰ ਜਿੱਤ ਬਾਰੇ ਕਿਹਾ ਕਿ ਤੁਸੀਂ ਦੇਖਿਆ ਹੈ ਕਿ ਪੰਜਾਬ 'ਚ ਕਿੰਨੀਆਂ ਵੱਡੀਆਂ ਸਾਜ਼ਿਸ਼ਾਂ ਹੋਈਆਂ। ਅੰਤ ਵਿੱਚ ਸਾਰਿਆਂ ਨੇ ਇਕੱਠੇ ਹੋ ਕੇ ਕਿਹਾ ਕਿ ਕੇਜਰੀਵਾਲ ਅੱਤਵਾਦੀ ਹੈ। ਇਨ੍ਹਾਂ ਨਤੀਜਿਆਂ ਰਾਹੀਂ ਦੇਸ਼ ਦੀ ਜਨਤਾ ਨੇ ਦੱਸ ਦਿੱਤਾ ਹੈ ਕਿ ਕੇਜਰੀਵਾਲ ਅੱਤਵਾਦੀ ਨਹੀਂ, ਕੇਜਰੀਵਾਲ ਦੇਸ਼ ਦਾ ਸੱਚਾ ਪੁੱਤਰ ਹੈ। ਕੇਜਰੀਵਾਲ ਸੱਚਾ ਦੇਸ਼ ਭਗਤ ਹੈ।







ਸੈਸਕਾਟੂਨ ਵਿਖੇ ਪੰਜਾਬੀ ਅਖਬਾਰ ਲਈ ਪੱਤਰਕਾਰ / ਸੇਲਜ਼ਮੈਨ ਦੀ ਲੋੜ ਹੈ।
ਕਾਲ : ਹਰਬੰਸ ਬੁੱਟਰ
ਸੰਪਾਦਕ : ਪੰਜਾਬੀ ਅਖਬਾਰ
403 640 2000


















COPPERSTONE
AT COPPERFIELD

# ਪਹਿਲੀ ਵਾਰ ਘਰ ਖਰੀਦਣ ਵਾਲਿਓ ਧਿਆਨ ਦਿਓ



## 885 ਡਾਲਰ ਬਾਇ ਵੀਕਲੀ ਨਾਲ ਘਰ ਦੀ ਮਾਲਕੀ

# ਗਰਮੀਆਂ ਦੌਰਾਨ ਨਵੇਂ ਘਰ ਜਾਓ!

## AWARD WINNING TOWNHOMES

Our 2 & 3 Bedroom Townhomes are as unique as you are! With six distinct modern layouts to choose from, including 2-bedroom double master suite styles, finding the perfect home to fit your lifestyle has never been so easy! These intelligently redesigned homes range from 1,380 to 1,885 sq. ft. offering modern interiors but best of all is NO MAINTENANCE required.



COPPERSTONELIVING.COM | 587.352.4266

SHOWHOMES & SALES CENTRE
1233 Copperfield Blvd SE,
Calgary, AB T2Z 5G1

Monday - Wednesday : 2 - 8 PM
Sat, Sun & Holidays: 12 - 5 PM
Thursday & Friday: by appointment

VESTA PROPERTIES

Rendering, price and availability are subject to change without notice. E. & O.E.


# ਅਲਬਰਟਾ ਦੇ ਸਕੂਲੀ ਸਿਲੇਬਸ ਨਾਲ ਵੱਡੀ ਗਿਣਤੀ ਵਿੱਚ ਅਧਿਆਪਕ ਵਰਗ ਸਹਿਮਤ ਨਹੀਂ ਹੈ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ)ਐਲਬਰਟਾ ਦੇ ਸਕੂਲੀ ਅਧਿਆਪਕਾਂ ਵਿੱਚੋਂ ਸਿਰਫ਼ 6% ਨੇ ਹੀ ਕਿੰਡਰ ਗਾਰਟਨ ਤੋਂ ਗ੍ਰੇਡ 6 ਤੱਕ ਦੇ ਸਿਲੇਬਸ ਬਾਰੇ ਕਿਹਾ ਹੈ ਕਿ ਇਹ ਵਿਦਿਆਰਥੀਆਂ ਲਈ ਚੰਗਾ ਸਾਬਤ ਹੋ ਸਕਦਾ ਹੈ। ਸਿਰਫ਼ 3% ਅਧਿਆਪਕਾਂ ਦਾ ਕਹਿਣਾ ਹੈ ਕਿ ਉਹਨਾਂ ਕੋਲ ਸਕੂਲਾਂ ਵਿੱਚ ਇਹ ਸਿਲੇਬਸ ਪੜ੍ਹਾਉਣ ਵਾਸਤੇ ਜ਼ਰੂਰੀ ਸਮਾਨ, ਸਹਾਇਤਾ ਤੇ ਸਰੋਤ ਮੌਜੂਦ ਹਨ। ਐਲਬਰਟਾ ਟੀਚਰਜ਼ ਐਸੋਸਿਏਸ਼ਨ - ਏ ਟੀ ਏ ਵੱਲੋਂ ਕਰਵਾਏ ਗਏ ਇੱਕ ਸਰਵੇਖਣ ਵਿੱਚ ਇਹ ਰਿਪੋਰਟ ਸਾਹਮਣੇ ਆਈ ਦੱਸੀ ਜਾਂਦੀ ਹੈ। ਇਹ ਰਿਪੋਰਟ ਉਸ ਸਮੇਂ ਸਾਹਮਣੇ ਆਈ ਹੈ ਜਦੋਂ ਸੂਬੇ ਦੀ ਐਜੁਕੇਸ਼ਨ ਮਨਿਸਟਰ ਐਡ੍ਰਿਐਨਾ ਲਾਗ੍ਰਾਂਜ ਨੇ ਸਕੂਲਾਂ ਵਿੱਚ ਪੜ੍ਹਾਏ ਕਰਵਾਏ ਜਾਣ ਸੰਬੰਧੀ ਢੰਗਾਂ ਵਿੱਚ ਵੱਡੀਆਂ ਤਬਦੀਲੀਆਂ ਦਾ ਐਲਾਨ ਕੀਤਾ ਹੈ। 76% ਅਧਿਆਪਕਾਂ ਦਾ ਕਹਿਣਾ ਹੈ ਕਿ 12ਵੀਂ ਗ੍ਰੇਡ ਤੱਕ ਦੀ ਪੜ੍ਹਾਈ ਲਈ ਸਰਕਾਰ ਦਾ ਰੰਗ-ਢੰਗ ਠੀਕ ਨਹੀਂ ਹੈ। ਉਧਰ ਐਲਬਰਟਾ ਐਜੁਕੇਸ਼ਨ ਮਨਿਸਟਰ ਐਡ੍ਰਿਐਨਾ ਲਾਗ੍ਰਾਂਜ ਨੇ ਐਲਾਨ ਕੀਤਾ ਹੈ ਕਿ ਸਰਕਾਰੀ ਸਕੂਲਾਂ ਵਿੱਚ ਗ੍ਰੇਡ 4 ਤੋਂ 6 ਤੱਕ ਦੇ ਬੱਚਿਆਂ ਵਾਸਤੇ ਇੰਗਲਿਸ਼, ਮੈਥਸ ਅਤੇ ਫਿਜ਼ਿਕਲ ਐਜੁਕੇਸ਼ਨ ਦਾ ਨਵਾਂ ਲਿਆਂਦਾ ਗਿਆ ਸਿਲੇਬਸ ਆਉਂਦੇ ਵਿਦਿਅਕ ਵਰ੍ਹੇ ਦੀ ਥਾਂ ਅਗਲੇ ਸਾਲ, ਭਾਵ 2023 ਵਿੱਚ ਲਾਗੂ ਕੀਤਾ ਜਾਵੇਗਾ। ਮਨਿਸਟਰ ਨੇ ਦੱਸਿਆ ਕਿ ਆਉਂਦੇ ਸੈਸ਼ਨ ਤੋਂ ਸਿਰਫ਼ ਗ੍ਰੇਡ 3 ਦੇ ਵਿਦਿਆਰਥੀਆਂ ਨੂੰ ਇੰਗਲਿਸ਼ ਅਤੇ ਮੈਥਸ ਦਾ ਨਵਾਂ ਸਿਲੇਬਸ ਪੜ੍ਹਾਇਆ ਜਾਵੇਗਾ ਪਰ ਇਸ ਤੋਂ ਪਹਿਲਾਂ, ਐਲਬਰਟਾ ਐਜੁਕੇਸ਼ਨ ਅਧਿਕਾਰੀਆਂ, ਅਧਿਆਪਕਾਂ ਤੇ ਹੋਰਨਾਂ ਮੈਂਬਰਾਂ ਵਾਲੀ ਕਮੇਟੀ ਤੋਂ ਰਾਇ ਲਈ ਜਾਵੇਗੀ। ਕਿੰਡਰ ਗਾਰਟਨ ਤੋਂ ਗ੍ਰੇਡ 6 ਤੱਕ ਦਾ ਸਿਲੇਬਸ ਵਿਵਾਦਾਂ ਵਿੱਚ ਫਸਿਆ ਹੋਇਆ ਹੈ ਤੇ 97% ਸਕੂਲ ਇਸ ਨੂੰ ਪਾਇਲਟ ਪ੍ਰੋਜੈਕਟ ਤਹਿਤ ਪੜ੍ਹਾਉਣ ਤੋਂ ਵੀ ਨਾਂਹ ਕਰਦੇ ਰਹੇ ਹਨ। ਹੁਣ ਇਸ ਸਿਲੇਬਸ ਨੂੰ ਲਾਗੂ ਕਰਨ ਲਈ ਇੱਕ ਹੋਰ ਸਾਲ ਵਧਾ ਦਿੱਤਾ ਗਿਆ ਹੈ।

# ਜੰਗ ਵਿੱਚ ਬੰਬਾਂ ਪੁੱਟੇ ਟੋਏ, ਲੱਖਾਂ ਲੋਕ ਰਫਿਊਜੀ ਹੋਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਰੂਸ ਅਤੇ ਯੂਕ੍ਰੇਨ ਦਰਮਿਆਨ ਚੱਲ ਰਹੀ ਜੰਗ ਦੌਰਾਨ 20 ਲੱਖ ਤੋਂ ਜ਼ਿਆਦਾ ਯੂਕ੍ਰੇਨ ਵਾਸੀ ਆਪਣਾ ਮੁਲਕ ਛੱਡ ਚੁੱਕੇ ਦੱਸੇ ਗਏ ਹਨ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਯੂਰਪ ਵਿੱਚ ਸ਼ਰਨਾਰਥੀਆਂ ਨਾਲ



ਸਬੰਧਿਤ ਇਹ ਸਭ ਤੋਂ ਵੱਡਾ ਸੰਕਟ ਹੈ। ਯੁਰੋਪੀਅਨ ਯੂਨਿਅਨ ਨੇ ਰੂਸ ਉੱਪਰ ਆਪਣੀ ਨਿਰਭਰਤਾ ਘਟਾਉਣ ਲਈ ਆਪਣੀ ਊਰਜਾ ਪੂਰਤੀ ਵਿੱਚ ਵਿਭਿੰਨਤਾ ਲਿਆਉਣ ਲਈ ਯੋਜਨਾ ਘੜਨੀ ਸ਼ੁਰੂ ਕਰ ਦਿੱਤੀ ਹੈ। ਤੇਲ ਵਪਾਰ ਨਾਲ ਜੁੜੀ ਵੱਡੀ ਕੰਪਨੀ ਸ਼ੈੱਲ ਨੇ ਆਖਿਆ ਹੈ ਕਿ ਉਹ ਰੂਸ ਤੋਂ ਕੱਚੇ ਤੇਲ ਦੀ ਖਰੀਦ ਤੁਰੰਤ ਰੋਕੇਗੀ। ਕੰਪਨੀ ਨੇ ਆਖਿਆ ਕਿ ਉਹ ਰੂਸ ਵਿੱਚ ਆਪਣੀ ਸਰਵਿਸ ਸਟੇਸ਼ਨ ਅਤੇ ਹੋਰ ਕੰਮਕਾਜ ਵੀ ਬੰਦ ਕਰ ਰਹੀ ਹੈ। ਯੂਰਪ ਅਜੇ ਤੱਕ ਆਪਣੀ ਜ਼ਰੂਰਤ ਦੀ ਲਗਭਗ ਅੱਧੀ ਕੁਦਰਤੀ ਗੈਸ, ਕੋਲ ਅਤੇ ਇੱਕ ਤਿਹਾਈ ਕੱਚਾ ਤੇਲ ਰੂਸ ਤੋਂ ਹਾਸਲ ਕਰਦਾ ਹੈ। ਰੂਸ ਨੇ ਕਿਹਾ ਹੈ ਕਿ ਜੇ ਪੱਛਮੀ ਦੇਸ਼, ਰੂਸ ਦੇ ਤੇਲ ਉੱਪਰ ਪਾਬੰਦੀਆਂ ਲਗਾਉਣ ਦੀਆਂ ਆਪਣੀਆਂ ਯੋਜਨਾਵਾਂ ਤੋਂ ਪਿੱਛੇ ਨਾ ਹਟੇ ਤਾਂ ਉਹ ਜਰਮਨੀ ਨੂੰ ਮੁੱਖ ਪਾਈਪ ਨਾਲ ਜਾਣ ਵਾਲੀ ਸਪਲਾਈ ਰੋਕ ਸਕਦਾ ਹੈ। ਜੇ ਰੂਸ ਵੱਲੋਂ ਸਪਲਾਈ ਵਿੱਚ ਰੋਕ ਲਗਾਈ ਜਾਂਦੀ ਹੈ ਤਾਂ ਖਿੱਤੇ ਲਈ ਮੁਸ਼ਕਲ ਖੜ੍ਹੀ ਹੋ ਸਕਦੀ ਮੰਨੀ ਜਾ ਰਹੀ ਹੈ। ਉਧਰ, ਬ੍ਰਿਟੇਨ ਨੇ ਫਰਾਂਸ ਰਾਹੀਂ ਦੇਸ਼ ਵਿੱਚ ਦਾਖਲ ਹੋਣ ਵਾਲੇ ਲਗਭਗ 300 ਯੂਕ੍ਰੇਨ ਵਾਸੀਆਂ ਨੂੰ ਦਾਖਲਾ ਦੇਣ ਤੋਂ ਮਨ੍ਹਾਂ ਕਰ ਦਿੱਤਾ ਹੈ। ਰੂਸ ਅਤੇ ਯੂਕ੍ਰੇਨ ਦਰਮਿਆਨ ਤੀਜੇ ਦੌਰ ਦੀ ਗੱਲਬਾਤ ਤੋਂ ਬਾਅਦ ਕੋਈ ਸਕਾਰਾਤਮਕ ਨਤੀਜਾ ਨਹੀਂ ਨਿੱਕਲਿਆ ਹੈ।

# ਹੁਣ ਸਿਹਤ ਵਿਭਾਗ ਮੁਲਾਜਮਾਂ ਲਈ ਟੀਕਾ ਲਗਵਾਉਣਾ ਲਾਜਿਮ ਨਹੀਂ ਹੋਵੇਗਾ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਹੈਲਥ ਮਨਿਸਟਰ ਜੇਸਨ ਕੌਪਿੰਗ ਦਾ ਕਹਿਣਾ ਹੈ ਕਿ ਐਲਬਰਟਾ ਹੈਲਥ ਸਰਵਿਸਿਜ਼ ਵੱਲੋਂ ਆਪਣੇ ਮੁਲਾਜ਼ਮਾਂ ਲਈ ਕੋਵਿਡ-19 ਤੋਂ ਬਚਾਅ ਲਈ ਵੈਕਸਿਨ ਲਗਵਾਉਣਾ ਲਾਜ਼ਿਮ ਕੀਤੇ ਜਾਣ ਦਾ ਫੈਸਲਾ ਵਾਪਸ ਲੈ ਲਿਆ ਗਿਆ ਹੈ। ਨਾਲ ਹੀ, ਸਾਰੇ ਸਰਕਾਰੀ ਮੁਲਾਜ਼ਮਾਂ ਨੂੰ ਵੀ ਵੈਕਸਿਨ ਲਗਵਾਉਣ ਦੀ ਲਾਜ਼ਿਮ ਸ਼ਰਤ ਤੋਂ ਮੁਕਤ ਕਰ ਦਿੱਤਾ ਗਿਆ ਹੈ। 12 ਤੋਂ 17 ਸਾਲ ਦੀ ਉਮਰ ਵਾਲੇ ਬੱਚਿਆਂ ਵਾਸਤੇ ਵੈਕਸਿਨ ਦੀ ਤੀਜੀ ਬੂਸਟਰ ਡੋਜ਼ ਲਗਵਾਉਣ ਲਈ ਵੀ ਹਰੀ ਝੰਡੀ ਵਿਖਾ ਦਿੱਤੀ ਗਈ ਹੈ। ਬੀਤੇ 24 ਘੰਟਿਆਂ ਦੌਰਾਨ ਸੂਬੇ ਵਿੱਚ 467 ਨਵੇਂ ਐਕਟਿਵ ਕੇਸ ਆਏ ਰਿਪੋਰਟ ਹੋਏ ਹਨ ਤੇ 7 ਹੋਰ ਵਿਅਕਤੀਆਂ ਦੀ ਮੌਤ ਦਰਜ ਕੀਤੀ ਗਈ ਹੈ। ਭਾਵੇਂ ਕਿ ਬਹੁਤੀਆਂ ਥਾਵਾਂ ਤੋਂ ਸਿਹਤ ਸੰਬੰਧੀ ਪਾਬੰਦੀਆਂ ਹਟਾ ਲਈਆਂ ਗਈਆਂ ਹਨ ਪਰ ਐਲਬਰਟਾ ਕੋਰਟ ਔਫ਼ ਅਪੀਲ, ਕੋਰਟ ਔਫ਼ ਕੁਈਨ'ਜ਼ ਬੈਂਚ ਅਤੇ ਪ੍ਰੋਵਿੰਸ਼ਿਅਲ ਕੋਰਟਸ ਵਿੱਚ ਸਿਹਤ ਸੰਬੰਧੀ ਪਾਬੰਦੀਆਂ ਫਿਲਹਾਲ ਜਾਰੀ ਰਹਿਣਗੀਆਂ। 16 ਮਾਰਚ ਤੱਕ ਐਲਬਰਟਾ ਹੈਲਥ ਸਰਵਿਸਿਜ਼ ਦੇ ਸਾਰੇ ਕਲਿਨਿਕਸ 'ਤੇ 5 ਸਾਲ ਤੋਂ 11 ਸਾਲ ਦੇ ਬੱਚਿਆਂ ਵਾਸਤੇ ਬਾਲ ਵੈਕਸਿਨ ਲਗਾਏ ਜਾਣ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਕੰਮ ਵਾਸਤੇ ਪਹਿਲਾਂ ਤੋਂ ਐਪੌਇੰਟਮੈਂਟ ਲੈਣ ਦੀ ਲੋੜ ਨਹੀਂ ਹੋਵੇਗੀ।

# ਤੇਲ ਤੋਂ ਆਮਦਨ ਵਧੀ ਹੈ ਤਾਂ ਅਲਬਰਟਾ ਵਾਸੀ ਅਪਰੈਲ ਮਹੀਨੇ ਤੋਂ 13 ਸੈਂਟ ਸਸਤਾ ਤੇਲ ਖਰੀਦ ਸਕਣਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)- ਐਲਬਰਟਾ ਵਿੱਚ ਗੈਸੋਲੀਨ ਅਤੇ ਡੀਜ਼ਲ ਕੀਮਤਾਂ ਦੇ ਵਧਦੇ ਜਾਣ ਦੇ ਦਰਮਿਆਨ ਪ੍ਰੀਮੀਅਰ ਜੇਸਨ ਕੈਨੀ ਨੇ ਸੂਬਾ-ਵਾਸੀਆਂ ਨੂੰ ਰਾਹਤ ਦੇਣ ਦਾ ਐਲਾਨ ਕੀਤਾ ਹੈ। ਆਉਂਦੀ ਪਹਿਲੀ ਅਪਰੈਲ ਤੋਂ ਗ੍ਰਾਹਕਾਂ ਤੋਂ ਵਸੂਲਿਆ ਜਾਂਦਾ ਸੂਬਾਈ ਫਿਊਅਲ ਟੈਕਸ ਨਹੀਂ ਲਿਆ ਜਾਵੇਗਾ। ਸੂਬਾਈ ਗੈਸ ਟੈਕਸ 13 ਸੈਂਟ ਪ੍ਰਤੀ ਲਿਟਰ ਗੈਸੋਲੀਨ ਅਤੇ ਡੀਜ਼ਲ ਲਿਆ ਜਾਂਦਾ ਹੈ ਤੇ ਪਹਿਲੀ ਅਪ੍ਰੈਲ ਤੋਂ ਨਹੀਂ ਲਿਆ ਜਾਵੇਗਾ। ਉਸੇ ਦਿਨ ਫੈਡਰਲ ਸਰਕਾਰ ਵੱਲੋਂ ਕਾਰਬਨ ਟੈਕਸ ਵਧਾਇਆ ਜਾ ਰਿਹਾ ਹੈ ਜਿਹੜਾ ਮੌਜੂਦਾ 9 ਸੈਂਟ ਪ੍ਰਤੀ ਲਿਟਰ ਤੋਂ ਵਧ ਕੇ 11 ਸੈਂਟ ਪ੍ਰਤੀ ਲਿਟਰ ਤੱਕ ਜਾਵੇਗਾ ਤੇ ਨਾਲ ਹੀ ਸੂਬਾਈ ਛੋਟ ਲਾਗੂ ਹੋ ਜਾਵੇਗੀ।



ਪ੍ਰੀਮੀਅਰ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਫੈਡਰਲ ਸਰਕਾਰ ਕਾਰਬਨ ਟੈਕਸ ਵਾਧਾ ਰੋਕ ਦੇਵੇ ਜਿਸ ਨਾਲ ਲੋਕਾਂ ਨੂੰ ਰਾਹਤ ਮਿਲ ਸਕੇ। ਉਹਨਾਂ ਕਿਹਾ ਕਿ ਜਦੋਂ ਤੱਕ ਕੱਚੇ ਤੇਲ ਦੀ ਅੰਤਰਰਾਸ਼ਟਰੀ ਬਾਜ਼ਾਰ ਕੀਮਤ 80 ਡੌਲਰਜ਼ ਪ੍ਰਤੀ ਬੈਰਲ ਤੋਂ ਉੱਪਰ ਰਹੇਗੀ, ਇਹ ਟੈਕਸ ਛੋਟ ਸੂਬਾ ਵਾਸੀਆਂ ਨੂੰ ਮਿਲਦੀ ਰਹੇਗੀ। ਪ੍ਰੀਮੀਅਰ ਕੈਨੀ ਨੇ ਐਲਾਨ ਕੀਤਾ ਕਿ ਪਿਛਲੀਆਂ ਸਰਦੀਆਂ ਤੋਂ ਬਿਜਲੀ ਕੀਮਤਾਂ ਵਿੱਚ ਹੋਏ ਵਾਧੇ ਦੇ ਅਸਰ ਨੂੰ ਵੀ ਘੱਟ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਪਰਿਵਾਰਾਂ ਅਤੇ ਛੋਟੇ ਵਪਾਰੀਆਂ ਲਈ 150 ਡਾਲਰ ਦੀ ਰੀਬੇਟ ਬਿਜਲੀ ਬਿਲਾਂ 'ਤੇ ਦਿੱਤੀ ਜਾ ਰਹੀ ਹੈ। 50 ਡਾਲਰ ਪ੍ਰਤੀ ਮਹੀਨਾ ਦੇ ਹਿਸਾਬ ਨਾਲ 3 ਮਹੀਨਿਆਂ ਦੀ ਰੀਬੇਟ ਜਾਰੀ ਕੀਤੀ ਜਾਵੇਗੀ। ਵਿਰੋਧੀ ਧਿਰ ਐਨਡੀਪੀ ਨੇ ਸਰਕਾਰ ਦੇ ਇਸ ਐਲਾਨ ਨੂੰ ਨਾ-ਕਾਫੀ ਦੱਸਦਿਆਂ ਕਿਹਾ ਹੈ ਕਿ ਇਸ ਦਾ ਅਸਰ ਨਾ ਦੇ ਬਰਾਬਰ ਹੋਵੇਗਾ।

# ਕੈਲਗਰੀ-ਭੁੱਲਰ-ਮੈਕੌਲ ਵਿਧਾਨ-ਸਭਾ ਰਾਇਡਿੰਗ ਤੋਂ ਐਨ ਡੀ ਪੀ ਦਾ ਉਮੀਂਦਵਾਰ ਇਰਫਾਨ ਸਾਬਿਰ ਹੋਵੇਗਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ-ਭੁੱਲਰ-ਮੈਕੌਲ ਵਿਧਾਨ-ਸਭਾ ਰਾਇਡਿੰਗ ਤੋਂ ਐਨਡੀਪੀ ਨੇ ਮੌਜੂਦਾ ਵਿਧਾਇਕ ਇਰਫਾਨ ਸਾਬਿਰ ਨੂੰ ਇੱਕ ਵਾਰ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ। ਸਾਲ 2023 ਵਿੱਚ ਹੋਣ ਵਾਲੀਆਂ ਵਿਧਾਨ-ਸਭਾ ਚੋਣਾਂ ਵਿੱਚ ਇਰਫਾਨ ਸਾਬਿਰ ਪਾਰਟੀ ਦੇ ਉਮੀਂਦਵਾਰ ਹੋਣਗੇ। ਪਿਛਲੀ ਐਨਡੀਪੀ ਸਰਕਾਰ ਵਿੱਚ ਹਿਉਮਨ ਸਰਵਿਸਿਜ਼ ਐਂਡ ਕਮਿਉਨਿਟੀ ਮਨਿਸਟਰ ਰਹੇ ਸਾਬਿਰ ਸਾਲ 2015 ਤੋਂ ਹੀ ਇਸ ਰਾਇਡਿੰਗ ਦੀ ਪ੍ਰਤੀਨਿਧਤਾ ਕਰਦੇ ਆ ਰਹੇ ਹਨ। ਜੈਨੇਸਿਸ ਸੈਂਟਰ ਵਿੱਚ ਰੱਖੇ ਗਏ ਪ੍ਰੋਗਰਾਮ ਵਿੱਚ ਸਾਬਕਾ ਫਾਇਨੈਂਸ ਮਨਿਸਟਰ ਅਤੇ ਕੈਲਗਰੀ ਤੋਂ ਐਮਐਲਏ ਜੋਅ ਸਿਸੀ ਨੇ ਉਹਨਾਂ ਨੂੰ ਉਮੀਦਵਾਰ ਐਲਾਨਿਆ। ਪਾਰਟੀ



ਲੀਡਰ ਅਤੇ ਸਾਬਕਾ ਪ੍ਰੀਮੀਅਰ ਰੇਚੈਲ ਨੌਟਲੀ ਕੋਰੋਨਾ ਵਾਇਰਸ ਪੌਜ਼ਿਟਿਵ ਹੋਣ ਕਾਰਨ ਇਸ ਸਮਾਗਮ ਵਿੱਚ ਨਹੀਂ ਆ ਸਕੇ। ਐਮਐਲਏ ਕੈਥਲਿਨ ਗੈਨਲੀ ਅਤੇ ਐਮਐਲਏ ਜਸਵੀਰ ਦਿ?ਲ ਤੋਂ ਇਲਾਵਾ ਹੋਰ ਪਾਰਟੀ ਉਮੀਦਵਾਰ ਅਤੇ ਕਾਰਕੁੰਨ ਹਾਜ਼ਰ ਸਨ। ਆਪਣੇ ਸੰਬੋਧਨ ਵਿੱਚ ਵਿਧਾਇਕ ਇਰਫਾਨ ਸਾਬਿਰ ਨੇ ਯੂਸੀਪੀ ਸਰਕਾਰ ਦੀਆਂ ਨੀਤੀਆਂ ਦਾ ਆਲੋਚਨਾ ਕਰਦਿਆਂ ਕਿਹਾ ਕਿ ਸਰਕਾਰ ਨੇ ਬਿਜਲੀ-ਗੈਸ ਦਰਾਂ ਅਤੇ ਇੰਸ਼ੋਰੈਂਸ ਪ੍ਰੀਮੀਅਮ ਦਰਾਂ ਵਿੱਚ ਵਾਧਾ ਹੋਣ ਤੋਂ ਨਹੀਂ ਰੋਕਿਆ ਸਗੋਂ ਨੌਰਥ ਈਸਟ ਦੇ ਲੋਕਾਂ ਨਾਲ ਭੇਦਭਾਵ ਵੀ ਕੀਤਾ ਹੈ।

## ਜੇ ਇਹਨੀ ਦਿਨੀ ਆਮਦਨ ਹੋ ਰਹੀ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਇਸ ਨੂੰ ਅੰਨੇਵਾਹ ਹੀ ਖਰਚ ਧਰੀਏ -ਕੈਨੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਨੇ ਸਾਰੀਆਂ ਮਿਉਨਿਸਿਪੈਲਿਟੀਆਂ ਨੂੰ ਕਿਹਾ ਹੈ ਕਿ ਭਾਵੇਂ ਕੱਚੇ ਤੇਲ ਦੀਆਂ ਕੀਮਤਾਂ ਉਚੀਆਂ ਹੋਣ ਕਾਰਨ ਸੂਬੇ ਵਿੱਚ ਚੋਖੀ ਆਮਦਨੀ ਆ ਰਹੀ ਹੈ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਇਸ ਨੂੰ ਅੰਨ੍ਹੇਵਾਹ ਖ਼ਰਚ ਕਰ ਦਿੱਤਾ ਜਾਵੇ। ਉਹਨਾਂ ਕਿਹਾ ਤੇਲ ਕੀਮਤਾਂ ਜਿਸ ਤੇਜ਼ੀ ਨਾਲ ਉੱਪਰ ਚੜ੍ਹਦੀਆਂ ਹਨ, ਉਸੇ ਤੇਜ਼ੀ ਨਾਲ ਹੇਠਾਂ ਵੀ ਡਿੱਗਦੀਆਂ ਹਨ, ਇਸ ਕਰਕੇ ਆਈ ਰਕਮ ਨੂੰ ਖ਼ਰਚ ਕਰਨ ਵਿੱਚ ਕਿਫਾਇਤ ਕਰਨੀ ਜ਼ਰੂਰੀ ਹੈ। ਉਹਨਾਂ ਕਿਹਾ ਕਿ ਸਮਾਜ ਅਤੇ ਲੋਕਾਂ ਲਈ ਬਹੁਤ ਜ਼ਰੂਰੀ ਜਨਤਕ ਸੇਵਾਵਾਂ ਉੱਪਰ ਖ਼ਰਚ ਕੀਤਾ ਜਾਵੇਗਾ ਪਰ 100 ਬਿਲੀਅਨ ਡਾਲਰ ਦੇ ਕਰੀਬ ਕਰਜ਼ੇ ਨਾਲ ਵੀ ਨਜਿੱਠਣਾ ਜ਼ਰੂਰੀ ਹੈ। ਵਿਰੋਧੀ ਧਿਰ ਐਨਡੀਪੀ ਵੱਲੋਂ ਲਗਾਤਾਰ ਮੰਗ ਕੀਤੀ ਜਾ ਰਹੀ ਹੈ ਕਿ ਸੂਬੇ ਵਿੱਚ ਤੇਲ ਤੋਂ ਆ ਰਹੀ ਚੋਖੀ ਆਮਦਨੀ ਲੋਕਾਂ ਉੱਪਰ ਖ਼ਰਚ ਕੀਤੀ ਜਾਣੀ ਚਾਹੀਦੀ ਹੈ।










# ਐਡਮਿੰਟਨ ਵਿਖੇ ਆਮ ਆਦਮੀ ਪਾਰਟੀ ਦੀ ਜਿੱਤ ਦੀ ਖੁਸ਼ੀ ਚ ਪਰਵਾਸੀਆਂ ਨੇ ਪਾਏ ਭੰਗੜੇ







ਐਡਮਿੰਟਨ (ਰਾਜ ਸ਼ਰਮਾ) ਐਡਮਿੰਟਨ ਸ਼ਹਿਰ ਦੇ ਮਹਾਰਾਜਾ ਬੈਂਕੁਇਟ ਹਾਲ ਵਿਖੇ ਆਮ ਆਦਮੀ ਪਾਰਟੀ ਦੇ ਕਨਵੀਨਰ ਸਰਦਾਰ ਹਰਨੇਕ ਸਿੰਘ ਮਠਾੜੂ ਅਤੇ ਬਹੁਤ ਸਾਰੇ ਸੀਨੀਅਰ ਸਿਟੀਜ਼ਨ ਵੱਲੋਂ ਆਮ ਆਦਮੀ ਪਾਰਟੀ ਦੀ ਜਿੱਤ ਦੀ ਖੁਸ਼ੀ ਵਿੱਚ ਇੱਕ ਸਮਾਗਮ ਕੀਤਾ ਗਿਆ। ਐਡਮਿੰਟਨ ਵਾਸੀ ਸਰਦਾਰ ਹਰਨੇਕ ਸਿੰਘ ਮਠਾੜੂ ਅਤੇ ਉਹਨਾਂ ਦੀ ਸਮੁੱਚੀ ਟੀਮ ਲੰਮੇ ਸਮੇਂ ਤੋਂ ਆਮ ਆਦਮੀ ਪਾਰਟੀ ਦੀ ਸਪੋਰਟ ਕਰਦੀ ਆ ਰਹੀ ਹੈ । ਉਹਨਾਂ ਕਿਹਾ ਕਿ ਹੁਣ ਐੱਨ ਆਰ ਆਈ ਦੀਆਂ ਸਮੱਸਿਆਵਾਂ ਦਾ ਹੱਲ ਵੀ ਹੋਣਾ ਸ਼ੁਰੂ ਹੋ ਜਾਵੇਗਾ। ਗੁਰਿੰਦਰ ਸਿੰਘ ਤੂਰ ਨੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਸ਼ਾਨ ਵਿੱਚ ਪਰਵਾਸੀਆਂ ਵੱਲੋਂ ਮਾਣ ਪੱਤਰ ਪੜ੍ਹ ਕੇ ਸੁਣਾਇਆ ਗਿਆ। ਉਨ੍ਹਾਂ ਮਾਣ ਪੱਤਰ ਦੇ ਵਿੱਚ ਸੜਕ ਸੁਰੱਖਿਆ ਦਾ ਜ਼ਿਕਰ ਵੀ ਕੀਤਾ ਤੇ ਇਸ ਸਬੰਧੀ ਟ੍ਰੇਨਿੰਗ ਸ਼ੁਰੂ ਕਰਨ ਦੀ ਮੰਗ ਰੱਖੀ ਗਈ।


ਸਕੱਤਰ ਸਿੰਘ ਸੰਧੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਹੁਣ ਪੰਜਾਬ ਚ ਪਰਚਿਆਂ ਦੀ ਰਾਜਨੀਤੀ ਖਤਮ ਹੋ ਜਾਵੇਗੀ । ਉਨ੍ਹਾਂ ਨੇ ਮਾਝਾ ਖੇਤਰ ਵਿੱਚ ਸਥਿਤ ਆਪਣੇ ਪਿੰਡ ਚ ਪਰਚਿਆਂ ਦੀ ਰਾਜਨੀਤੀ ਦਾ ਹਾਲ ਦੱਸ ਕੇ ਸਰੋਤਿਆਂ ਨੂੰ ਭਾਵੁਕ ਕਰ ਦਿੱਤਾ । ਸਰਦਾਰ ਸੀਤਲ ਸਿੰਘ ਨੰਨੂਆ ਨੇ ਸੰਬੋਧਨ ਕਰਦਿਆਂ ਕਿਹਾ ਕਿ ਹੁਣ ਪੰਜਾਬ ਪਟੜੀ ਤੇ ਆ ਜਾਵੇਗਾ ਵਿਕਾਸ ਦਾ ਦੌਰ ਸ਼ੁਰੂ ਹੋ ਜਾਵੇਗਾ। ਅੰਤ ਚ ਹਾਲ ਵਿਖੇ ਸੀਨੀਅਰ ਸਿਟੀਜ਼ਨ ਵੱਲੋਂ ਭੰਗੜੇ ਪਾਏ ਗਏ । ਗੁਰਿੰਦਰ ਸਿੰਘ ਤੂਰ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ। ਪ੍ਰਬੰਧਕਾਂ ਵੱਲੋਂ ਸਮੁੱਚੇ ਪੰਜਾਬੀ ਭਾਈਚਾਰੇ ਦਾ ਆਮ ਆਦਮੀ ਪਾਰਟੀ ਨੂੰ ਸਹਿਯੋਗ ਦੇਣ ਬਦਲੇ ਧੰਨਵਾਦ ਕੀਤਾ ਗਿਆ।

## ਹੁਣ ਵੈਕਸਿਨ ਪਾਸਪੋਰਟ ਦੀ ਲੋੜ ਵੀ ਖ਼ਤਮ ਹੋਣੀ ਚਾਹੀਦੀ ਹੈ-ਜੈਸਨ ਕੈਨੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਨੇ ਕਿਹਾ ਹੈ ਕਿ ਸੂਬੇ ਵਿੱਚ ਸਿਹਤ ਸੰਬੰਧੀ ਲੱਗੀਆਂ ਪਾਬੰਦੀਆਂ ਵਿੱਚੋਂ ਬਹੁਤੀਆਂ ਪਹਿਲੀ ਮਾਰਚ ਤੋਂ ਹਟਾ ਲਈਆਂ ਗਈਆਂ ਹਨ ਤੇ ਹੁਣ ਵੈਕਸਿਨ ਪਾਸਪੋਰਟ ਦੀ ਲੋੜ ਵੀ ਖ਼ਤਮ ਹੋਣੀ ਚਾਹੀਦੀ ਹੈ। ਇੱਕ ਵੀਡੀ? ਸੁਨੇਹੇ ਵਿੱਚ ਜੇਸਨ ਕੈਨੀ ਨੇ ਕਿਹਾ ਕਿ ਉਸ ਇਸ ਹਫ਼ਤੇ ਇੱਕ ਮੋਸ਼ਨ ਪੇਸ਼ ਕਰ ਰਹੇ ਹਨ ਜਿਸ ਵਿੱਚ ਫੈਡਰਲ ਸਰਕਾਰ ਤੋਂ ਮੰਗ ਕੀਤੀ ਜਾਵੇਗੀ ਕਿ ਕੋਵਿਡ-19 ਸੰਬੰਧੀ ਯਾਤਰਾ ਪਾਬੰਦੀਆਂ ਦੀ ਹੁਣ ਕੋਈ ਤੁਕ ਨਹੀਂ ਰਹਿ ਗਈ ਹੈ ਤੇ ਇਹ ਹੁਣ ਖ਼ਤਮ ਹੋਣੀਆਂ ਚਾਹੀਦੀਆਂ ਹਨ। ਕੈਨੀ ਨੇ ਕਿਹਾ ਕਿ ਦੁਨੀਆ ਵਿੱਚ ਸਿਰਫ਼ ਕੈਨੇਡਾ ਹੀ ਅਜਿਹਾ ਮੁਲਕ ਰਹਿ ਗਿਆ ਹੈ ਜਿਸ ਵਿੱਚ ਪੂਰੀ ਤਰ੍ਹਾਂ ਵੈਕਸਿਨੇਟ ਹੋਏ ਵਿਅਕਤੀਆਂ ਨੂੰ ਹੀ ਜਹਾਜ਼ ਚੜ੍ਹਣ ਦੀ ਆਗਿਆ ਹੈ ਬਾਕੀ ਹਰ ਥਾਂ ਇਹ ਸ਼ਰਤ ਵੀ ਹਟਾ ਲਈ ਗਈ ਹੈ। ਉਹਨਾਂ ਫੈਡਰਲ ਸਰਕਾਰ ‘ਤੇ ਜ਼ੋਰ ਪਿਆ ਹੈ ਕਿ ਹੁਣ ਸਾਰੀਆਂ ਟ੍ਰੈਵਲ ਪਾਬੰਦੀਆਂ ਖ਼ਤਮ ਕਰ ਦੇਣੀਆਂ ਚਾਹੀਦੀਆਂ ਹਨ।

## ਪਾਬੰਦੀਆਂ ਤਾਂ ਚੁੱਕ ਲਈਆਂ ਹਨ ਪਰ ਇਸ ਸਬੰਧੀ ਰੈਲੀਆਂ ਹਾਲੇ ਵੀ ਜਾਰੀ ਹਨ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਦੇਸ਼ ਦੇ ਬਹੁਤੇ ਹਿੱਸਿਆਂ ਤੋਂ ਸਿਹਤ ਸੰਬੰਧੀ ਪਾਬੰਦੀਆਂ ਹਟਾ ਲਏ ਜਾਣ ਦੇ ਬਾਵਜੂਦ ਡਾਊਨ-ਟਾਊਨ ਕੈਲਗਰੀ ਦੇ ਬੈਲਟਲਾਇਨ ਇਲਾਕੇ ਵਿੱਚ ਹਰ ਹਫ਼ਤੇ ‘ਫ੍ਰੀਡਮ ਰੈਲੀ’ ਕੀਤੇ ਜਾਣ ਦਾ ਸਿਲਸਿਲਾ ਜਾਰੀ ਹੈ ਤੇ ਇਸ ਇਲਾਕੇ ਵਿੱਚ ਰਿਹਾਇਸ਼ ਕਰਦੇ ਲੋਕ ਅਤੇ ਵਪਾਰੀ ਡਾਢੇ ਤੰਗ ਆ ਚੁੱਕੇ ਹਨ। ਹਰੇਕ ਸ਼ਨੀਵਾਰ ਨੂੰ ਇਥੇ ਰੈਲੀ ਹੁੰਦੀ ਹੈ ਤੇ ਸੈਂਕੜੇ ਲੋਕਾਂ ਦੇ ਇਕੱਠੇ ਹੋ ਜਾਣ ਕਾਰਨ ਖੂਬ ਰੌਲਾ ਰੱਪਾ ਪੈਂਦਾ ਹੈ। ਬਿਜ਼ਨਿਸਿਜ਼ ਦਾ ਕਹਿਣਾ ਹੈ ਕਿ ਰੈਲੀ ਦੇ ਕਰਕੇ ਗ੍ਰਾਹਕ ਨਹੀਂ ਆਉਂਦੇ ਤੇ ਘਰ ਮਾਲਕਾਂ ਦਾ ਕਹਿਣਾ ਹੈ ਕਿ ਛੁੱਟੀ ਵਾਲੇ ਦਿਨ ਰੈਲੀ ਵਾਲੇ ਉਹਨਾਂ ਦਾ ਚੈਨ ਭੰਗ ਕਰਦੇ ਹਨ।ਹੁਣ ਇਹਨਾਂ ਫ੍ਰੀਡਮ ਰੈਲੀਆਂ ਤੋਂ ਅੱਕੇ ਲੋਕਾਂ ਨੇ ਵਿਰੋਧੀ ਰੈਲੀ ਕਰਨੀ ਸ਼ੁਰੂ ਕਰ ਦਿੱਤੀ ਹੈ ਜਿਸ ਕਰਕੇ ਹਰ ਸਮੇਂ ਟਕਰਾਅ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਸਾਲ 2021 ਦੌਰਾਨ ਇਹਨਾਂ ਰੈਲੀਆਂ ਨੂੰ ਕੰਟਰੋਲ ਕਰਨ ਉਪਰ ਹੀ 20 ਲੱਖ ਡਾਲਰ ਦਾ ਖ਼ਰਚਾ ਆਇਆ ਦਰਜ ਕੀਤਾ ਗਿਆ ਹੈ। ਇਸ ਵਿੱਚ ਅਧਿਕਾਰੀਆਂ ਨੂੰ ਦਿੱਤਾ ਗਿਆ 5 ਲੱਖ ਡਾਲਰ ਦਾ ?ਵਰਟਾਇਮ ਵੀ ਸ਼ਾਮਿਲ ਹੈ।

# ਤੇਲ ਖੂਹਾਂ ਦਾ ਟੈਕਸ ਅਦਾ ਨਾ ਕਰਨ ਕਰਕੇ ਪੇਂਡੂ ਮਿਉਨਿਸਿਪੈਲਿਟੀਆਂ ਔਖੀਆਂ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਬਹੁਤ ਜ਼ਿਆਦਾ ਵਧ ਜਾਣ ਅਤੇ ਤੇਲ ਕੰਪਨੀਆਂ ਨੂੰ ਹੋ ਰਹੀ ਚੋਖੀ ਆਮਦਨੀ ਦੇ ਬਾਵਜੂਦ ਕਈ ਪੇਂਡੂ ਮਿਉਨਿਸਿਪੈਲਿਟੀਆਂ ਦਾ ਭੁਗਤਾਨ ਨਹੀਂ ਕੀਤਾ ਜਾ ਰਿਹਾ ਜਿਸ ਦੀ ਸ਼ਿਕਾਇਤ ਇਹਨਾਂ ਮਿਉਨਿਸਪੈਲਿਟੀਆਂ ਨੇ ਕੀਤੀ ਹੈ। ਪਿਛਲੇ ਸਾਲ ਦੇ ਅਖੀਰ ਤੱਕ ਇਹਨਾਂ ਮਿਉਨਿਸਿਪੈਲਿਟੀਆਂ ਵੱਲ ਇਹਨਾਂ ਕੰਪਨੀਆਂ ਦਾ 250 ਮਿਲੀਅਨ ਡਾਲਰ ਦਾ ਉਧਾਰ ਖੜ੍ਹਾ ਹੈ। ਪਿਛਲੇ ਸਾਲ ਤੇਲ ਦੀ ਪ੍ਰਤੀ ਬੈਰਲ ਕੀਮਤ 70 ਯੂ ਐਸ ਡਾਲਰ ਸੀ ਜਦੋਂ ਕਿ ਇਸ ਵੇਲੇ 120 ਡਾਲਰ ਦੇ ਕਰੀਬ ਹੈ। ਰੂਰਲ ਮਿਉਨਿਸਪੈਲਿਟੀਜ਼ ਔਫ਼ ਐਲਬਰਟਾ ਦੇ ਮੁਖੀ ਪੌਲ ਮੈਕ-ਲੌਕਲਿਨ ਦਾ ਕਹਿਣਾ ਹੈ ਕਿ ਸੂਬੇ ਦੇ ਐਨਰਜੀ ਰੈਗੁਲਟੇਰ ਨੂੰ ਚਾਹੀਦਾ ਹੈ ਕਿ ਉਹ ਇਹਨਾਂ ਮਿਉਨਿਸਪੈਲਿਟੀਆਂ ਦੀ ਆਮਦਨੀ ਉਪਰ ਜੱਫਾਮਾਰੀ ਬੈਠੀਆਂ ਤੇਲ ਕੰਪਨੀਆਂ ਕੋਲੋਂ ਉਹਨਾਂ ਦੀ ਕਮਾਈ ਲੈ ਕੇ ਦੇਵੇ। ਇਹ ਤੇਲ ਕੰਪਨੀਆਂ ਤੇਲ ਖੂਹ ਲਗਾਉਂਦੇ ਸਮੇਂ ਮਿਉਨਿਸਿਪੈਲਿਟੀਆਂ ਨੂੰ ਟੈਕਸ ਅਦਾ ਕਰਦੀਆਂ ਹਨ ਤੇ ਪਿਛਲੇ ਕਈ ਸਾਲਾਂ ਤੋਂ ਤੇਲ ਕੀਮਤਾਂ ਘੱਟ ਹੋਣ ਕਰਕੇ ਤੇ ਕੰਮ ਬੰਦ ਹੋਣ ਕਰਕੇ ਇਹ ਭੁਗਤਾਨ ਨਹੀਂ ਕੀਤਾ ਜਾ ਰਿਹਾ ਸੀ। ਸਾਲ 2018 ਤੋਂ ਬਾਦ ਭੁਗਤਾਨ ਨਾ ਕੀਤੇ ਜਾਣ ਕਰਕੇ ਇਹ ਰਕਮ ਦੁੱਗਣੀ ਹੋ ਚੁੱਕੀ ਹੈ।

## ਹੁਣ ਜੇ ਕੋਈ ਮਿਉਨਿਸਿਪੈਲਿਟੀ ਕੋਈ ਬਾਇ-ਲੌਅ ਲਿਆਉਂਦੀ ਹੈ ਤਾਂ ਉਸ ਤੋਂ ਪਹਿਲਾਂ ਉਸ ਨੂੰ ਮਨਿਸਟਰ ਤੋਂ ਪ੍ਰਵਾਨਗੀ ਲੈਣੀ ਪਵੇਗੀ।

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ)ਐਲਬਰਟਾ ਸਰਕਾਰ ਨੇ ਵਿਧਾਨਸਭਾ ਵਿੱਚ ਮਿਉਨਿਸਪਲ ਗਵਰਨਮੈਂਟ ਐਕਟ ਵਿੱਚ ਸੋਧ ਕਰਨ ਸੰਬੰਧੀ ਬਿਲ ਪੇਸ਼ ਕਰ ਦਿੱਤਾ ਹੈ। ਜੇ ਇਹ ਬਿਲ ਪਾਸ ਹੋ ਜਾਂਦਾ ਹੈ ਤਾਂ ਕੋਈ ਵੀ ਮਿਉਨਿਸਿਪੈਲਿਟੀ ਹੁਣ ਆਪਣੇ ਤੌਰ ‘ਤੇ ਸੂਬੇ ਦੇ ਨਿਯਮਾਂ ਤੋਂ ਬਾਹਰ ਜਾ ਕੇ ਮਾਸਕ ਲਾਗੂ ਕਰਨ ਜਾਂ ਵੈਕਸਿਨ ਪਰੂਫ਼ ਸੰਬੰਧੀ ਬਾਇ-ਲੌਅ ਨਹੀਂ ਬਣਾ ਸਕੇਗੀ। ਮਿਉਨਿਸਿਪਲ ਅਪੇਅਰਜ਼ ਮਨਿਸਟਰ ਰਿਕ ਮੈਕਾਇਵਰ ਵੱਲੋਂ ਇਹ ਬਿਲ ਪੇਸ਼ ਕੀਤਾ ਗਿਆ ਹੈ ਤੇ ਇਸ ਪਹਿਲੀ ਰੀਡਿੰਗ ਵਿੱਚ ਪਾਸ ਵੀ ਹੋ ਗਿਆ ਹੈ। ਬਿਲ ਦੇ ਪਾਸ ਹੋ ਜਾਣ ਮਗਰੋਂ ਜੇ ਕੋਈ ਮਿਉਨਿਸਿਪੈਲਿਟੀ ਇਸ ਸੰਬੰਧੀ ਬਾਇ-ਲੌਅ ਲਿਆਉਂਦੀ ਹੈ ਤਾਂ ਉਸ ਤੋਂ ਪਹਿਲਾਂ ਉਸ ਨੂੰ ਮਨਿਸਟਰ ਤੋਂ ਪ੍ਰਵਾਨਗੀ ਲੈਣੀ ਪਵੇਗੀ। ਮਨਿਸਟਰ ਪਹਿਲਾਂ ਚੀਫ਼ ਮੈਡਿਕਲ ਔਫਿਸਰ ਔਫ਼ ਹੈਲਥ ਨਾਲ ਗੱਲਬਾਤ ਕਰੇਗਾ ਤੇ ਉਸ ਮਗਰੋਂ ਹੀ ਕੋਈ ਫੈਸਲਾ ਲਿਆ ਜਾਵੇਗਾ। ਇਹ ਕਾਨੂੰਨ ਸਿਟੀ ਟ੍ਰਾਂਜ਼ਿਟ ਜਾਂ ਰੈਕ ਫੈਸਿਲਿਟੀਜ਼ ਵਿੱਚ ਲਾਗੂ ਨਹੀਂ ਹੋਵੇਗਾ। ਐਡਮੰਟਨ ਮੇਅਰ ਅਮਰਜੀਤ ਸੋਹੀ ਦਾ ਕਹਿਣਾ ਹੈ ਕਿ ਇਹ ਦਿਨ ਉਦਾਸ ਕਰ ਦੇਣ ਵਾਲਾ ਰਿਹਾ ਹੈ ਤੇ ਮਿਉਨਿਸਪੈਲਿਟੀਜ਼ ਨੂੰ ਬੱਚੇ ਸਮਝਿਆ ਗਿਆ ਹੈ।

## ਰੂਸ ਨੇ ਯੁਕਰੇਨ ਉਪਰ ਹਮਲਾਵਰ ਰੁੱਖ ਤੇਜ ਕਰ ਦਿੱਤਾ ਹੈ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਰੂਸ-ਯੁਕ੍ਰੇਨ ਦਰਮਿਆਨ ਚੱਲ ਰਹੀ ਜੰਗ ਅਜੇ ਖ਼ਤਮ ਹੋਣ ਵੱਲ ਨਹੀਂ ਵਧੀ ਹੈ ਤੇ ਵੱਡੀ ਗਿਣਤੀ ਵਿੱਚ ਰੂਸੀ ਫੌਜਾਂ ਨੇ ਰਾਸ਼ਟਰੀ ਰਾਜਧਾਨੀ ਕੀਵ ਦੇ ਆਲੇ ਦੁਆਲੇ ਘੇਰਾ ਹੋਰ ਮਜ਼ਬੂਤ ਕਰ ਲਿਆ ਹੈ। ਮੈਰਿਉਪੋਲ ਸ਼ਹਿਰ ਉੱਪਰ ਲਗਾਤਾਰ ਬੰਬਾਰੀ ਹੋਣ ਦੀਆਂ ਖ਼ਬਰਾਂ ਹਨ। ਸੈਟੇਲਾਇਟ ਤੋਂ ਹਾਸਲ ਤਸਵੀਰਾਂ ਤੋਂ ਪਤਾ ਲੱਗਿਆ ਹੈ ਕਿ ਰੂਸੀ ਫੌਜਾਂ ਨੇ ਰਾਜਧਾਨੀ ਦੇ ਨਾਲ ਲਗਦੇ ਸ਼ਹਿਰਾਂ ਤੇ ਕਸਬਿਆਂ ਵਿੱਚ ਫੈਲਾਅ ਕਰ ਲਿਆ ਹੈ ਜੰਗਲਾਂ ਵਿੱਚ ਸਾਜ਼ੋ-ਸਮਾਨ ਇਕੱਠਾ ਕੀਤਾ ਹੈ। ਪੈਦਲ ਫੌਜੀ ਅਤੇ ਬਖ਼ਤਰਬੰਦ ਗੱਡੀਆਂ ਜੰਗਲਾਂ ਵਿੱਚ ਤੈਨਾਤ ਹਨ ਤੇ ਉਹਨਾਂ ਨੂੰ ਰਾਜਧਾਨੀ ਕੀਵ ਵੱਲ ਨਿਸ਼ਾਨਾ ਬਣਾ ਕੇ ਫਿਕਸ ਕੀਤਾ ਜਾ ਰਿਹਾ ਹੈ। ਹਲਕੀਆਂ ਤੋਪਾਂ ਵੀ ਲਿਆਦੀਆਂ ਗਈਆਂ ਹੋਣ ਦੀ ਖ਼ਬਰ ਹੈ। ਪੂਰਾ ਦੇਸ਼ ਹੌਲੀ ਹੌਲੀ ਮਲਬੇ ਦੇ ਢੇਰ ਵਿੱਚ ਤਬਦੀਲ ਹੋ ਰਿਹਾ ਹੈ। ਗ੍ਰੌਸ਼ਰੀ ਸਟੋਰ ਅਤੇ ਫਾਰਮੇਸੀਆਂ ਖਾਲੀ ਹੋ ਗਈਆਂ ਹਨ ਤੇ ਭੋਜਨ ਦੀ ਕਮੀ ਹੋਣੀ ਸ਼ੁਰੂ ਹੋ ਗਈ ਹੈ।

## ਕਰੋਨਾ ਸਬੰਧੀ ਪਾਬੰਦੀਆਂ ਬਾਰੇ ਢਿੱਲਾਂ ਮਿਲਣੀਆਂ ਸ਼ੁਰੂ ਹੋਈਆਂ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ)ਬ੍ਰਿਟਿਸ਼ ਕੋਲੰਬੀਆ ਵਿੱਚ 11 ਮਾਰਚ ਤੋਂ ਸੂਬੇ ਭਰ ਵਿੱਚ ਮਾਸਕ ਪਾਉਣ ਦੀ ਲਾਜ਼ਿਮ ਸ਼ਰਤ ਹਟਾ ਦਿੱਤੀ ਗਈ ਹੈ। ਵੈਕਸਿਨ ਪਾਸਪੋਰਟ ਦਿਖਾਏ ਜਾਣ ਦੀ ਸ਼ਰਤ ਵੀ ਇਸੇ ਮਹੀਨੇ ਖ਼ਤਮ ਕਰ ਦੇਣ ਦਾ ਐਲਾਨ ਕੀਤਾ ਗਿਆ ਹੈ। ਸਾਰੀਆਂ ਇਨਡੋਰ ਸੈਟਿੰਗਜ਼ ਵਿੱਚ ਹੁਣ ਮਾਸਕ ਪਾਉਣਾ ਜ਼ਰੂਰੀ ਨਹੀਂ ਹੋਵੇਗਾ। ਲੌਂਗ ਟਰਮ ਕੇਅਰ ਵਿੱਚ ਵਿਜ਼ਿਟ ਕਰਨ ਵਾਸਤੇ 18 ਮਾਰਚ ਤੋਂ ਖੁੱਲ੍ਹਾਂ ਦਿੱਤੀਆਂ ਜਾ ਰਹੀਆਂ ਹਨ।

## ਹੁਣ ਜਦੋਂ ਕੈਨੀ ਸਾਹਿਬ ਬੋਲਣਗੇ ਤਾਂ ਸਰੋਤੇ ਫੋਨ ਕਾਲਾਂ ਜ਼ਰੀਏ ਕੀ ਕੁੱਝ ਤੋਲਣਗੇ ?

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਨੇ ਆਉਂਦੇ ਵੀਕ-ਐਂਡ ਤੋਂ ਆਪਣਾ ਕਾਲ-ਇਨ ਰੇਡੀ? ਪ੍ਰੋਗਰਾਮ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਕੈਲਗਰੀ ਵਿੱਚ ਇਹ ਪ੍ਰੋਗਰੈਮ ਸੀ ਐਚ ਕਿਉ ਆਰ 770 ‘ਤੇ ਅਤੇ ਐਡਮੰਟਨ ਵਿੱਚ ਸੀ ਐਚ ਈ ਡੀ 630 ‘ਤੇ ਪ੍ਰਸਾਰਿਤ ਕੀਤਾ ਜਾਇਆ ਕਰੇਗਾ। ਕੋਰਸ ਐਂਟਰਟੇਨਮੈਂਟ ਦਾ ਕਹਿਣਾ ਹੈ ਕਿ ਉਹ ਜੂਨ, 2020 ਤੋਂ ਹੀ ਇਸ ਪ੍ਰੋਗਰਾਮ ਦੀ ਰੂਪ-ਰੇਖਾ ਬਣਾ ਰਹੇ ਸਨ। ਇਸ ਪ੍ਰੋਗਰਾਮ ਵਿੱਚ ਸਰੋਤੇ ਕਾਲ ਕਰ ਸਕਿਆ ਕਰਨਗੇ। ਇਹ ਪ੍ਰੋਗਰਾਮ ਆਉਂਦੀਆਂ ਚੋਣਾਂ ਤੱਕ ਚੱਲੇਗਾ ਅਤੇ ਇਲੈਕਸ਼ਨ ਕੈਂਪੇਨ ਦੌਰਾਨ ਬੰਦ ਰਹੇਗਾ। ਜੇ ਜੇਸਨ ਕੈਨੀ ਲੀਡਰਸ਼ਿਪ ਰਿਵਿਊ ਵਿੱਚ ਹਾਰ ਜਾਂਦੇ ਹਨ ਤਾਂ ਇਸ ਪ੍ਰੋਗਰਾਮ ਬਾਰੇ ਦੁਬਾਰਾ ਸੋਚਿਆ ਜਾਵੇਗਾ।

## ਹੁਣ ਸੋਸਲ ਵਰਕਰ ਦੀ ਮੱਦਦ 24 ਸਾਲ ਦੀ ਉਮਰ ਤੱਕ ਮਿਲ ਸਕੇਗੀ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ)ਸਰਕਾਰੀ ਦੇਖ-ਰੇਖ ਵਿੱਚ ਰਹਿਣ ਵਾਲੇ ਨੌਜਵਾਨਾਂ ਨੂੰ 24 ਸਾਲ ਦੀ ਉਮਰ ਤੱਕ ਸੋਸ਼ਲ ਵਰਕਰਜ਼ ਦੀ ਸਹਾਇਤਾ ਮੁਹਈਆ ਕਰਵਾਉਣ ਲਈ ਐਲਬਰਟਾ ਸਰਕਾਰ ਸਹਿਮਤ ਹੋ ਗਈ ਹੈ। ਪਿਛਲੇ ਸਾਲ ਐਲਬਰਟਾ ਦੀ ਜੇਸਨ ਕੈਨੀ ਸਰਕਾਰ ਨੇ ਸਪੋਰਟ ਐਂਡ ਫਾਇਨੈਂਸ਼ਿਅਲ ਐਸਿਸਟੈਂਸ ਐਗਰੀਮੈਂਟ – ਐਸ ਐਫ਼ ਏ ਏ ਤਹਿਤ ਘੱਟੋ ਘੱਟ ਉਮਰ 24 ਸਾਲ ਤੋਂ ਘਟਾ ਕੇ 22 ਸਾਲ ਕਰ ਦਿੱਤੀ ਸੀ। ਇਸ ਦੀ ਥਾਂ ਸਰਕਾਰ ਨੇ ਨਵਾਂ, ਟ੍ਰੈਂਜ਼ਿਸ਼ਨ ਟੂ ਐਡਲਟਹੁਡ ਪ੍ਰੋਗਰੈਮ –ਟੀ ਏ ਪੀ ਲਿਆਂਦਾ ਹੈ ਜਿਹੜਾ 4 ਅਪਰੈਲ ਤੋਂ ਸ਼ੁਰੂ ਹੋ ਰਿਹਾ ਹੈ। ਹੁਣ ਇਸ ਤਹਿਤ ਕਵਰ ਕੀਤੇ ਜਾਣ ਵਾਲੇ ਨੌਜਵਾਨਾਂ ਦੀ ਉਮਰ 18 ਤੋਂ 24 ਸਾਲ ਕਰ ਦਿੱਤੀ ਗਈ ਹੈ। ਇਸ ਤਹਿਤ ਵਿੱਤੀ ਸਹਾਇਤਾ 1810 ਡਾਲਰ ਪ੍ਰਤੀ ਮਹੀਨਾ 22 ਸਾਲ ਦੀ ਉਮਰ ਤੱਕ ਮਿਲੇਗੀ ਪਰ ਸੋਸ਼ਲ ਵਰਕਰਜ਼ ਦੀ ਮੱਦਦ 24 ਸਾਲ ਤੱਕ ਮਿਲਦੀ ਰਹੇਗੀ। ਇਸ ਪ੍ਰੋਗਰਾਮ ਦੀਆਂ ਵਧੇਰੇ ਡਿਟੇਲਜ਼ ਬਾਦ ਵਿੱਚ ਜਾਰੀ ਕੀਤੀਆਂ ਜਾਣਗੀਆਂ।

## ਕੈਲਗਰੀ ਦਾ ਨਗਰ ਕੀਰਤਨ 14 ਮਈ ਨੂੰ ਹੋਵੇਗਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚ ਵਿਸਾਖੀ ਦੇ ਮੌਕੇ ਤੇ ਸਜਾਇਆ ਜਾਣ ਵਾਲਾ ਵਿਸ਼ਾਲ ਨਗਰ ਕੀਰਤਨ ਇਸ ਵਾਰ ਫੇਰ ਨਹੀਂ ਹੋਵੇਗਾ। ਇਹ ਨਗਰ ਕੀਰਤਨ ਗੁਰਦੁਆਰਾ ਦਸਮੇਸ਼ ਦਰਬਾਰ ਵੱਲੋਂ 23 ਅਪ੍ਰੈਲ ਨੂੰ ਸਜਾਇਆ ਜਾਣਾ ਸੀ। ਗੁਰਦੁਆਰਾ ਦਸਮੇਸ਼ ਦਰਬਾਰ ਸਰੀ ਦੇ ਪ੍ਰਧਾਨ ਮਨਿੰਦਰ ਸਿੰਘ ਦਾ ਕਹਿਣਾ ਹੈ ਕਿ ਕੋਰੋਨਾ ਵਾਇਰਸ ਕਾਰਨ ਜ਼ਰੂਰੀ ਸਿਹਤ ਨਿਰਦੇਸ਼ ਨਿੱਤ ਦਿਨ ਬਦਲਦੇ ਰਹਿੰਦੇ ਹਨ ਅਤੇ ਅਨਿਸ਼ਚਤਾ ਦੇ ਮਾਹੌਲ ਵਿਚ ਇਸ ਨਗਰ ਕੀਰਤਨ ਨੂੰ ਰੱਦ ਕਰ ਦਿੱਤਾ ਗਿਆ ਹੈ। ਕੈਲਗਰੀ ਵਿੱਚ ਗੁਰਦੁਆਰਾ ਦਸ਼ਮੇਸ਼ ਕਲਚਰ ਸੈਂਟਰ ਦੇ ਪ੍ਰਬੰਧਕਾਂ ਵੱਲੋਂ ਇਸ ਸਾਲ ਦਾ ਨਗਰ ਕੀਰਤਨ 14 ਮਈ, ਸ਼ਨੀਵਾਰ ਨੂੰ ਕਰਵਾਏ ਜਾਣ ਦਾ ਫੈਸਲਾ ਲਿਆ ਗਿਆ ਹੈ। ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਅਮਨਪ੍ਰੀਤ ਸਿੰਘ ਗਿੱਲ ਦੇ ਅਨੁਸਾਰ ਇਸ ਸੰਬੰਧੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਨਗਰ ਕੀਰਤਨ ਗੁਰੂ ਘਰ ਤੋਂ ਚੱਲ ਕੇ ਪ੍ਰੇਅਰੀ ਵਿੰਡਜ਼ ਪਾਰਕ ਵਿੱਚ ਖ਼ਤਮ ਹੋਵੇਗਾ ਤੇ ਮੁੱਖ ਸਮਾਗਮ ਵੀ ਉੱਥੇ ਹੀ ਰੱਖਿਆ ਗਿਆ ਹੈ।

## ਹੁਣ ਮੇਲਿਆਂ ਦੇ ਮੇਲੀ ਭੰਗ ਦੇ ਨਜ਼ਾਰੇ ਲੈ ਸਕਣਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)ਐਲਬਰਟਾ ਵਿੱਚ ਹੋਣ ਵਾਲੇ ਸਾਰੇ ‘ਸਮਰ ਮਿਉਜ਼ਿਕਲ ਇਵੈਂਟਸ’ ਵਿੱਚ ਹਿੱਸਾ ਲੈਣ ਵਾਲੇ ਸੂਬਾ ਵਾਸੀਆਂ ਦੀ ਸਹੂਲਤ ਵਾਸਤੇ ਉਹਨਾਂ ਨੂੰ ਮੌਕੇ ‘ਤੇ ਹੀ ਭੰਗ ਅਤੇ ਭੰਗ ਤੋਂ ਬਣੀਆਂ ਹੋਰ ਵਸਤਾਂ ਦੀ ਸਪਲਾਇ ਮੌਕੇ ‘ਤੇ ਹੀ ਕਰਨ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਹੁਣ ਮਿਉਜ਼ਿਕ ਇਵੈਂਟ ਦਾ ਆਨੰਦ ਲੈ ਰਹੇ ਲੋਕਾਂ ਨੂੰ ਇੱਕ ਨਿਰਧਾਰਿਤ ਸਥਾਨ ‘ਤੇ ਇਹਨਾਂ ਵਸਤਾਂ ਦੀ ਸਪਲਾਇ ਕੀਤੀ ਜਾ ਸਕੇਗੀ ਤੇ ਉਹਨਾਂ ਨੂੰ ਦੂਰ ਜਾਣ ਦੀ ਲੋੜ ਨਹੀਂ ਹੋਵੇਗੀ। ਪ੍ਰਾਇਵੇਟ ਰੀਲਟੇਲਜ਼ ਨੂੰ ਭੰਗ ਅਤੇ ਭੰਗ ਤੋਂ ਬਣੀਆਂ ਵਸਤਾਂ ਦੀ ਔਨਲਾਇਨ ਵਿਕਰੀ ਦੀ ਆਗਿਆ ਦੇ ਦਿੱਤੀ ਗਈ ਹੈ ਤਾਂ ਕਿ ਇਹ ਵਸਤਾਂ ਖਰੀਦਣ ਵਾਲਿਆਂ ਨੂੰ ਦੁਕਾਨ ‘ਤੇ ਨਾ ਜਾਣਾ ਪਵੇ ਤੇ ਇਹ ਵਸਤਾਂ ਉਹਨਾਂ ਨੂੰ ਘਰਾਂ ਵਿੱਚ ਹੀ ਸਪਲਾਇ ਹੋ ਜਾਣ। ਇਹ ਸਮਾਨ ਲਿਕਰ ਦੇ ਨਾਲ ਨਹੀਂ ਵੇਚਿਆ ਜਾ ਸਕੇਗਾ। ਮਿਉਨਿਸਪਿਲੈਟੀਆਂ ਇਸ ਸੰਬੰਧੀ ਆਪਣੇ ਨਿਯਮ ਬਣਾ ਸਕਦੀਆਂ ਹਨ।

## ਪਹਾੜੀ ਤੋਂ ਡਿੱਗੇ ਪੱਥਰ ਨੇ ਇੱਕ ਵਿਅਕਤੀ ਦੀ ਜਾਨ ਲਈ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ)ਬ੍ਰਿਟਿਸ਼ ਕੋਲੰਬੀਆ ਦੇ ਗੋਲਡਨ ਦੇ ਪੂਰਬ ਵੱਲ ਇੱਕ ਪਹਾੜੀ ਤੋਂ ਡਿੱਗੇ ਇੱਕ ਵੱਡੇ ਪੱਥਰ ਨੇ ਇੱਕ ਵਿਅਕਤੀ ਦੀ ਜਾਨ ਲੈ ਲਈ ਹੈ। ਗੋਲਡਨ ਆਰ ਸੀ ਐਮ ਪੀ ਦਾ ਕਹਿਣਾ ਹੈ ਕਿ ਲੰਘੀ 4 ਮਾਰਚ ਦੀ ਬਾਦ ਦੁਪਹਿਰ ਪੌਣੇ ਚਾਰ ਵਜੇ ਦੇ ਕਰੀਬ ਕਿਕਿੰਗ ਹੋਰਸ ਕੈਨਿਅਨ ‘ਤੇ ਇਹ ਹਾਦਸਾ ਹੋਇਆ। ਮੈਡਿਕਲ, ਫਾਇਰ ਅਤੇ ਹਾਇਵੇਅ ਸਰਵਿਸਿਜ਼ ਵਾਲਿਆਂ ਨੇ ਮੌਕੇ ‘ਤੇ ਪਹੁੰਚ ‘ਤੇ ਪੱਥਰ ਹੇਠ ਆਈ ਗੱਡੀ ‘ਤੇ ਉਸ ਵਿੱਚ ਫਸੇ ਵਿਅਕਤੀ ਨੂੰ ਪਹਿਲਾਂ ਸੁਖਿਅਤ ਇਲਾਕੇ ਪਹੁੰਚਾਇਆ ‘ਤੇ ਮਗਰੋਂ ਉਸ ਨੂੰ ਗੱਡੀ ਵਿੱਚੋਂ ਕੱਢਿਆ ਗਿਆ। ਉਸ ਨੂੰ ਗੋਲਡਨ ਐਂਡ ਡਿਸਟ੍ਰਿਕਟ ਹੌਸਪਿਟਲ ਪਹੁੰਚਾਇਆ ਗਿਆ ਜਿੱਥੇ ਉਹ ਛੇਤੀ ਮਗਰੋਂ ਦਮ ਤੋੜ ਗਿਆ।



PUNJABI SWEETS
HOUSE & RESTAURANT
TAKE OUT
We do catering also
ALL KINDS OF SWEETS NON-VEG & VEGI FOOD
FAST & BEST FRIENDLY SERVICE
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੌਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ ’ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir. N.E. T3J 0C9



Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ

Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1



ਮੇਰੇ ਰਾਹੀਂ ਆਪਣਾ ਘਰ ਵੇਚੋ ਅਤੇ ਕਮਿਸ਼ਨ ਉੱਪਰ ਹਜਾਰਾਂ ਡਾਲਰ ਬਚਾਓ !
Call for your home BUYING & SELLING needs
ਭਾਵੇਂ ਤੁਸੀਂ ਘਰ ਖਰੀਦ ਰਹੇ ਹੋ ਜਾਂ ਵੇਚ ਰਹੇ ਹੋ ਪਰ ਡਾਲਰਾਂ ਦੀ ਬੱਚਤ ਤੋਂ ਸਿਰਫ ਇੱਕ ਫੋਨ ਕਾਲ ਦੂਰ ਹੀ ਹੋ !
urban Real Estate Services Ltd.


Akshay Kapoor
REALTOR®
403 891 0005




An Efficient Mortgage / Home Financing Process Contact Kulwant Manhas
ਕਨੇਡਾ ਵਿੱਚ ਨਵੇਂ ਆਏ ਹੋ, ਘਰ ਖਰੀਦਣਾ ਚਾਹੁੰਦੇ ਹੋ ਜਾਂ ਰੀ ਫਾਇਨਾਂਸ ਕਰਵਾਉਣਾ ਹੈ ਤਾਂ ਕੁਲਵੰਤ ਮਨਹਾਸ ਨੂੰ ਮਿਲੋ
Scotiabank
Kulwant S. Manhas
Home Financing Advisor
C: (587)-899-2093
E: kulwant.Manhas@scotiabank.com
Specializing in:
• Home Buyers
• Refinancing
• New to Canada
• Construction Draws




Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ

ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

# ਮਹਿਲਾ ਸ਼ਕਤੀ: 13 ਮਹਿਲਾਵਾਂ ਨੇ ਪੁਰਸ਼ ਉਮੀਦਵਾਰ ਪਛਾੜੇ


ਜੀਵਨਜੋਤ ਕੌਰ


ਨਰਿੰਦਰ ਕੌਰ ਭਰਾਜ


ਅਨਮੋਲ ਗਗਨ ਮਾਨ


ਡਾ. ਬਲਜੀਤ ਕੌਰ

ਬੰਗਾ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਵਿਧਾਨ ਸਭਾ ਦੇ ਸੂਬਾਈ ਨਤੀਜਿਆਂ ਵਿੱਚ ਮਹਿਲਾ ਉਮੀਦਵਾਰਾਂ ਨੇ ਵੀ ਵੱਡੇ ਅੰਤਰ ਨਾਲ ਜਿੱਤਾਂ ਪ੍ਰਾਪਤ ਕਰਕੇ ਮਹਿਲਾ ਸ਼ਕਤੀਕਰਨ ਦਾ ਪ੍ਰਮਾਣ ਦਿੱਤਾ ਹੈ। ਵੱਡੀ ਗੱਲ ਇਹ ਰਹੀ ਕਿ ਵਿਧਾਇਕ ਬਣੀਆਂ 13 ਮਹਿਲਾਵਾਂ ਨੇ ਇਹ ਜਿੱਤ ਪੁਰਸ਼ ਉਮੀਦਵਾਰਾਂ ਨੂੰ ਪਛਾੜ ਕੇ ਹਾਸਲ ਕੀਤੀ ਹੈ। ਇਨ੍ਹਾਂ ਵਿੱਚ ਅੰਮ੍ਰਿਤਸਰ (ਪੂਰਬੀ) ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਜੀਵਨਜੋਤ ਕੌਰ ਦਾ ਦੋ ਦਿੱਗਜ ਆਗੂਆਂ ਨਵਜੋਤ ਸਿੰਘ ਸਿੱਧੂ ਤੇ ਬਿਕਰਮ ਸਿੰਘ ਮਜੀਠੀਆ ਨੂੰ ਹਰਾਉਣਾ ਸ਼ਾਮਲ ਹੈ। ਇਵੇਂ ਹੀ ਸੰਗਰੂਰ ਤੋਂ 'ਆਪ' ਉਮੀਦਵਾਰ ਨਰਿੰਦਰ ਕੌਰ ਭਰਾਜ ਨੇ ਸਾਬਕਾ ਵਜ਼ੀਰ ਵਿਜੈਇੰਦਰ ਸਿੰਗਲਾ ਨੂੰ ਮਾਤ ਦਿੱਤੀ ਹੈ। ਪੰਜਾਬ ਵਿੱਚੋਂ ਬਾਕੀ ਹਲਕਿਆਂ ਦੇ ਮੁਕਾਬਲੇ ਰਾਖਵਾਂ ਹਲਕਾ ਮਲੋਟ ਤੋਂ ਡਾ. ਬਲਜੀਤ ਕੌਰ 'ਆਪ' ਵੱਲੋਂ 40261 ਵੋਟਾਂ ਦੇ ਵੱਡੇ ਫਰਕ ਨਾਲ ਜਿੱਤ ਹਾਸਲ ਕਰਨ ਦਾ ਰਿਕਾਰਡ ਬਣਾਇਆ ਗਿਆ ਹੈ। 'ਆਪ' ਦੀ ਟਿਕਟ ਤੋਂ ਜਿੱਤ ਹਾਸਲ ਕਰਨ ਵਾਲੀਆਂ ਮਹਿਲਾਵਾਂ ਵਿੱਚ ਖਰੜ ਤੋਂ ਅਨਮੋਲ ਗਗਨ ਮਾਨ, ਜਗਰਾਉਂ ਤੋਂ ਸਰਬਜੀਤ ਕੌਰ ਮਾਣੂੰਕੇ, ਤਲਵੰਡੀ ਸਾਬੋ ਤੋਂ ਪ੍ਰੋ. ਬਲਜਿੰਦਰ ਕੌਰ, ਨਕੋਦਰ ਤੋਂ ਇੰਦਰਜੀਤ ਕੌਰ, ਲੁਧਿਆਣਾ ਦੱਖਣੀ ਤੋਂ ਰਾਜਿੰਦਰ ਕੌਰ ਛੀਨਾ, ਮੋਗਾ ਤੋਂ ਡਾ. ਅਮਨਦੀਪ ਕੌਰ ਅਰੋੜਾ, ਰਾਜਪੁਰਾ ਤੋਂ ਨੀਨਾ ਮਿੱਤਲ, ਬਲਾਚੌਰ ਤੋਂ ਸੰਤੋਸ਼ ਕਟਾਰੀਆ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਰਾਖਵਾਂ ਹਲਕਾ ਦੀਨਾ ਨਗਰ ਤੋਂ ਕਾਂਗਰਸ ਦੇ ਸਾਬਕਾ ਵਜ਼ੀਰ ਅਰੁਣਾ ਚੌਧਰੀ ਮੁੜ ਅਤੇ ਹਲਕਾ ਮਜੀਠਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਗਨੀਵ ਕੌਰ ਮਜੀਠਾ ਪਹਿਲੀ ਵਾਰ ਚੋਣ ਜਿੱਤੇ ਹਨ।

# 'ਆਪ' ਦੀ ਜਿੱਤ ਨਾਲ ਵਿਦੇਸ਼ੀ ਸਿੱਖ ਹੋਏ ਬਾਗੋ-ਬਾਗ, ਭਗਵੰਤ ਮਾਨ ਦੀ ਸਮੁੱਚੀ ਟੀਮ ਨੂੰ ਦਿੱਤੀਆਂ ਸ਼ੁੱਭਕਾਮਨਾਵਾਂ

ਲੰਡਨ (ਪੰਜਾਬੀ ਅਖਬਾਰ ਬਿਊਰੋ)- ਭਾਵੇਂ ਕਿ ਪੰਜਾਬ 'ਚ 'ਆਮ ਆਦਮੀ ਪਾਰਟੀ' ਦੀ ਸਰਕਾਰ ਨੂੰ ਮੁਕੰਮਲ ਬਹੁਮਤ ਮਿਲ ਗਿਆ ਹੈ ਪਰ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਹੋਈ ਸ਼ਰਮਨਾਕ ਹਾਰ ਲਈ ਵਿਦੇਸ਼ੀ ਸਿੱਖਾਂ ਨੇ ਖੁਸ਼ੀ ਮਨਾਈ ਹੈ। ਪੰਜਾਬ 'ਆਪ' ਦੇ ਮੁੱਖੀ ਭਗਵੰਤ ਮਾਨ ਤੇ ਸਮੁੱਚੇ ਪੰਜਾਬ ਵਿੱਚ ਨੌਜਵਾਨਾਂ ਦੇ ਜਿੱਤਣ ਨਾਲ ਨਵੇਂ ਪੰਜਾਬ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ ਗਈਆਂ ਹਨ। ਅਕਾਲੀ ਦਲ ਦੀ ਸਰਕਾਰ ਸਮੇਂ ਪੰਜਾਬ 'ਚ ਬਰਗਾੜੀ ਤੇ ਹੋਰ ਥਾਂਵਾਂ ਤੇ ਹੋਈਆ ਅਣ-ਗਿਣਤ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਲਈ ਬਾਦਲ ਸਰਕਾਰ ਸਿੱਧੇ ਅਸਿੱਧੇ ਰੂਪ 'ਚ ਸ਼ਾਮਲ ਹੋਣ ਅਤੇ ਡੇਰਾ ਮੁੱਖੀ ਰਾਮ ਰਹੀਮ ਨੂੰ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਣ ਤੇ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਵਲੋਂ ਮੁਆਫ਼ੀ ਦੇਣ ਤੇ ਵਿਦੇਸ਼ੀ ਸਿੱਖਾਂ 'ਚ ਭਾਰੀ ਰੋਸ ਸੀ। ਵਿਦੇਸਾਂ 'ਚ ਬੈਠੇ ਇਹ ਸਿੱਖ ਪੰਥਕ ਅਖਵਾਉਣ ਵਾਲੀ ਬਾਦਲ ਸਰਕਾਰ 'ਤੇ ਅਦਾਲਤਾਂ 'ਚ ਬਾਦਲਾਂ ਖ਼ਿਲਾਫ਼ ਕੁਝ ਨਾ ਕਰ ਸਕੇ ਪਰ ਅਰਦਾਸਾਂ ਤੇ ਭਰੋਸਾ ਹੋਣ, ਪੰਜਾਬ ਦੇ ਲੋਕਾਂ ਨੇ ਦਿੱਤੇ ਵੋਟ ਫ਼ਤਵੇ ਅਤੇ ਬਾਦਲ ਪਰਿਵਾਰ ਦੇ ਅਤੇ ਸਮੁੱਚੀ ਲੀਡਰਸ਼ਿਪ ਦੇ ਧੜਗੱਜ਼ ਲੀਡਰਾਂ ਦੇ ਇੱਕ ਤੋਂ ਬਾਅਦ ਡਿੱਗਣ ਦੀਆਂ ਖ਼ਬਰਾਂ ਨੇ ਸਿੱਖਾਂ 'ਚ ਖੁਸ਼ੀ ਦੀ ਲਹਿਰ ਦੌੜ ਗਈ। ਪੰਜਾਬ ਦੀ ਸਿਆਸਤ 'ਚ ਖ਼ਾਲਿਸਤਾਨ ਧਿਰਾਂ ਤੇ ਸਮਰਥੱਕਾਂ ਵਲੋ ਲਈ ਗਈ ਡੂੰਘੀ ਦਿਲਚਸਪੀ ਨੇ ਪੰਜਾਬ ਵਿਚਲੀ ਸਿਆਸਤ ਨੂੰ ਹਲੂਣਾ ਦਿੱਤਾ ਗਿਆ। ਦਿੱਲੀ ਦੇ ਕਿਸਾਨ ਮੋਰਚੇ ਦੀ ਸਫ਼ਲਤਾ ਤੋਂ ਬਾਅਦ ਵਿਦੇਸ਼ੀ ਸਿੱਖ ਪੰਜਾਬ 'ਚ ਬਦਲਾਓ ਚਾਹੁੰਦੇ ਸਨ ਪਰ ਕਿਸਾਨ ਆਗੂਆਂ ਦੀ ਬੇਰੁੱਖੀ ਕਾਰਨ ਵਿਦੇਸ਼ੀ ਵੱਸਦੇ ਸਿੱਖਾਂ ਨੇ ਸ਼੍ਰੋਮਣੀ ਅਕਾਲੀ ਦਲ ਬਾਦਲ, ਭਾਜਪਾ, ਕਾਂਗਰਸ ਤੇ ਕਿਸਾਨ ਆਗੂਆਂ ਤੋਂ ਲਾਂਭੇ ਹੋ ਕੇ ਆਮ ਆਦਮੀ ਪਾਰਟੀ ਤੇ ਖ਼ਾਲਿਸਤਾਨ ਧਿਰਾਂ ਨੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੂੰ ਜਿਤਾਉਣ ਲਈ ਜ਼ੋਰ ਲਗਾ ਦਿੱਤਾ ਜਿਸ ਦਾ ਨਤੀਜਾ ਵੇਖ ਵਿਦੇਸ਼ੀ ਸਿੱਖ ਬਾਗੋ-ਬਾਗ ਹੋ ਗਏ।



# ਇਸ਼ਕ-ਏ-ਸਿਸਵਾਂ ਲੈ ਡੁੱਬਾ 'ਕੈਪਟਨ' ਨੂੰ


ਜਲੰਧਰ – ਪੰਜਾਬ 'ਚ ਪਿਛਲੇ 5 ਸਾਲਾਂ 'ਚ ਕਾਂਗਰਸ ਦੀ ਸਰਕਾਰ ਰਹੀ ਅਤੇ ਪਹਿਲੇ ਸਾਢੇ 4 ਸਾਲ ਕੈਪਟਨ ਅਮਰਿੰਦਰ ਸਿੰਘ ਸੂਬੇ ਦੇ ਮੁੱਖ ਮੰਤਰੀ ਰਹੇ। ਬਾਅਦ 'ਚ ਕੈਪਟਨ ਨੂੰ ਹਟਾ ਕੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾ ਦਿੱਤਾ ਗਿਆ। ਪੰਜਾਬ 'ਚ ਕਾਂਗਰਸ ਦੀ ਹਾਰ ਦਾ ਇੱਕ ਵੱਡਾ ਕਾਰਨ ਕੈਪਟਨ ਨੂੰ ਵੀ ਮੰਨਿਆ ਜਾਂਦਾ ਹੈ, ਕਿਉਂਕਿ ਪਹਿਲੇ ਸਾਢੇ 4 ਸਾਲ ਕੁਝ ਨਹੀਂ ਹੋਇਆ। ਕੈਪਟਨ ਨੇ ਉਦੋਂ ਵੀ ਸਿਸਵਾਂ ਫ਼ਾਰਮ ਦੇ ਨਾਲ ਆਪਣਾ 'ਇਸ਼ਕ' ਨਹੀਂ ਛੱਡਿਆ ਅਤੇ ਜਦੋਂ ਕਾਂਗਰਸ ਤੋਂ ਬਾਹਰ ਹੋ ਗਏ ਅਤੇ ਭਾਜਪਾ ਦਾ ਪੱਲਾ ਫ਼ੜ ਲਿਆ ਤਾਂ ਵੀ ਉਹ ਸਿਸਵਾਂ ਫ਼ਾਰਮ ਤੋਂ ਬਾਹਰ ਨਹੀਂ ਨਿਕਲੇ। ਕਿੱਥੇ ਵੱਡੀਆਂ ਸਿਆਸੀ ਪਾਰਟੀਆਂ ਦੇ ਵੱਡੇ-ਵੱਡੇ ਆਗੂ ਲੋਕਾਂ 'ਚ ਜਾ ਕੇ ਵੋਟਾਂ ਮੰਗ ਰਹੇ ਸਨ ਅਤੇ ਕਿੱਥੇ ਕੈਪਟਨ ਅਮਰਿੰਦਰ ਸਿੰਘ ਸਿਸਵਾਂ ਫ਼ਾਰਮ 'ਚ ਆਰਾਮ ਫ਼ਰਮਾਉਂਦੇ ਜਾਂ ਆਪਣੇ ਕਰੀਬੀ ਲੋਕਾਂ ਦੇ ਨਾਲ ਵਿਚਾਰ-ਵਟਾਂਦਰੇ ਕਰਦੇ ਰਹਿੰਦੇ। ਇਹ ਸਭ ਫ਼ਾਰਮ ਹਾਊਸ 'ਚ ਚੱਲਦਾ ਰਹਿੰਦਾ। ਜੇਕਰ ਕਾਂਗਰਸ ਤੋਂ ਬਾਹਰ ਆ ਕੇ ਕੈਪਟਨ ਨੇ ਥੋੜ੍ਹੀ ਮਿਹਨਤ ਕੀਤੀ ਹੁੰਦੀ ਤਾਂ ਸ਼ਾਇਦ ਅੱਜ ਹਾਰ ਦਾ ਮੂੰਹ ਨਾ ਵੇਖਣਾ ਪੈਂਦਾ। ਕੈਪਟਨ ਅਮਰਿੰਦਰ ਸਿੰਘ ਖੁਦ ਤਾਂ ਚੋਣ ਹਾਰ ਗਏ ਪਰ ਨਵਜੋਤ ਸਿੰਘ ਸਿੱਧੂ ਨੂੰ ਹਰਾਉਣ ਦੀ ਉਨ੍ਹਾਂ ਦੀ ਇੱਛਾ ਜ਼ਰੂਰ ਪੂਰੀ ਹੋ ਗਈ। ਕਾਂਗਰਸ ਤੋਂ ਅਸਤੀਫ਼ਾ ਦੇਣ ਤੋਂ ਬਾਅਦ ਉਨ੍ਹਾਂ ਨੇ ਦਾਅਵਾ ਕੀਤਾ ਸੀ ਕਿ ਉਹ ਸਿੱਧੂ ਨੂੰ ਚੋਣ ਜਿੱਤਣ ਨਹੀਂ ਦੇਣਗੇ। ਹੁਣ ਸਿੱਧੂ ਨੂੰ ਹਰਾਉਣ 'ਚ ਕੈਪਟਨ ਦਾ ਕੋਈ ਹੱਥ ਤਾਂ ਨਹੀਂ ਪਰ ਉਨ੍ਹਾਂ ਦੀ ਇੱਛਾ ਜ਼ਰੂਰ ਪੂਰੀ ਹੋ ਗਈ। ਕੈਪਟਨ ਨੇ 2017 'ਚ ਇਹ ਵੀ ਐਲਾਨ ਕੀਤਾ ਸੀ ਕਿ ਇਹ ਉਨ੍ਹਾਂ ਦੀ ਆਖਰੀ ਚੋਣ ਹੋਵੇਗੀ ਪਰ ਸ਼ਾਇਦ ਉਹ ਉਨ੍ਹਾਂ ਦੀ ਆਖਰੀ ਜਿੱਤ ਸੀ।

ਪੰਜਾਬ 'ਚ ਕਦੇ ਮੁੱਖ ਮੰਤਰੀ ਵਰਗੇ ਅਹਿਮ ਅਹੁਦੇ 'ਤੇ ਰਹੇ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੀ ਸਿਆਸਤ 'ਚ ਹੁਣ ਕੀ ਕਰਨਗੇ, ਇਹ ਵੱਡਾ ਸਵਾਲ ਹੈ। ਪੰਜਾਬ ਲੋਕ ਕਾਂਗਰਸ ਨਾਂ ਦੀ ਪਾਰਟੀ ਖੜ੍ਹੀ ਕਰਨ ਤੋਂ ਬਾਅਦ ਭਾਜਪਾ ਨਾਲ ਗਠਜੋੜ ਤਾਂ ਕਰ ਲਿਆ ਪਰ ਮੈਦਾਨ 'ਚ ਉਤਾਰਣ ਲਈ ਉਮੀਦਵਾਰ ਬੜੀ ਮੁਸ਼ਕਿਲ ਨਾਲ ਮਿਲੇ। ਹੁਣ ਕੈਪਟਨ ਦੀ ਸਿਆਸਤ ਕੀ ਰਹੇਗੀ, ਇਹ ਵੱਡਾ ਸਵਾਲ ਹੈ।



## ਅਲਬਰਟਾ ਸੂਬਾ ਯੂਕਰੇਨ ਦੀ ਮੱਦਦ ਲਈ ਅੱਗੇ ਆਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਨੇ ਐਲਾਨ ਕੀਤਾ ਹੈ ਕਿ ਸੂਬਾ ਸਰਕਾਰ ਰੂਸ ਦੇ ਹਮਲੇ ਦਾ ਸ਼ਿਕਾਰ ਹੋਏ ਯੂਕ੍ਰੇਨ ਵਾਸਤੇ 10 ਮਿਲੀਅਨ ਡੌਲਰਜ਼ ਦੀ ਸਹਾਇਤਾ ਰਾਸ਼ੀ ਭੇਜ ਰਿਹਾ ਹੈ। ਇਸ ਵਿੱਚ 5 ਮਿਲੀਅਨ ਡੌਲਰਜ਼ ਦੀ ਰਕਮ ਗ਼ੈਰ-ਮਾਰੂ ਹਥਿਆਰਾਂ ਦੀ ਖ਼ਰੀਦ ਵਾਸਤੇ ਸ਼ਾਮਿਲ ਹੈ। ਪ੍ਰੀਮੀਅਰ ਕੈਨੀ ਨੇ ਕਿਹਾ ਕਿ ਸੂਬਾ ਸਰਕਾਰਾਂ ਦੂਜਿਆਂ ਮੁਲਕਾਂ ਨਾਲ ਸਿੱਧਾ ਸੰਬੰਧ ਸਥਾਪਿਤ ਨਹੀਂ ਕਰ ਸਕਦੀਆਂ ਪਰ ਐਲਬਰਟਾ ਅਤੇ ਯੂਕ੍ਰੇਨ ਵਿਚਕਾਰ ਆਪਣੀ ਸਦਭਾਵਨਾ ਪਹਿਲਾਂ ਤੋਂ ਕਾਇਮ ਹੈ ਜਿਸ ਕਰਕੇ ਇਹ ਕਦਮ ਚੁੱਕਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਬਾਕੀ 5 ਮਿਲੀਅਨ ਡੌਲਰਜ਼ ਦੀ ਰਕਮ ਮਨੁੱਖੀ ਕਾਰਜਾਂ ਉੱਪਰ ਖ਼ਰਚ ਕੀਤੀ ਜਾ ਸਕੇਗੀ। ਇਹ ਰਕਮ ਕੈਨੇਡਾ-ਯੂਕ੍ਰੇਨ ਫਾਉਂਡੇਸ਼ਨ ਨੂੰ ਦਿੱਤੀ ਜਾਵੇਗੀ। ਇਸ ਤੋਂ ਅਲਾਵਾ 3 ਲੱਖ 60 ਹਜ਼ਾਰ ਡੌਲਰਜ਼ ਦੀ ਰਕਮ ਯੁਕ੍ਰੇਨੀਅਨ-ਕੈਨੇਡੀਅਨ ਕੌਂਗਰੈਂਸ ਵੱਲ ਵੀ ਭੇਜੀ ਜਾਵੇਗੀ।













# ਅਣਜਾਣ ਚਿਹਰਿਆਂ ਨੇ ਵੱਡੇ ਆਗੂਆਂ ਨੂੰ ਚਿੱਤ ਕੀਤਾ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਦੇ ਅਸਲ ਨਾਇਕ ਉਹ ਹਨ, ਜਿਨ੍ਹਾਂ ਨੇ ਵੱਡੇ ਸਿਆਸੀ ਆਗੂਆਂ ਨੂੰ ਚਿੱਤ ਕੀਤਾ ਹੈ। ਇਹ ਸਭ ਅਣਜਾਣ ਚਿਹਰੇ ਹਨ ਅਤੇ ਉਨ੍ਹਾਂ ਨੇ ਰਾਜਸੀ ਪਿੜ ਵਿੱਚ ਪਹਿਲਾ ਪੈਰ ਰੱਖਿਆ ਹੈ, ਜੋ ਯਾਦਗਾਰੀ ਬਣ ਗਿਆ ਹੈ। ਹਲਕਾ ਭਦੌੜ ਤੋਂ ਦੋ ਕਮਰਿਆਂ ਦੇ ਘਰ ਦੇ ਬਾਸ਼ਿਦੇ 'ਆਪ' ਦੇ ਉਮੀਦਵਾਰ ਲਾਭ ਸਿੰਘ ਉੱਗੋਕੇ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਹਰਾ ਦਿੱਤਾ ਹੈ। ਚੰਨੀ ਕੋਲ ਕਰੋੜਾਂ ਦੀ ਸੰਪਤੀ ਹੈ ਅਤੇ ਕਾਂਗਰਸ ਦੀ ਟੇਕ ਚੰਨੀ 'ਤੇ ਲੱਗੀ ਹੋਈ ਸੀ। ਰਾਖਵੇਂ ਹਲਕੇ ਦੇ ਪਿੰਡ ਉੱਗੋਕੇ ਦੇ ਲਾਭ ਸਿੰਘ ਨੇ ਨਵਾਂ ਇਤਿਹਾਸ ਸਿਰਜ ਦਿੱਤਾ ਹੈ।

ਹਲਕਾ ਲੰਬੀ ਤੋਂ 'ਆਪ' ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੇ ਸਮੁੱਚੇ ਪੰਜਾਬ ਦਾ ਸਿਆਸੀ ਭਰਮ ਤੋੜ ਦਿੱਤਾ ਹੈ। ਗੁਰਮੀਤ ਸਿੰਘ ਖੁੱਡੀਆਂ ਨੇ ਪੰਜ ਦਫ਼ਾ ਪੰਜਾਬ ਦੇ ਮੁੱਖ ਮੰਤਰੀ ਰਹਿ ਚੁੱਕੇ ਅਤੇ ਸਭ ਤੋਂ ਵੱਡੀ ਉਮਰ ਦੇ ਉਮੀਦਵਾਰ ਪ੍ਰਕਾਸ ਸਿੰਘ ਬਾਦਲ ਨੂੰ ਹਰਾ ਦਿੱਤਾ ਹੈ। ਫ਼ਖਰ-ਏ-ਕੌਮ ਪ੍ਰਕਾਸ ਸਿੰਘ ਬਾਦਲ ਨੂੰ ਆਪਣੀ ਜ਼ਿੰਦਗੀ ਦੇ ਆਖਰੀ ਮੋੜ 'ਤੇ ਹਾਰ ਝੋਲੀ ਪਾਉਣੀ ਪਈ ਹੈ। ਇਸ ਹਾਰ ਦੇ ਜ਼ਖ਼ਮ ਬਾਦਲ ਪਰਿਵਾਰ ਲਈ ਹਮੇਸ਼ਾ ਹਰੇ ਰਹਿਣਗੇ। ਪਹਿਲੀ ਦਫ਼ਾ ਹੈ ਕਿ ਹਲਕਾ ਲੰਬੀ ਤੋਂ ਬਾਦਲ ਪਰਿਵਾਰ ਦੇ ਪੈਰ ਉਖੜੇ ਹਨ। ਹਲਕਾ ਜਲਾਲਾਬਾਦ ਤੋਂ 'ਆਪ' ਉਮੀਦਵਾਰ ਜਗਦੀਪ ਕੰਬੋਜ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਹਰਾ ਕੇ ਸਾਬਤ ਕਰ ਦਿੱਤਾ ਹੈ ਕਿ ਨੇਤਾ ਲੋਕ ਬਣਾਉਂਦੇ ਹਨ। ਹਲਕਾ ਬਠਿੰਡਾ ਸਹਿਰੀ ਤੋਂ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਉਸ 'ਆਪ' ਉਮੀਦਵਾਰ ਐਡਵੋਕੇਟ ਜਗਰੂਪ ਗਿੱਲ ਨੇ ਵੱਡੀ ਗਿਣਤੀ ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ, ਜਿਨ੍ਹਾਂ ਨੂੰ ਵਿੱਤ ਮੰਤਰੀ ਨੇ ਨਗਰ ਨਿਗਮ ਬਠਿੰਡਾ ਦਾ ਮੇਅਰ ਨਾ ਬਣਾ ਕੇ ਸਿਆਸੀ ਜ਼ਲਾਲਤ ਦਿੱਤੀ ਸੀ। ਜਗਰੂਪ ਸਿੰਘ ਗਿੱਲ ਨੇ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੂੰ ਹਰਾ ਕੇ ਸਿੱਧ ਕੀਤਾ ਹੈ ਕਿ ਲੋਕ ਤਾਕਤ ਵੱਡੀ ਹੁੰਦੀ ਹੈ।

ਹਲਕਾ ਅੰਮ੍ਰਿਤਸਰ ਪੂਰਬੀ ਤੋਂ 'ਆਪ' ਉਮੀਦਵਾਰ ਜੀਵਨਜੋਤ ਕੌਰ ਅਜਿਹੀ ਨਾਇਕਾ ਬਣ ਗਈ ਹੈ, ਜਿਸ ਨੇ 2 ਰਾਜਸੀ ਹਸਤੀਆਂ ਨੂੰ ਚਿੱਤ ਕੀਤਾ ਹੈ। ਜੀਵਨਜੀਤ ਕੌਰ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਅਤੇ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਹਰਾਇਆ ਹੈ।



ਪ੍ਰਕਾਸ਼ ਸਿੰਘ ਬਾਦਲ | ਕੈਪਟਨ ਅਮਰਿੰਦਰ ਸਿੰਘ | ਚਰਨਜੀਤ ਸਿੰਘ ਚੰਨੀ | ਨਵਜੋਤ ਸਿੱਧੂ | ਸੁਖਬੀਰ ਸਿੰਘ ਬਾਦਲ



ਗੁਰਮੀਤ ਸਿੰਘ ਖੁੱਡੀਆਂ | ਅਜੀਤਪਾਲ ਸਿੰਘ ਕੋਹਲੀ | ਲਾਭ ਸਿੰਘ ਉੱਗੋਕੇ | ਜੀਵਨਜੋਤ ਕੌਰ | ਜਗਦੀਪ ਕੰਬੋਜ

ਇਨ੍ਹਾਂ ਦੋਵੇਂ ਆਗੂਆਂ ਨੂੰ ਕਦੇ ਹਾਰ ਦਾ ਮੂੰਹ ਨਹੀਂ ਦੇਖਣਾ ਪਿਆ ਸੀ। ਕੈਪਟਨ ਅਮਰਿੰਦਰ ਸਿੰਘ, ਜਿਨ੍ਹਾਂ ਨੇ 2017 ਵਿੱਚ ਪਾਰਟੀ ਦੀ ਝੋਲੀ 77 ਸੀਟਾਂ ਪਾਈਆਂ ਸਨ, ਹੁਣ 'ਆਪ' ਉਮੀਦਵਾਰ ਅਜੀਤਪਾਲ ਸਿੰਘ ਕੋਹਲੀ ਤੋਂ ਚੋਣ ਹਾਰ ਗਏ ਹਨ। ਉਮੀਦਵਾਰ ਕੋਹਲੀ ਨੇ ਮਹਾਰਾਜੇ ਨੂੰ ਹਰਾ ਕੇ ਦਰਸਾ ਦਿੱਤਾ ਹੈ ਕਿ ਅਸਲ ਨਾਇਕ ਹੁਣ ਉਹ ਹਨ। ਅਮਰਿੰਦਰ ਸਿੰਘ ਦੋ ਵਾਰ ਮੁੱਖ ਮੰਤਰੀ ਰਹੇ ਹਨ ਅਤੇ ਉਨ੍ਹਾਂ ਨੂੰ ਜੀਵਨ ਦੇ ਇਸ ਮੋੜ 'ਤੇ ਆਪਣੇ ਜੱਦੀ ਹਲਕੇ ਤੋਂ ਹਾਰ ਦੇਖਣੀ ਪਈ ਹੈ। ਅਮਰਿੰਦਰ ਸਿੰਘ ਦੀ ਹਾਰ ਤੋਂ ਇਹ ਗੱਲ ਉਭਰੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਹੁਣ ਲੋਕਾਂ ਦੇ ਦਿਲਾਂ ਦੇ ਮਹਾਰਾਜਾ ਨਹੀਂ ਰਹੇ ਹਨ। ਹਲਕਾ ਲਹਿਰਾਗਾਗਾ ਤੋਂ ਬਰਿੰਦਰ ਕੁਮਾਰ ਗੋਇਲ ਵੀ ਵੱਡੇ ਨਾਇੱਕ ਬਣੇ ਹਨ, ਜਿਨ੍ਹਾਂ ਨੇ ਇੱਕ ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ, ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਸਾਬਕਾ ਖਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੂੰ ਹਰਾਇਆ ਹੈ। ਢੀਂਡਸਾ ਕਦੇ ਵੀ ਚੋਣ ਨਹੀਂ ਹਾਰੇ ਸਨ। ਹਲਕਾ ਪੱਟੀ ਵਿੱਚ 'ਆਪ' ਉਮੀਦਵਾਰ ਲਾਲਜੀਤ ਸਿੰਘ ਭੁੱਲਰ ਨੇ ਇੱਕ ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ, ਜੋ ਕਿ ਬਾਦਲ ਪਰਿਵਾਰ ਦੇ ਜਵਾਈ ਹਨ, ਤੋਂ ਇਲਾਵਾ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ ਨੂੰ ਹਰਾ ਦਿੱਤਾ ਹੈ।

ਹਲਕਾ ਮੌੜ ਤੋਂ 'ਆਪ' ਉਮੀਦਵਾਰ ਸੁਖਬੀਰ ਸਿੰਘ ਮਾਈਸਰਖਾਨਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਜਗਮੀਤ ਸਿੰਘ ਬਰਾੜ ਨੂੰ ਹਰਾ ਦਿੱਤਾ ਹੈ। ਇਸੇ ਤਰ੍ਹਾਂ ਹਲਕਾ ਸਰਦੂਲਗੜ੍ਹ ਤੋਂ 'ਆਪ' ਉਮੀਦਵਾਰ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ 2 ਵੱਡੇ ਸਿਆਸੀ ਪਰਿਵਾਰਾਂ ਨੂੰ ਮਾਤ ਪਾਈ ਹੈ। ਇਸ ਉਮੀਦਵਾਰ ਨੇ ਅਕਾਲੀ ਦਲ ਦੇ ਵੱਡੇ ਨਾਮ ਬਲਵਿੰਦਰ ਸਿੰਘ ਭੂੰਦੜ ਦੇ ਲੜਕੇ ਅਤੇ ਕਾਂਗਰਸੀ ਆਗੂ ਅਜੀਤ ਇੰਦਰ ਸਿੰਘ ਮੋਫ਼ਰ ਦੇ ਲੜਕੇ ਨੂੰ ਹਰਾਇਆ ਹੈ।

ਹਲਕਾ ਸੰਗਰੂਰ ਤੋਂ ਆਮ ਘਰ ਦੀ ਕੁੜੀ 'ਆਪ' ਉਮੀਦਵਾਰ ਨਰਿੰਦਰ ਕੌਰ ਭਰਾਜ ਨੇ ਕਰੋੜਪਤੀ ਉਮੀਦਵਾਰਾਂ ਨੂੰ ਸਿਆਸੀ ਤੌਰ 'ਤੇ ਝਟਕਾ ਦੇ ਦਿੱਤਾ ਹੈ। ਨਰਿੰਦਰ ਕੌਰ ਦੇ ਆਪਣੇ ਨਾਮ 'ਤੇ ਨਾ ਘਰ ਹੈ ਅਤੇ ਨਾ ਹੀ ਕੋਈ ਜਾਇਦਾਦ। ਇਸ ਆਮ ਕੁੜੀ ਨੇ ਭਾਜਪਾ ਆਗੂ ਅਰਵਿੰਦ ਖੰਨਾ ਅਤੇ ਸਾਬਕਾ ਮੰਤਰੀ ਵਿਜੈਇੰਦਰ ਸਿੰਘ ਸਿੰਗਲਾ ਨੂੰ ਕੁਰਸੀ ਤੋਂ ਲਾਹ ਦਿੱਤਾ ਹੈ। ਬਾਲੀਵੁੱਡ ਅਦਾਕਾਰ ਸੋਨੂੰ ਸੂਦ ਦੀ ਭੈਣ ਮਾਲਵਿਕਾ ਸੂਦ ਨੂੰ ਹਲਕਾ ਮੋਗਾ ਤੋਂ 'ਆਪ' ਉਮੀਦਵਾਰ ਡਾ. ਅਮਨਇੰਦਰ ਕੌਰ ਅਰੋੜਾ ਨੇ ਹਰਾ ਦਿੱਤਾ ਹੈ। ਹਲਕਾ ਮਾਨਸਾ ਤੋਂ ਸਿੱਧੂ ਮੂਸੇਵਾਲਾ ਜੋ ਗਾਇਕੀ ਦੇ ਖੇਤਰ ਵਿੱਚ ਕੌਮਾਂਤਰੀ ਨਾਮਣਾ ਰੱਖਦੇ ਹਨ, ਨੂੰ 'ਆਪ' ਉਮੀਦਵਾਰ ਡਾ. ਵਿਜੈ ਸਿੰਗਲਾ ਨੇ ਹਰਾ ਦਿੱਤਾ ਹੈ। ਇਨ੍ਹਾਂ ਸਾਰੇ ਉਮੀਦਵਾਰਾਂ ਦਾ ਕੋਈ ਸਿਆਸੀ ਪਿਛੋਕੜ ਨਹੀਂ ਹੈ ਅਤੇ ਇਨ੍ਹਾਂ ਸਭਨਾਂ ਦੇ ਪਹਿਲੀ ਦਫ਼ਾ ਚੋਣ ਲੜੀ ਹੈ।

ਚੰਨੀ ਨੂੰ ਹਰਾਉਣ ਮਗਰੋਂ ਹੁਣ ਸਾਰਾ ਪੰਜਾਬ ਉੱਗੋਕੇ ਨੂੰ ਜਾਣੇਗਾ

ਮੁੱਖ ਮੰਤਰੀ ਚਰਨਜੀਤ ਚੰਨੀ ਨੂੰ ਹਰਾਉਣ ਵਾਲੇ 'ਆਪ' ਉਮੀਦਵਾਰ ਲਾਭ ਸਿੰਘ ਉਗੋਕੇ ਦੀ ਜਿੱਤ ਮਗਰੋਂ ਟਿੱਪਣੀ ਸੀ, 'ਮੈਨੂੰ ਪਹਿਲਾਂ ਹਲਕਾ ਜਾਣਦਾ ਸੀ, ਹੁਣ ਪੰਜਾਬ ਜਾਣੇਗਾ।' ਉਸ ਨੇ ਕਿਹਾ ਕਿ ਉਹ ਹਲਕੇ ਦੇ ਪੁੱਤ ਅਤੇ ਭਰਾ ਬਣ ਕੇ ਅੱਠ ਵਰ੍ਹਿਆਂ ਤੋਂ ਵਿੱਚਰ ਰਹੇ ਸਨ ਅਤੇ ਅੱਜ ਹਲਕੇ ਦੇ ਪਿਆਰ ਨੇ ਜਿੱਤ ਦਾ ਮਾਣ ਬਖਸ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਸ ਨੇ ਪਲੰਬਰੀ ਦਾ ਕੋਰਸ ਕੀਤਾ ਹੈ ਅਤੇ ਉਹ ਇੱਕ ਦਫ਼ਾ ਨਿਰਾਸ ਹੋ ਕੇ ਘਰ ਬੈਠ ਗਿਆ ਸੀ। 'ਆਪ' ਦੇ ਆਉਣ ਮਗਰੋਂ ਉਸ ਨੂੰ ਆਸ ਬੱਝੀ ਸੀ, ਜੋ ਉਸ ਨੂੰ ਅੱਜ ਇਸ ਮੋੜ ਤਕ ਲੈ ਆਈ ਹੈ।

## ਸੈਡਲਡੋਮ ਨੂੰ ਢਾਹਕੇ ਨਵਾਂ ਬਣਾਉਣ ਸਬੰਧੀ ਇੱਕ ਹੋਰ ਨਵੀਂ ਕਮੇਟੀ ਕਾਇਮ ਹੋਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿੱਚ ਸਕੋਸ਼ੀਆ ਬੈਂਕ ਸੈਡਲਡੋਮ ਨੂੰ ਢਾਹ ਕੇ ਨਵੇਂ ਅਤੇ ਆਧੁਨਿਕ ਬਣਾਏ ਜਾਣ ਵਾਲੇ ਇਵੈਂਟ ਸੈਂਟਰ ਦੇ ਨਿਰਮਾਣ ਵਾਸਤੇ ਸੰਭਾਵਨਾਵਾਂ ਲੱਭਣ ਲਈ ਨਵੀਂ ਕਮੇਟੀ ਦਾ ਐਲਾਨ ਕਰ ਦਿੱਤਾ ਗਿਆ ਹੈ। ਕੈਲਗਰੀ ਫ਼ਲੇਮਜ਼ ਨਾਲ ਪਿਛਲੇ ਸਾਲ ਇਸ ਸੰਬੰਧੀ 600 ਮਿਲੀਅਨ ਡਾਲਰ ਦੀ ਡੀਲ ਰੱਦ ਹੋ ਗਈ ਸੀ। ਇਸ ਸਾਲ ਜਨਵਰੀ ਵਿੱਚ ਕੌਂਸਲ ਨੇ ਨਵੇਂ ਸਿਰਿਉਂ ਇਸ ਸੰਬੰਧੀ ਰਸਤਾ ਲੱਭਣ ਦਾ ਐਲਾਨ ਕੀਤਾ ਸੀ। ਨਵੀਂ ਕਮੇਟੀ ਵਿੱਚ ਕੌਂਸਲਰਜ਼ ਸੋਨਿਆ ਸ਼ਾਰਪ, ਡੈਨ ਮੈਕਲੀਨ ਅਤੇ ਕੋਰਟਨੀ ਵੌਲਕੌਟ ਦੇ ਨਾਲ ਨਾਲ ਕੈਲਗਰੀ ਐਕਨੌਮਿਕ ਡਿਵੈਲਪਮੈਂਟ ਦੇ ਮੁਖੀ ਬਰੈਡ ਪੈਰੀ ਅਤੇ ਕੈਲਗਰੀ ਚੇਂਬਰ ਔਫ਼ ਕੌਮਰਸ ਦੀ ਮੁਖੀ ਡੈਬਰਾ ਯੈਡਲਿਨ ਨੂੰ ਸ਼ਾਮਿਲ ਕੀਤਾ ਗਿਆ ਹੈ। ਮੇਅਰ ਡਾ। ਜੋਤੀ ਗੌਂਡੇਕ ਦਾ ਕਹਿਣਾ ਹੈ ਕਿ ਇਹ ਕਮੇਟੀ ਪਿਛਲੀ ਇਵੈਂਟ ਸੈਂਟਰ ਕਮੇਟੀ ਵਰਗੀ ਹੀ ਹੋਵੇਗੀ।






















## ਸੰਪਾਦਕੀ



ਪਾਰਦਰਸ਼ਤਾ ਭਰੋਸੇਯੋਗਤਾ ਅਤੇ ਜਵਾਬਦੇਹੀ ਵਧਾਉਂਦੀ ਹੈ। - ਪਾਰਕ ਵਨ-ਸੂਨ

# ਪ੍ਰਚੰਡ ਫਤਵਾ

ਪੰਜਾਬ ਵਿੱਚ ਜਿਸ ਤਰ੍ਹਾਂ ਆਮ ਆਦਮੀ ਪਾਰਟੀ ਦੀ ਹਨ੍ਹੇਰੀ ਚੱਲੀ ਉਹ ਕਿਸੇ ਪਾਰਟੀ ਤੋਂ ਰੁਕ ਨਹੀਂ ਸਕੀ ਅਤੇ ਹੁਣ ਸੂਬੇ ਵਿੱਚ 'ਆਪ' ਦੀ ਸਰਕਾਰ ਬਣਨ ਜਾ ਰਹੀ ਹੈ। ਇਹ ਜਿੱਤ ਸਿਰਫ ਆਪ ਦੇ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਜਾਂ ਆਪ ਦੇ ਪੰਜਾਬ ਪ੍ਰਧਾਨ ਸ੍ਰ. ਭਗਵੰਤ ਸਿੰਘ ਮਾਨ ਦੀ ਨਹੀਂ ਹੈ ਬਲਕਿ ਪੰਜਾਬ ਦੇ ਲੋਕਾਂ ਦੀ ਜਿੱਤ ਹੈ ਜਿਨ੍ਹਾਂ ਨੇ ਇਸ ਪਾਰਟੀ ਨੂੰ ਪ੍ਰਚੰਡ ਬਹੁਮਤ ਦਿੱਤਾ ਹੈ। ਇਸ ਦੇ ਲਈ 'ਆਪ' ਦੇ ਲੀਡਰ ਅਤੇ ਪੰਜਾਬ ਦੇ ਲੋਕ ਵਧਾਈ ਦੇ ਪਾਤਰ ਹਨ। ਪੰਜਾਬ ਵਿੱਚ ਇੱਕ ਬਦਲਾਓ ਆਇਆ ਹੈ ਜਿਸ ਨੂੰ ਲੈ ਕੇ ਸੂਬੇ ਦੇ ਲੋਕ ਲੰਬੇ ਸਮੇਂ ਤੋਂ ਇੰਤਜ਼ਾਰ ਕਰ ਰਹੇ ਸਨ। ਉਨ੍ਹਾਂ ਨੇ ਵਾਰ-ਵਾਰ ਇਹ ਕੋਸ਼ਿਸ਼ ਕੀਤੀ ਪਰ ਸਫਲਤਾ ਨਹੀਂ ਮਿਲੀ ਲੇਕਿਨ ਹੁਣ ਇਹ ਸਫਲਤਾ ਮਿਲੀ ਹੈ। ਇੱਕ ਨਵੀਂ ਪਾਰਟੀ ਨੂੰ ਪੰਜਾਬ ਦੇ ਲੋਕਾਂ ਨੇ ਇਸ ਲਈ ਮੌਕਾ ਦਿੱਤਾ ਹੈ ਕਿਉਂਕਿ ਸੂਬੇ ਦੀਆਂ ਰਵਾਇਤੀ ਪਾਰਟੀਆਂ ਨੇ ਲੋਕਾਂ ਦੇ ਹਿੱਤਾਂ ਲਈ ਉਸ ਸ਼ਿੱਦਤ ਨਾਲ ਸੋਚਿਆ ਨਹੀਂ ਜਿਸ ਦੀ ਲੋੜ ਸੀ। ਇਸ ਕਾਰਨ ਪੰਜਾਬ ਦੀ ਨੌਜਵਾਨ ਪੀੜ੍ਹੀ ਹਮੇਸ਼ਾ ਨਿਰਾਸ਼ ਰਹੀ ਕਿਉਂਕਿ ਉਨ੍ਹਾਂ ਨੇ ਵੱਡੀਆਂ ਡਿੱਗਰੀਆਂ ਹਾਸਲ ਕੀਤੀਆਂ ਪਰ ਉਨ੍ਹਾਂ ਨੂੰ ਰੁਜ਼ਗਾਰ ਨਹੀਂ ਮਿਲੇ। ਜੇਕਰ ਉਨ੍ਹਾਂ ਨੂੰ ਕੁਝ ਮਿਲਿਆ ਤਾਂ ਸਿਰਫ ਪੁਲਿਸ ਦੀਆਂ ਡਾਂਗਾ ਜਾਂ ਟੈਂਕੀਆਂ ਉਤੇ ਚੜ੍ਹਨਾ। ਉਹ ਪੰਜਾਬ ਦੇ ਇਸ ਪ੍ਰਬੰਧ ਤੋਂ ਨਾਰਾਜ਼ ਹੋਏ ਅਤੇ ਉਨ੍ਹਾਂ ਨੇ ਵਿਦੇਸ਼ਾਂ ਵੱਲ ਵਹੀਰਾਂ ਘੱਤ ਲਈਆਂ। ਜਿਹੜੇ ਇਥੇ ਬਚੇ ਉਹ ਨਸ਼ਿਆਂ ਦੇ ਰਾਹ 'ਤੇ ਤੁਰ ਪਏ। ਅਫ਼ਸੋਸ ਦੀ ਗੱਲ ਇਹ ਹੈ ਕਿ ਨਸ਼ਿਆਂ ਦਾ ਇਹ ਰੁਝਾਨ ਆਪਣੇ ਆਪ ਨਹੀਂ ਚੱਲਿਆ ਇਸ ਨੂੰ ਚਲਾਉਣ ਲਈ ਪੁਲਿਸ ਵਾਲੇ ਤੇ ਸਿਆਸਤਦਾਨ ਨਸ਼ਾ ਤਸਕਰਾਂ ਦੀ ਮਦਦ ਕਰਦੇ ਰਹੇ। ਇਸ ਕਾਰਨ ਨੌਜਵਾਨਾਂ ਨੇ ਆਪਣੇ ਅੰਧਕਾਰ ਭਵਿੱਖ ਨੂੰ ਉੱਜਵਲ ਕਰਨ ਲਈ ਸਿਸਟਮ ਨੂੰ ਤਬਦੀਲ ਕਰਨ ਦਾ ਮੌਕਾ ਬਣਾਇਆ। ਇਸ ਲਈ ਉਨ੍ਹਾਂ ਨੇ ਆਪਣੇ ਮਾਪਿਆਂ ਨੂੰ ਵੀ ਪ੍ਰੇਰਿਆ ਕਿ ਜੇਕਰ ਉਹ ਆਪਣੀ ਨਵੀਂ ਪੀੜ੍ਹੀ ਦੀ ਲੜਾਈ ਲੜਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਨੌਜਵਾਨਾਂ ਦਾ ਸਾਥ ਦੇਣਾ ਚਾਹੀਦਾ ਹੈ। ਇਹੀ ਕਾਰਨ ਹੈ ਕਿ ਅੱਜ ਉਹ ਸੋਚ ਕੰਮ ਕਰਦੀ ਨਜ਼ਰ ਆਈ ਹੈ। ਇਸ ਸੋਚ ਦੀ ਹਨ੍ਹੇਰੀ ਵਿੱਚ ਵੱਡੇ-ਵੱਡੇ ਬੋਹੜ ਦੀਆਂ ਜੜ੍ਹਾਂ ਉਖੜ ਗਈਆਂ ਹਨ। ਇਸ ਲਈ ਹੁਣ ਰਵਾਇਤੀ ਪਾਰਟੀਆਂ ਲਈ ਵੀ ਸੋਚਣ ਦੀ ਘੜੀ ਆ ਗਈ ਹੈ ਕਿ ਉਨ੍ਹਾਂ ਨੇ ਜਿਸ ਢੰਗ ਨਾਲ ਸਿਆਸਤ ਨੂੰ ਧੰਦਾ ਬਣਾ ਰੱਖਿਆ ਸੀ, ਉਹ ਹੁਣ ਉਸੇ ਤਰ੍ਹਾਂ ਬਰਕਰਾਰ ਰਹਿਣ ਵਾਲਾ ਨਹੀਂ ਹੈ। ਅੱਜ ਆਮ ਲੋਕ ਨੇਤਾ ਬਣ ਰਹੇ ਹਨ। ਉਨ੍ਹਾਂ ਨੂੰ ਆਮ ਲੋਕਾਂ ਦੇ ਦੁੱਖ ਦਰਦਾਂ ਦਾ ਪਤਾ ਹੈ। ਉਨ੍ਹਾਂ ਨੂੰ ਪਤਾ ਹੈ ਕਿ ਦੋ ਵਕਤ ਦੀ ਰੋਟੀ ਕਿਵੇਂ ਕਮਾਈ ਜਾਂਦੀ ਹੈ ਜਦਕਿ ਰਵਾਇਤੀ ਪਾਰਟੀਆਂ ਵਿੱਚ ਜਿਹੜੇ ਲੀਡਰ ਬਣੇ ਹਨ, ਅੱਗਿਓਂ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਨੇਤਾ ਬਣ ਗਈਆਂ ਹਨ। ਉਨ੍ਹਾਂ ਨੇ ਸੂਬੇ ਅਤੇ ਸੂਬੇ ਦੇ ਲੋਕਾਂ ਬਾਰੇ ਘੱਟ ਸੋਚਿਆ ਤੇ ਆਪਣੇ ਕਾਰੋਬਾਰ ਇੰਨੇ ਕੁ ਵੱਡੇ ਕਰ ਲਏ ਕਿ ਉਨ੍ਹਾਂ ਦੀਆਂ ਸੱਤ ਪੀੜ੍ਹੀਆਂ ਕੋਲੋਂ ਇਹ ਸਰਮਾਇਆ ਨਹੀਂ ਮੁੱਕੇਗਾ। ਇਨ੍ਹਾਂ ਨੇ ਰਾਹ ਇੰਨਾ ਤੰਗ ਕਰ ਦਿੱਤਾ ਕਿ ਆਮ ਵਿਅਕਤੀ ਨੂੰ ਅੱਗੇ ਆਉਣ ਦਾ ਮੌਕਾ ਨਹੀਂ ਮਿਲਦਾ ਸੀ। ਜੇਕਰ ਕੋਈ ਆ ਵੀ ਜਾਂਦਾ ਸੀ ਤਾਂ ਵੱਡੇ ਪਰਿਵਾਰਾਂ ਦੇ ਪੈਸੇ ਅੱਗੇ ਆਮ ਵਿਅਕਤੀ ਗੋਡੇ ਟੇਕ ਦਿੰਦਾ ਸੀ। ਪੰਜਾਬ ਦੇ ਲੋਕਾਂ ਨੇ ਰਵਾਇਤੀ ਪਾਰਟੀਆਂ ਦੇ ਸਾਰੇ ਹਥਕੰਡਿਆਂ ਨੂੰ ਅਸਫ਼ਲ ਕਰ ਕੇ ਰੱਖ ਦਿੱਤਾ ਹੈ। ਕਹਿ ਸਕਦੇ ਹਾਂ ਕਿ ਇਕ ਵਾਰ ਆਮ ਆਦਮੀ ਪਾਰਟੀ ਦੇ ਝਾੜੂ ਨੇ ਸੂਬੇ ਵਿੱਚ ਸਫ਼ਾਈ ਕਰਕੇ ਰੱਖ ਦਿੱਤੀ ਹੈ, ਪਰ ਇਸ ਸਫ਼ਾਈ ਨਾਲ ਸਿਸਟਮ ਬਦਲਣ ਵਾਲਾ ਨਹੀਂ ਹੈ। ਇਹ ਤਾਂ ਸਿਰਫ ਸ਼ੁਰੂਆਤ ਹੈ। ਸ੍ਰ. ਭਗਵੰਤ ਸਿੰਘ ਮਾਨ ਲਈ ਮੁੱਖ ਮੰਤਰੀ ਕੁਰਸੀ ਬਹੁਤ ਵੱਡੀ ਕੰਡਿਆਂ ਦੇ ਸੇਜ ਹੈ ਕਿਉਂਕਿ ਉਨ੍ਹਾਂ ਲਈ ਬਹੁਤ ਵੱਡੀਆਂ ਚੁਣੌਤੀਆਂ ਹਨ। ਸਭ ਤੋਂ ਵੱਡੀ ਚੁਣੌਤੀ ਤਾਂ ਇਹ ਹੀ ਹੈ ਕਿ ਪੰਜਾਬ ਵਿਚੋਂ ਹੋ ਰਹੇ ਬਰੇਨ-ਡਰੇਨ ਨੂੰ ਰੋਕਿਆ ਜਾਵੇ ਅਤੇ ਨੌਜਵਾਨ ਪੀੜ੍ਹੀ ਅੰਦਰ ਭਰੋਸਾ ਪੈਦਾ ਕੀਤਾ ਜਾਵੇ ਕਿ ਉਨ੍ਹਾਂ ਦਾ ਭਵਿੱਖ ਪੰਜਾਬ ਦੀ ਧਰਤੀ ਲਈ ਜੁੜਿਆ ਹੋਇਆ ਹੈ। ਸੂਬੇ ਦੀ ਅਰਥ ਵਿਵਸਥਾ ਤਬਾਹ ਹੋ ਚੁੱਕੀ ਹੈ, ਸਰਕਾਰੀ ਖ਼ਜ਼ਾਨੇ ਨੂੰ ਰਵਾਇਤੀ ਪ੍ਰਬੰਧ ਨੇ ਬੁਰੀ ਤਰ੍ਹਾਂ ਬਰਬਾਦ ਕਰ ਦਿੱਤਾ ਹੈ। ਨਸ਼ਿਆਂ ਨੇ ਨੌਜਵਾਨੀ ਰੋਲ਼ ਕੇ ਰੱਖ ਦਿੱਤੀ ਹੈ। ਸਿਸਟਮ ਨੂੰ ਭ੍ਰਿਸ਼ਟਾਚਾਰ ਨੇ ਖੋਖਲਾ ਕਰਕੇ ਰੱਖ ਦਿੱਤਾ ਹੈ। ਪੁਲਿਸ ਦਾ ਸਿਆਸੀ ਹੱਥਾਂ ਵਿੱਚ ਖੇਡਣਾ ਵੀ ਬਹੁਤ ਸੰਤਾਪ ਬਣਿਆ ਹੋਇਆ ਹੈ, ਇਸੇ ਕਾਰਨ ਆਮ ਵਿਅਕਤੀ ਨੂੰ ਇਨਸਾਫ਼ ਨਹੀਂ ਮਿਲਦਾ। ਇਹ ਠੀਕ ਹੈ ਕਿ ਸ੍ਰ. ਮਾਨ ਕੋਲ ਕੋਈ ਜਾਦੂ ਦੀ ਛੜੀ ਨਹੀਂ ਹੈ ਕਿ ਉਹ ਇੱਕ ਵਾਰ ਘੁਮਾ ਕੇ ਸਭ ਕੁਝ ਠੀਕ ਕਰ ਦੇਣਗੇ। ਇਸ ਦੇ ਲਈ ਉਨ੍ਹਾਂ ਨੂੰ ਆਪਣੀ ਪੂਰੀ ਟੀਮ ਨੂੰ ਨਾਲ ਲੈ ਕੇ ਇੱਕ ਵੱਡਾ ਹੰਭਲਾ ਮਾਰਨਾ ਹੋਵੇਗਾ। ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਉਤੇ ਭਰੋਸਾ ਕੀਤਾ ਹੈ ਅਤੇ ਇਸ ਭਰੋਸੇ ਕਾਰਨ ਹੀ ਰਵਾਇਤੀ ਪਾਰਟੀਆਂ ਨੂੰ ਸਬਕ ਸਿਖਾਇਆ ਹੈ। ਇਹ ਹੁਣ ਆਪ ਦੇ ਲੀਡਰਾਂ ਉਤੇ ਨਿਰਭਰ ਕਰਦਾ ਹੈ ਕਿ ਉਹ ਇਸ ਭਰੋਸੇ ਨੂੰ ਕਿਵੇਂ ਕਾਇਮ ਰੱਖ ਸਕਦੇ ਹਨ। ਅਜਿਹਾ ਨਹੀਂ ਹੈ ਕਿ ਆਮ ਆਦਮੀ ਪਾਰਟੀ ਵਿੱਚ ਸਭ ਅੱਛਾਈਆਂ ਹਨ। ਬਹੁਤ ਸਾਰੀਆਂ ਊਣਤਾਈਆਂ ਵੀ ਹਨ ਪਰ ਸੂਬੇ ਦੇ ਲੋਕਾਂ ਨੇ ਉਨ੍ਹਾਂ ਸਭ ਨੂੰ ਅਣਗੌਲਿਆ ਕਰ ਦਿੱਤਾ ਹੈ ਕਿਉਂਕਿ ਉਨ੍ਹਾਂ ਨੇ ਇਹ ਸੋਚਿਆ ਹੈ ਕਿ ਜੇਕਰ ਪੰਜਾਬ ਅਤੇ ਆਪਣੀ ਅਗਲੀ ਪੀੜ੍ਹੀ ਦੇ ਹਿੱਤਾਂ ਦੀ ਰਾਖੀ ਕਰਨੀ ਹੈ ਤਾਂ ਨਵਾਂ ਬਦਲ ਲਿਆਉਣਾ ਹੋਵੇਗਾ। ਉਨ੍ਹਾਂ ਨੇ ਬਦਲ ਲਿਆਂਦਾ ਹੈ ਪਰ ਇਸ ਨੂੰ ਪੂਰੇ ਸਿਆਸੀ ਬਦਲ ਵਿੱਚ ਬਦਲਣਾ ਜਾਂ ਪੂਰੇ ਸਿਸਟਮ ਨੂੰ ਬਦਲਣਾ ਹੁਣ ਆਮ ਆਦਮੀ ਪਾਰਟੀ ਦੇ ਲੀਡਰਾਂ ਦੀ ਜ਼ਿੰਮੇਵਾਰੀ ਹੈ। ਪੰਜਾਬ ਦੇ ਲੋਕਾਂ ਨੂੰ ਭਰੋਸਾ ਹੈ ਕਿ ਸ੍ਰ. ਮਾਨ ਆਪਣੇ ਲੀਡਰ ਸ੍ਰੀ ਕੇਜਰੀਵਾਲ ਦੀ ਅਗਵਾਈ ਵਿੱਚ ਪੰਜਾਬ ਨੂੰ ਇੱਕ ਨਵੇਂ ਮੁਕਾਮ ਉਤੇ ਲੈ ਕੇ ਜਾਣਗੇ। ਸੂਬੇ ਦੀ ਉਸ ਸ਼ਾਨ ਨੂੰ ਵਾਪਸ ਲਿਆਉਣਗੇ ਜਿਸ ਦੇ ਲਈ ਉਹ ਕਦੇ ਮਸ਼ਹੂਰ ਰਿਹਾ ਹੈ। ਉਸ ਗੌਰਵ ਨੂੰ ਬਰਕਰਾਰ ਰੱਖਣਗੇ ਜਿਸ ਉਤੇ ਪੂਰੇ ਹਿੰਦੋਸਤਾਨ ਨੂੰ ਵੀ ਮਾਣ ਰਿਹਾ ਇਸ ਲਈ ਇੱਕ ਆਸ ਦੀ ਕਿਰਨ ਨਜ਼ਰ ਆਈ ਹੈ ਅਤੇ ਜੇਕਰ ਪੰਜਾਬ ਅੰਦਰ ਇਹ ਬਦਲਾਓ ਕਾਮਯਾਬ ਹੁੰਦਾ ਹੈ ਤਾਂ ਭਾਰਤ ਦੇ ਲੋਕਾਂ ਨੂੰ ਇਕ ਨਵਾਂ ਬਦਲ ਮਿਲ ਜਾਵੇਗਾ।

**ਸੁਖਜਿੰਦਰ ਸਮਰਾ**
ਮੋ. 95835-92000


403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: ''ਪੰਜਾਬੀ ਅਖ਼ਬਾਰ'' ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। ''ਪੰਜਾਬੀ ਅਖ਼ਬਾਰ'' ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ। – ਸੰਪਾਦਕ

# ਵਿਰੋਧ, ਰੋਸ, ਵਿਦਰੋਹ ਅਤੇ ਬਦਲਾਅ



ਗੁਰਮੀਤ ਸਿੰਘ ਪਲਾਹੀ

ਮਹੱਤਵਪੂਰਨ ਸਰਹੱਦੀ ਸੂਬੇ ਪੰਜਾਬ ਵਿਚ ਸੱਤਾ ਦਾ ਉਬਾਲ ਆਇਆ ਹੈ। ਬਰਬਾਦ ਹੋ ਰਹੇ ਸੂਬੇ ਪੰਜਾਬ 'ਚ ਸੱਤਾ-ਬਦਲੀ ਹੋਈ ਹੈ। ਪੰਜਾਬ ਦੇ ਘਾਗ ਸਿਆਸਤਦਾਨ ਵਿਧਾਨ ਸਭਾ ਚੋਣ ਹਾਰ ਗਏ ਹਨ। ਪੰਜ ਵੇਰ ਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਕਾਂਗਰਸ ਦਾ ਪ੍ਰਧਾਨ ਨਵਜੋਤ ਸਿੰਘ ਸਿੱਧੂ, ਬਸਪਾ ਦਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਚੋਣਾਂ 'ਚ ਕਾਮਯਾਬ ਨਹੀਂ ਹੋ ਸਕੇ। ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਚੋਣ ਜਿੱਤ ਗਿਆ ਹੈ। ਆਮ ਆਦਮੀ ਪਾਰਟੀ ਵਿਸ਼ਾਲ ਬਹੁਮੱਤ ਪ੍ਰਾਪਤ ਕਰ ਗਈ ਹੈ। ਨੇਤਾ ਹਾਰ ਗਏ ਹਨ, ਪੰਜਾਬ ਜਿੱਤ ਗਿਆ ਹੈ। ਕੀ ਪੰਜਾਬ ਸੱਚਮੁੱਚ ਜਿੱਤ ਗਿਆ ਹੈ ? ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਲਈ ਪਈਆਂ ਵੋਟਾਂ ਦੇ 10 ਮਾਰਚ ਨੂੰ ਨਤੀਜੇ ਨਿਕਲੇ। ਸੂਬੇ 'ਚ 2.14 ਕਰੋੜ ਵੋਟਰ ਸਨ। ਸਾਲ 2017 ਵਿਚ 70ਫੀਸਦੀ ਲੋਕਾਂ ਨੇ ਵੋਟ ਪਾਈ। ਏਸ ਵਾਰੀ 71.95 ਫੀਸਦੀ ਵੋਟਰਾਂ ਨੇ ਵੋਟ ਪਾਈ। ਪੰਜਾਬ ਪਿਛਲੀ ਵੇਰ ਦੀ ਬਜਾਏ ਇਸ ਵੇਰ ਮਾਯੂਸ ਦਿੱਸਿਆ। ਕੁੱਲ ਮਿਲਾ ਕੇ 1,10,308 ਵੋਟਰਾਂ ਨੇ ਪੰਜਾਬ 'ਚ 'ਨੋਟਾ' ਦੀ ਵਰਤੋਂ ਕੀਤੀ।

ਪੰਜਾਬ ਵਿਧਾਨ ਸਭਾ ਚੋਣਾਂ 'ਚ ਆਮ ਆਦਮੀ ਪਾਰਟੀ 92, ਬਹੁਜਨ ਸਮਾਜ ਪਾਰਟੀ 1, ਭਾਰਤੀ ਜਨਤਾ ਪਾਰਟੀ 2, ਆਜ਼ਾਦ 1, ਕਾਂਗਰਸ 18 ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ 3 ਸੀਟਾਂ ਲੈ ਗਏ। ਜਦ ਕਿ ਖੱਬੀਆਂ ਧਿਰਾਂ, ਕਿਸਾਨ ਧਿਰਾਂ ਵਾਲਾ ਮੋਰਚਾ ਅਤੇ ਹੋਰ ਪਾਰਟੀਆਂ ਆਪਣਾ ਖਾਤਾ ਵੀ ਨਹੀਂ ਖੋਲ ਸਕੀਆਂ। ਇਕ ਧਿਰ ਨੂੰ ਵੱਡੀ ਗਿਣਤੀ ਵਿਚ ਸੀਟਾਂ ਮਿਲਣਾ ਅਤੇ ਦੂਜੀਆਂ ਧਿਰਾਂ ਨੂੰ ਨਕਾਰ ਦੇਣਾ ਕੀ ਆਮ ਪਾਰਟੀ ਦੀ ਜਿੱਤ ਹੈ ਜਾਂ ਸ਼੍ਰੋਮਣੀ ਅਕਾਲੀ ਦਲ-ਕਾਂਗਰਸ ਵਰਗੀਆਂ ਪਾਰਟੀਆਂ ਵਿਰੁੱਧ ਲੋਕਾਂ ਦਾ ਰੋਸ ਪ੍ਰਗਟਾਵਾ ਹੈ। ਲੋਕਾਂ ਵਿਚ ਸਥਾਪਤੀ ਵਿਰੁੱਧ ਰੋਹ ਸੀ, ਗੁੱਸਾ ਸੀ, ਬਦਲਾਅ ਦੀ ਪ੍ਰਵਿਰਤੀ ਸੀ ਅਤੇ ਸਥਾਪਤ ਨੇਤਾਵਾਂ ਦੀ ਕਾਰਗੁਜ਼ਾਰੀ ਪ੍ਰਤੀ ਰੋਸ ਸੀ। ਇਹ ਰੋਹ ਹੀ ਲਾਵਾ ਬਣ ਫੁੱਟਿਆ ਹੈ। ਪੰਜਾਬ ਵਿਚ ਆਪ ਦੀ ਜਿੱਤ ਤੋਂ ਬਾਅਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਉੱਪ ਮੁੱਖ ਮੰਤਰੀ ਮਨੀਸ਼ ਸੁਸ਼ੋਧੀਆ ਪਹਿਲਾਂ ਹਨੂੰਮਾਨ ਮੰਦਰ ਜਾਂਦੇ ਹਨ ਫਿਰ ਆਪਣੇ ਕਾਰਕੁੰਨਾਂ ਨੂੰ ਸੰਬੋਧਨ ਕਰਦਿਆਂ ਕਹਿੰਦੇ ਹਨ ਕਿ ਇਹ "ਸਭ ਤੋਂ ਵੱਡਾ ਇਨਕਲਾਬ ਹੈ"। ਕੀ ਇਹ ਸੱਚਮੁੱਚ ਇਨਕਲਾਬ ਹੈ !

ਆਮ ਆਦਮੀ ਪਾਰਟੀ ਨੂੰ 42 ਫੀਸਦੀ, ਸ਼੍ਰੋਮਣੀ ਅਕਾਲੀ ਦਲ ਨੂੰ 18.38 ਫੀਸਦੀ, ਭਾਰਤੀ ਜਨਤਾ ਪਾਰਟੀ ਨੂੰ 1.77 ਫੀਸਦੀ, ਸੀ.ਪੀ.ਆਈ. ਨੂੰ 0.05 ਫੀਸਦੀ, ਸੀ.ਪੀ.ਐਮ. ਨੂੰ 0.06 ਫੀਸਦੀ, ਸੀ.ਪੀ.ਐਮ.ਐਲ. ਨੂੰ 0.03 ਫੀਸਦੀ, ਕਾਂਗਰਸ ਨੂੰ 22.98 ਫੀਸਦੀ, ਨੋਟਾ 0.71 ਫੀਸਦੀ, ਆਰ.ਐਸ.ਪੀ. ਨੂੰ 0.01 ਫੀਸਦੀ ਵੋਟਾਂ ਮਿਲੀਆਂ। ਸਭ ਤੋਂ ਵੱਧ ਆਮ ਆਦਮੀ ਪਾਰਟੀ ਵੋਟਾਂ ਲੈ ਗਈ। ਜਿਸ ਨੂੰ 2017 'ਚ 23.7 ਫੀਸਦੀ ਵੋਟਾਂ ਮਿਲੀਆਂ ਸਨ ਜਦਕਿ ਇਸ ਵੇਰ 42.01 ਫੀਸਦੀ ਵੋਟਾਂ ਮਿਲੀਆਂ। ਕਾਂਗਰਸ ਨੂੰ 2017 ਵਿਚ 38.5 ਫੀਸਦੀ ਅਤੇ ਇਸ ਵਾਰ 22.98 ਫੀਸਦੀ ਵੋਟਾਂ ਲੈ ਸਕੀ। ਜਦ ਕਿ ਅਕਾਲੀ ਦਲ 25.2 ਫੀਸਦੀ ਤੋਂ 18.38 ਫੀਸਦੀ ਤੇ ਆ ਡਿੱਗਿਆ। ਭਾਜਪਾ ਨੇ ਇਨਾਂ ਚੋਣਾਂ 'ਚ 1.77 ਫੀਸਦੀ ਵੋਟਾਂ ਲਈਆਂ ਜਦਕਿ 2017 ਵਿਚ ਇਸ ਦੀ ਫੀਸਦੀ 1.5 ਸੀ। ਮਾਲਵਾ ਖਿੱਤੇ ਵਿੱਚ 69 ਵਿਚੋਂ 66 ਸੀਟਾਂ ਆਮ ਆਦਮੀ ਪਾਰਟੀ ਨੇ ਜਿੱਤੀਆਂ। ਮਾਲਵਾ ਖਿੱਤੇ 'ਚ ਕਿਸਾਨ ਅੰਦੋਲਨ ਦਾ ਜ਼ੋਰ ਅਤੇ ਸਰਕਾਰਾਂ ਪ੍ਰਤੀ ਰੋਸ ਸੀ, ਇਹੀ ਜ਼ੋਰ 'ਤੇ ਰੋਸ ਆਪ ਨੂੰ ਤਾਕਤ ਦੇਣ ਲਈ ਸਹਾਇਕ ਹੋਇਆ। ਡੇਰੇ, ਜਾਤਾਂ, ਧਰਮ ਕੁਝ ਵੀ ਇਸ ਸੁਚੇਤ ਹਵਾ ਦੇ ਆੜੇ ਨਾ ਆ ਸਕੇ।

ਆਮ ਆਦਮੀ ਪਾਰਟੀ ਨੂੰ ਇਨਾਂ ਚੋਣਾਂ ਵਿਚ ਰਵਾਇਤੀ ਪਾਰਟੀਆਂ ਵਿਰੁੱਧ ਫੈਲੇ ਗੁੱਸੇ ਦਾ ਪੂਰਾ ਲਾਭ ਮਿਲਿਆ। ਆਪ ਨੇ ਇਸ ਵਿਰੋਧ ਨੂੰ ਪੂਰੀ ਤਰਾਂ ਭਨਾਇਆ। ਆਪ ਲਈ ਇਕ ਮੌਕਾ ਦਾ ਨਾਅਰਾ ਲੋਕਾਂ ਦੇ ਮਨਾਂ ਵਿਚ ਘਰ ਕਰ ਗਿਆ ਭਾਵੇਂ ਕਿ ਔਰਤਾਂ ਨੂੰ 1,000 ਰੁਪਏ, 300 ਯੂਨਿਟ ਬਿਜਲੀ ਮੁਫ਼ਤ, 24 ਘੰਟੇ ਬਿਜਲੀ, ਨੈਸ਼ਨਲ ਕੁਆਰਡੀਨੇਟਰ ਵੱਲੋਂ ਦਿੱਤੀਆਂ ਗਾਰੰਟੀਆਂ ਨੇ ਵੀ ਲੋਕਾਂ ਦਾ ਮਨ ਮੋਹਿਆ ਅਤੇ ਇਕ ਜਜ਼ਬਾਤੀ ਰੁਖ਼ ਅਪਨਾਉਂਦਿਆਂ ਆਪ ਦੇ ਉਮੀਦਵਾਰਾਂ ਦੇ ਹੱਕ ਵਿਚ ਲੋਕ ਭੁਗਤੇ।

ਪੰਜਾਬ ਚੋਣ ਜਿੱਤਣ ਤੋਂ ਬਾਅਦ ਆਮ ਆਦਮੀ ਸਾਹਮਣੇ ਆਮ ਨਹੀਂ ਸਗੋਂ ਖਾਸ ਏਜੰਡਾ ਹੈ। ਜੇਕਰ ਆਮ ਆਦਮੀ ਪਾਰਟੀ ਇਸ ਖਾਸ ਏਜੰਡੇ ਨੂੰ ਅਖੋਂ ਪਰੋਖੇ ਕਰਦੀ ਹੈ ਤਾਂ ਇਹ ਲੋਕਾਂ ਨਾਲ ਇਕ ਤਰਾਂ ਦਾ ਵਿਸ਼ਵਾਸ਼ਘਾਤ ਹੋਵੇਗਾ, ਕਿਉਂਕਿ ਪਾਰਟੀ ਵੱਲੋਂ ਪੰਜਾਬ ਵਿਚ ਇਨਕਲਾਬ ਲਿਆਉਣ ਦੀ ਗੱਲ ਕੀਤੀ ਗਈ ਹੈ। ਜੋ ਬੰਸਵਾਦ, ਕੁਨਬਾਪ੍ਰਸਤੀ ਦੇ ਯੁਗ ਦੇ ਖਾਤਮੇ ਦੀ ਗੱਲ ਕਰਦਾ ਹੈ ਅਤੇ ਉਨਾਂ ਘਾਗ ਸਿਆਸਤਦਾਨਾਂ ਲਈ ਵੀ ਇਕ ਨਸੀਹਤ ਦਿੰਦਾ ਹੈ ਕਿ ਲੋਕ ਤਬਦੀਲੀ ਚਾਹੁੰਦੇ ਹਨ, ਲੋਕ ਲੋਕ ਭਲੇ ਦੇ ਕੰਮ ਚਾਹੁੰਦੇ ਹਨ, ਲੋਕ ਨੇਤਾ ਲੋਕਾਂ ਨੂੰ ਬਾਦਸ਼ਾਹਾਂ ਵਾਂਗਰ ਨਹੀਂ ਸੇਵਕਾਂ ਵਾਂਗਰ ਦੇਖਣਾ ਚਾਹੁੰਦੇ ਹਨ।

ਪਿਛਲੇ ਸਮੇਂ ਵਿਚ ਤਾਂ ਪੰਜਾਬ ਵਿਚ ਤਾਣੀ ਉਲਝੀ ਹੋਈ ਸੀ। ਸਮਾਜ ਦੇ ਇਕ ਵਰਗ ਦੇ ਧੁਰੰਤਰ ਹੀ ਉੱਤਰ ਕਾਂਟੋਂ ਮੇਂ ਚੜ੍ਹਾਂ ਦੀ ਖੇਡ ਖੇਡ ਰਹੇ ਸਨ। ਕਦੇ ਸਮਾਂ ਸੀ ਕਿ ਸਾਸ਼ਨ ਕਰਨ ਦਾ ਦੈਵੀ ਹੱਕ ਹੋਇਆ ਕਰਦਾ ਸੀ। ਪਰ ਲੋਕਾਂ ਨੇ ਇਹ ਖਾਰਜ ਕੀਤਾ। ਫਿਰ ਰਾਜਾਸ਼ਾਹੀ ਨੇ ਪੈਰ ਪਸਾਰੇ। ਉਹ ਪ੍ਰਣਾਲੀ ਵੀ ਖਤਮ ਹੋਈ। ਫਿਰ ਸਭ ਤੋਂ ਵੱਧ ਵੋਟਾਂ ਪ੍ਰਾਪਤ ਕਰਨ ਵਾਲੇ ਜਿੱਤਣ ਵਾਲੀ ਲੋਕਤੰਤਰੀ ਵਿਵਸਥਾ ਬਣੀ ਹੋਈ ਹੈ ਜਿਸ ਦੀ ਦੁਰਵਰਤੋਂ ਵੱਡੀਆਂ ਢੁੱਠਾਂ ਵਾਲੇ ਧਨ ਕੁਬੇਰਾਂ, ਧੁਰੰਤਰਾਂ ਨੇ ਕੀਤੀ ਜਿਸ ਦੇ ਹੁਣ ਵਿਚੱਤਰ ਨਤੀਜੇ ਵੀ ਦੇਖਣ ਨੂੰ ਮਿਲ ਰਹੇ ਹਨ।





ਦੇਸ਼ ਵਿਚ ਚਾਰ ਰਾਜਾਂ ਦੀਆਂ ਚੋਣਾਂ ਵਿਚ ਨਿਰੰਤਰਤਾ ਨੇ ਬਦਲਾਅ ਅਤੇ ਜਿੱਤ ਪ੍ਰਾਪਤ ਕੀਤੀ ਹੈ। ਗੋਆ, ਮਨੀਪੁਰ, ਉੱਤਰਾਖੰਡ, ਯੂ.ਪੀ. 'ਚ ਨਿਰੰਤਰਤਾ ਕਾਇਮ ਰਹੀ। ਪੰਜਾਬ ਵਿਚ ਬਦਲਾਅ ਦੀ ਨੀਤੀ ਦੇਖਣ ਨੂੰ ਮਿਲੀ। ਪੰਜਾਬ 'ਚ ਲੋਕਾਂ ਨੂੰ ਰੁਜ਼ਗਾਰ ਨਹੀਂ ਮਿਲਿਆ, ਨਸ਼ੇ ਬੰਦ ਨਹੀਂ ਹੋਏ, ਬੇਅਦਬੀ ਦੇ ਮੁੱਦੇ ਨੂੰ ਸਰਕਾਰਾਂ ਨੇ ਹੱਲ ਨਹੀਂ ਕੀਤਾ, ਭ੍ਰਿਸ਼ਟਾਚਾਰ ਦਾ ਬੋਲਬਾਲਾ ਵਧਿਆ, ਮਾਫੀਆ ਰਾਜ ਨੇ ਪੈਰ ਪਸਾਰੇ ਅਤੇ ਲੋਕ ਇਹੋ ਜਿਹੇ ਪ੍ਰਸ਼ਾਸ਼ਨ ਤੋਂ ਰੁਸ ਗਏ। ਉਹ ਬਦਲਾਅ ਦੇ ਰਸਤੇ ਪੈ ਗਏ।ਪੰਜਾਬ ਵਿਚ ਲੋਕ ਗਰੀਬ ਹੁੰਦੇ ਜਾ ਰਹੇ ਹਨ। ਕਿਸਾਨ ਖੇਤੀ ਛੱਡ ਕੇ ਮਜ਼ਦੂਰ ਜਾਂ ਪ੍ਰਵਾਸ ਦੇ ਰਸਤੇ ਪੈ ਰਹੇ ਹਨ। ਉਹ ਦੇਖ ਰਹੇ ਹਨ ਕਿ ਰੁਜ਼ਗਾਰ ਦੀ ਤਲਾਸ਼ ਵਿਚ ਉਨਾਂ ਦੀ ਔਲਾਦ ਪ੍ਰਵਾਸ ਦੇ ਰਾਹ ਤੁਰ ਰਹੀ ਹੈ। ਪੰਜਾਬ ਹੁਣ ਉਨਾਂ ਦਾ ਸੁਪਨਾ ਨਹੀਂ ਰਿਹਾ। ਉਜੜ ਰਿਹਾ ਪੰਜਾਬ ਉਨਾਂ ਦੇ ਮਨ ਵਿਚ ਖੋਰੂ ਪਾ ਰਿਹਾ ਹੈ। ਉਹ ਪੰਜਾਬ ਦੇ ਸੁਧਾਰ ਲਈ ਕਿਸੇ ਚਮਤਕਾਰ ਦੀ ਉਡੀਕ ਕਰ ਰਹੇ ਹਨ। ਪਹਿਲੀ ਆਸ ਉਨਾਂ ਦੀ ਸਿਆਸਤਦਾਨ ਰਹੇ ਹਨ। ਇਸੇ ਕਰਕੇ ਇਕੋ ਪਾਸੜ ਪੰਜਾਬ ਦੀ ਜਨਤਾ ਨੇ ਝਾੜੂ ਦੀ ਜਗਾ ਵੈਕਯੂਮਕਲੀਨਰ ਹੀ ਚਲਾ ਦਿੱਤਾ। ਕੇਜਰੀਵਾਲ-ਮਾਨ ਨੂੰ ਹੂੰਝਾ ਫੇਰੂ ਜਿੱਤ ਦਿੱਤੀ ਹੈ। ਇਹੋ ਜਿਹੀ ਜਿੱਤ ਕਦੇ ਸ਼੍ਰੋਮਣੀ ਅਕਾਲੀ ਦਲ ਬਾਦਲ-ਭਾਜਪਾ ਦੇ ਗੱਠਜੋੜ ਨੂੰ ਲੋਕਾਂ ਵੱਲੋਂ ਦਿੱਤੀ ਗਈ ਸੀ। ਜਦੋਂ ਹੁਣ ਨਾਲੋਂ ਵੀ ਇਕ ਵੱਧ ਸੀਟ ਜਾਣੀ 93 ਸੀਟਾਂ ਗੱਠਜੋੜ ਦੀ ਝੋਲੀ ਪਾਈਆਂ ਸਨ। ਪਰ ਅਕਾਲੀ-ਭਾਜਪਾ ਵਾਲੇ ਸਿਆਸਤਦਾਨ ਲੋਕਾਂ ਦੀ ਸੋਚ 'ਤੇ ਖਰੇ ਨਹੀਂ ਉਤਰੇ ਸਨ। ਸਮਾਂ ਪੈਂਦਿਆਂ ਹੀ ਲੋਕਾਂ ਨੇ ਉਨਾਂ ਨੂੰ ਆਪਣੇ ਗਲੋਂ ਲਾਹ ਵਗਾਹ ਮਾਰਿਆ।

ਲੋਕਾਂ ਦੀਆਂ ਆਸਾਂ ਉਮੀਦਾਂ 'ਤੇ ਖਰਾ ਉਤਰਨ ਵਾਲੀਆਂ ਕਿਸਾਨ ਜਥੇਬੰਦੀਆਂ ਜਿਨਾਂ ਨੇ ਦਿੱਲੀ ਦੀਆਂ ਬਰੂਹਾਂ 'ਤੇ ਮੋਰਚੇ ਲਾਏ, ਤਿੰਨੇ ਕਾਲੇ ਕਾਨੂੰਨ ਵਾਪਸ ਲੈਣ ਲਈ ਨਰਿੰਦਰ ਮੋਦੀ ਨੂੰ ਮਜਬੂਰ ਕੀਤਾ, ਉਹ ਕਿਸਾਨ ਨੇਤਾ ਲੋਕਾਂ ਦੀਆਂ ਅੱਖਾਂ ਦੇ ਤਾਰੇ ਬਣੇ ਅਤੇ ਉਨਾਂ ਵਿਚੋਂ ਜਿਹੜੇ ਲੋਕਾਂ ਨੂੰ ਦਾਗ਼ੀ ਦਿਸੇ ਉਨਾਂ ਨੂੰ ਵਿਧਾਨ ਸਭਾ ਚੋਣਾਂ ਤੱਕ ਉਨਾਂ ਨੇ ਨਕਾਰ ਦਿੱਤਾ। ਜੂਝਣ ਵਾਲੇ ਲੋਕਾਂ ਲਈ ਲੜਨ ਵਾਲੇ, ਲੋਕਾਂ ਲਈ ਖੜਨ ਵਾਲੇ, ਧੱਕੇ ਧੌਂਸ ਵਿਰੁੱਧ ਸਿਆਸਤ ਕਰਨ ਵਾਲੇ, ਸਿਰੜੀ ਲੋਕਾਂ ਨੂੰ ਪੰਜਾਬੀ ਸਦਾ ਪਸੰਦ ਕਰਦੇ ਹਨ। ਸ਼ਹੀਦ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਉਨਾਂ ਦਾ ਆਦਰਸ਼ ਹੈ ਅਤੇ ਇਸੇ ਆਦਰਸ਼ ਦਾ ਚਿਹਰਾ ਮੋਹਰਾ ਜਿਥੇ ਕਿਧਰੇ ਵੀ ਉਨਾਂ ਨੂੰ ਦਿੱਸਦਾ ਹੈ ਉਹ ਲਾਮਬੰਦ ਹੋ ਉਧਰ ਹੀ ਵਹੀਰਾਂ ਘੱਤ ਤੁਰ ਪੈਂਦੇ ਹਨ। ਵੇਖੋ ਨਾ ਹੁਣ ਆਪ ਹੀ ਆਪ ਹੈ ਬਾਕੀ ਸਭ ਸਾਫ਼ ਹੈ। ਸੀਨੀਅਰ-ਜੂਨੀਅਰ ਬਾਦਲ-ਸਿੱਧੂ, ਚੰਨੀ-ਅਮਰਿੰਦਰ ਸਭ ਲੁੜਕ ਗਏ ਹਨ। ਪਰ ਇਹ ਆਸ ਲੋਕਾਂ ਦੇ ਆਸ਼ਿਆਂ 'ਤੇ ਪੂਰੀ ਉਤਰੇਗੀ ? ਆਪ ਵਿਚਲੇ ਨੇਤਾ ਜੋ ਆਮ ਤੌਰ 'ਤੇ ਰਵਾਇਤੀ ਪਾਰਟੀਆਂ ਵਿਚੋਂ ਪੁੱਟੇ ਗਏ ਹਨ ਲੋਕਾਂ ਦੇ ਹਾਣ-ਪ੍ਰਵਾਨ ਹੋ ਸਕਣਗੇ ?

ਪੰਜਾਬ ਦੇ ਲੋਕਾਂ ਵਿਚ ਸਿਆਸਤਦਾਨਾਂ ਪ੍ਰਤੀ ਵੱਡਾ ਅਵਿਸ਼ਵਾਸ ਹੈ। ਲੋਕਾਂ ਦੇ ਮਨਾਂ 'ਚ ਆਪਣੇ ਬੱਚਿਆਂ ਪ੍ਰਤੀ ਚਿੰਤਾ ਹੈ। ਰੁਜ਼ਗਾਰ ਦਾ ਮਸਲਾ ਉਨਾਂ ਨੂੰ ਵੱਢ-ਵੱਢ ਖਾ ਰਿਹਾ ਹੈ। ਲੋਕਾਂ ਦੇ ਮਨਾਂ 'ਚ ਭੈੜੇ ਸਰਕਾਰੀ ਤੰਤਰ ਪ੍ਰਤੀ ਕੁੜੱਤਣ ਹੈ। ਲੋਕਾਂ ਦੇ ਮਨਾਂ ਵਿਚ ਸਰਕਾਰ ਪ੍ਰਤੀ ਨਿਰਾਸ਼ਾ ਹੈ। ਪੰਜਾਬ ਦੇ ਲੋਕ ਇਸ ਗੱਲੋਂ ਵੀ ਚਿੰਤਤ ਹਨ ਕਿ ਉਨਾਂ ਦਾ ਜੱਦੀ ਪੁਸ਼ਤੀ ਰੁਜ਼ਗਾਰ ਖੇਤੀ ਘਾਟੇ ਵੱਲ ਜਾ ਰਿਹਾ ਹੈ ਅਤੇ ਉਨਾਂ ਦੇ ਖੇਤ ਖਲਵਾੜ ਲਗਾਤਾਰ ਘੱਟ ਰਹੇ ਹਨ। ਅਸਲ ਵਿਚ ਕਾਰਪੋਰੇਟ ਦੇ ਪ੍ਰਭਾਵ ਨੇ ਪੰਜਾਬ ਵਿਚ ਵੀ ਪੂਰੀ ਤਰਾਂ ਪੈਰ ਪਸਾਰੇ ਹੋਏ ਹਨ ਅਤੇ ਪੰਜਾਬ ਇਸ ਦੀ ਪੂਰੀ ਜਕੜ ਵਿਚ ਹੈ। ਕੋਈ ਵੀ ਸਿਆਸੀ ਧਿਰ ਪੰਜਾਬ ਵਿਚ ਇਸ ਦੇ ਪ੍ਰਭਾਵ ਤੋਂ ਬਚੀ ਹੋਈ ਨਹੀਂ। ਉਂਜ ਵੀ ਪੰਜਾਬ 'ਚ ਸਿਆਸਤ ਦਾ ਅਰਥ ਭ੍ਰਿਸ਼ਟਾਚਾਰ, ਲੜਾਈ-ਝਗੜਾ, ਥਾਣਿਆਂ 'ਚ ਪਰਚੇ (ਐਫ.ਆਈ.ਆਰ.) ਧੜੇਬੰਦੀ ਨੂੰ ਹੀ ਮੰਨਿਆ ਜਾਂਦਾ ਹੈ। ਸਿਆਸੀ ਕਿੜ ਕੱਢਣਾ ਅਤੇ ਫਿਰ ਸਾਮ-ਦਾਮ-ਦੰਡ ਦੀ ਵਰਤੋਂ ਕਰਦਿਆਂ ਵੋਟਾਂ ਹਥਿਆਉਣਾ ਸਿਆਸਤਦਾਨਾਂ ਦਾ ਕਿਰਦਾਰ ਰਿਹਾ ਹੈ। ਕੀ ਇਹ ਨੀਤ ਅਤੇ ਨੀਤੀ ਭਵਿੱਖ 'ਚ ਪੰਜਾਬ ਵਿਚ ਬਦਲੇਗੀ ? ਕਿਉਂਕਿ ਪੰਜਾਬ ਨੇ ਇਸ ਨੀਤ ਅਤੇ ਨੀਤੀ ਦੇ ਵਿਰੁੱਧ ਵਿਦਰੋਹ ਕੀਤਾ ਹੈ ਅਤੇ ਸਿਆਸਤ ਨੂੰ ਵਿਕਾਸ ਅਤੇ ਬਿਹਤਰ ਕਾਰਗੁਜ਼ਾਰੀ ਮੰਨ ਕੇ ਨਵਿਆਂ ਨੂੰ ਅੱਗੇ ਲਿਆਂਦਾ ਹੈ। ਕਿਉਂਕਿ ਆਮ ਆਦਮੀ ਪਾਰਟੀ ਨੇ ਵਿਕਾਸ ਦੀ ਗੱਲ ਕੀਤੀ ਹੈ। ਬਿਹਤਰ ਰਾਜਪ੍ਰਬੰਧ ਦੀ ਬਾਤ ਪਾਈ ਹੈ, ਦਿੱਲੀ ਮਾਡਲ ਨੂੰ ਬਿਹਤਰ ਸਮਝ ਕੇ ਪੰਜਾਬ ਨੂੰ ਵੀ ਉਸੇ ਮਾਡਲ 'ਤੇ ਲਿਆਉਣ ਲਈ ਲੋਕਾਂ ਦੇ ਸੁਪਨੇ ਸਿਰਜੇ ਹਨ। ਨਿਕੰਮੀ ਭ੍ਰਿਸ਼ਟਾਚਾਰੀ ਲਾਪ੍ਰਵਾਹੀ ਵਾਲੀ ਨੀਤੀ ਨੂੰ ਹੂੰਝਾ ਫੇਰਨ ਦਾ ਉਨਾਂ ਸੰਕਲਪ ਲਿਆ ਹੈ।

ਆਮ ਆਦਮੀ ਪਾਰਟੀ ਕਿਸੇ ਸਿਆਸੀ ਸਿਧਾਂਤ ਨੂੰ ਪ੍ਰਣਾਈ ਹੋਈ ਨਹੀਂ। ਇਸ ਪਾਰਟੀ ਵਿਚ ਉਹ ਲੋਕ ਵੀ ਸ਼ਾਮਲ ਹੋਏ ਜਾਂ ਕੀਤੇ ਗਏ ਹਨ ਜਿਨਾਂ ਨੇ ਲੋਕ ਸੇਵਾ ਨਾਲੋਂ ਤਾਕਤ ਦੀ ਤਾਂਘ ਜ਼ਿਆਦਾ ਹੈ। ਉਹ ਆਪੋ-ਆਪਣੀ ਬੋਲੀ ਬੋਲਦੇ ਹਨ। ਬਿਨਾਂ ਸ਼ਰਤ ਪੰਜਾਬ ਦੇ ਲੋਕ ਕਾਹਲੇ ਨਹੀਂ ਹਨ ਪਰ ਜਜ਼ਬਾਤੀ ਤੇ ਪਾਰਖੂ ਹਨ। ਉਹ ਨਵੀਂ ਪਾਰਟੀ ਦੀ ਕਾਰਗੁਜ਼ਾਰੀ ਦੇਖਣਗੇ, ਸਿਰਫ਼ ਰਿਆਇਤਾਂ ਦੀ ਰਾਜਨੀਤੀ ਨੂੰ ਪ੍ਰਵਾਨ ਨਹੀਂ ਕਰਨਗੇ। ਪੰਜਾਬ ਦੇ ਸੰਘੀ ਢਾਂਚੇ ਨੂੰ ਕੇਂਦਰ ਵਲੋਂ ਸੱਟ ਮਾਰਨ ਲਈ ਲਗਾਤਾਰ ਯਤਨ ਹੋ ਰਹੇ ਹਨ। ਇਸ ਸਬੰਧੀ ਆਪ ਵਾਲਿਆਂ ਦਾ ਕੀ ਸਟੈਂਡ ਹੋਵੇਗਾ ? ਪੰਜਾਬ ਦੇ ਦਰਿਆਈ ਪਾਣੀਆਂ ਪ੍ਰਤੀ ਉਨਾਂ ਦੀ ਕੀ ਨੀਤੀ ਹੋਵੇਗੀ ? ਪੰਜਾਬ ਦੇ ਨੌਜਵਾਨਾਂ ਦੇ ਰੁਜ਼ਗਾਰ, ਨੌਕਰੀਆਂ ਲਈ ਸੰਘਰਸ਼ ਕਰਨ ਵਾਲੇ ਨੌਜਵਾਨਾਂ ਅਤੇ ਮੁਲਾਜ਼ਮਾਂ ਪ੍ਰਤੀ ਉਨਾਂ ਦੀ ਪਹੁੰਚ ਕੀ ਹੋਵੇਗੀ। ਪੰਜਾਬ ਦੇ ਖੇਤੀ ਖੇਤਰ ਲਈ ਉਨਾਂ ਦੀਆਂ ਕੀ ਪਹਿਲਾਂ ਹੋਣਗੀਆਂ ?

ਆਮ ਆਦਮੀ ਪਾਰਟੀ ਖ਼ਾਸ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਦੇ ਸਾਹਮਣੇ ਮੁਫ਼ਤ ਭਲਾਈ ਸਕੀਮਾਂ ਲਈ ਬਜ਼ਟ ਰੱਖਣਾ, ਦਿੱਲੀ ਦੇ ਗਲਬੇ ਤੋਂ ਮੁਕਤ ਹੋਕੇ ਫ਼ੈਸਲੇ ਲੈਣ, ਪਾਰਦਰਸ਼ੀ ਤੇ ਇਮਾਨਦਾਰੀ ਵਾਲੀ ਸਰਕਾਰ ਦੇਣ, ਭਾਵਨਾਤਮਕ ਮੁੱਦਿਆਂ ਉਤੇ ਕਾਰਵਾਈ ਕਰਨ ਅਤੇ ਵਿਕਾਸ ਅਤੇ ਸਵੱਛ ਪੰਜਾਬ ਮਾਡਲ ਬਣਾਕੇ ਕੌਮੀ ਸਿਆਸਤ ਵਿੱਚ ਦਾਖ਼ਲ ਹੋਣ ਜਿਹੀਆਂ ਵੱਡੀਆਂ ਚਣੌਤੀਆਂ ਹਨ। ਇਸ ਵੇਲੇ ਲੋਕਾਂ ਦੀਆਂ ਆਸਾਂ ਅਤੇ ਉਮੀਦਾਂ ਵੱਡੀਆਂ ਹਨ। ਪੰਜਾਬ ਸਿਰ ਵੱਡਾ ਕਰਜ਼ਾ ਹੈ। ਕੀ ਭ੍ਰਿਸ਼ਟਾਚਾਰ ਖ਼ਤਮ ਕਰਕੇ ਅਤੇ ਰੇਤ ਮਾਫੀਏ ਉਤੇ ਸਰਕਾਰੀ ਕੰਟਰੋਲ ਕਰਕੇ ਸਰਕਾਰ ਇਹਨਾ ਭਲਾਈ ਸਕੀਮਾਂ ਲਈ ਫੰਡ ਜੁਟਾ ਸਕੇਗੀ ?ਕੀ ਇਹ ਭਗਵੰਤ ਮਾਨ ਦਿੱਲੀ ਦੇ ਹਾਈ ਕਮਾਂਡ ਕਲਚਰ ਅਤੇ ਦਿੱਲੀ ਤੋਂ ਪੰਜਾਬ ਵਿੱਚ ਬੈਠੇ ਹਲਕਾ ਇੰਚਾਰਜ ਕਲਚਰ ਤੋਂ ਖਹਿੜਾ ਛੁਡਾ ਸਕਣਗੇ ਜਾਂ ਸੁਖਪਾਲ ਖਹਿਰਾ, ਕੰਵਰ ਸੰਧੂ, ਧਰਮਵੀਰ ਵਰਗੇ ਆਗੂਆਂ ਵਾਂਗਰ ਬਾਹਰ ਦਾ ਰਸਤਾ ਫੜਨਗੇ ਜਾਂ ਬਾਹਰ ਕਰ ਦਿੱਤੇ ਜਾਣਗੇ ?


ਆਮ ਆਦਮੀ ਪਾਰਟੀ ਦਾਅਵਾ ਕਰਦੀ ਹੈ ਕਿ ਪੰਜਾਬ ਨੂੰ ਮਾੜੀ ਆਰਥਿਕ ਹਾਲਤ, ਕਰਜ਼ ਅਤੇ ਲਾਲ ਫੀਤਾਸ਼ਾਹੀ ਤੋਂ ਛੁਟਕਾਰਾ ਦੁਆਇਆ ਜਾਏਗਾ। ਭਗਵੰਤ ਮਾਨ ਸਾਹਮਣੇ ਕੀ ਰਿਵਾਇਤੀ ਪਾਰਟੀਆਂ ਵਾਲੇ ਕਲਚਰ ਤੋਂ ਆਏ ਨੇਤਾ ਇੱਕ ਚਣੌਤੀ ਨਹੀਂ ਹੋਣਗੇ ?

ਆਪ ਸਾਹਮਣੇ ਸਭ ਤੋਂ ਵੱਡੀ ਚਣੌਤੀ ਭਾਵਨਾਤਮਕ ਮੁੱਦੇ, ਜਿਹਨਾਂ 'ਚ ਪੰਜਾਬ ਦੀ ਕਿਸਾਨੀ ਦਾ ਮੁੱਦਾ, ਪ੍ਰਵਾਸ ਦਾ ਮੁੱਦਾ, ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦਾ ਮੁੱਦਾ ਆਦਿ ਇਹੋ ਜਿਹੇ ਮੁੱਦੇ ਹਨ, ਜਿਹਨਾ ਨੂੰ ਦ੍ਰਿੜ ਵਿਸ਼ਵਾਸ਼ ਨਾਲ ਹੀ ਸੁਲਝਾਇਆ ਜਾ ਸਕਦਾ ਹੈ।

ਬਿਨ੍ਹਾਂ ਸ਼ੱਕ ਆਪ ਨੇ ਪੰਜਾਬ ਜਿੱਤਿਆ ਹੈ। ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਦਾ ਸਿਆਸੀ ਕੱਦ ਵਧਿਆ ਹੈ। ਕੇਜਰੀਵਾਲ ਦੀ ਤਾਂਘ ਪੰਜਾਬ ਦੀ ਪੌੜੀ ਤੇ ਸਫਲ ਪੰਜਾਬ ਮਾਡਲ ਰਾਹੀਂ ਕੌਮੀ ਸਿਆਸਤ 'ਚ ਅਹਿਮ ਭੂਮਿਕਾ ਨਿਭਾਉਣ ਦੀ ਹੈ। ਪੰਜਾਬ ਉਹਨਾ ਲਈ ਚੈਲਿੰਜ ਹੈ।ਸਵਾਲ ਇਹ ਵੀ ਪੈਦਾ ਹੋਵੇਗਾ ਕਿ ਦਿੱਲੀ ਮਾਡਲ ਜਿਸ ਦੀ ਚਰਚਾ ਵੱਡੇ ਪੱਧਰ 'ਤੇ ਖਾਸ ਕਰਕੇ ਸਿੱਖਿਆ ਅਤੇ ਸਿਹਤ ਦੇ ਸੁਧਾਰ ਲਈ ਹੋ ਰਹੀ ਹੈ ਕੀ ਹੂ-ਬ-ਹੂ ਪੰਜਾਬ ਵਿਚ ਉਹ ਕਾਮਯਾਬ ਹੋਵੇਗੀ ? ਪੰਜਾਬ ਦਾ ਸੱਭਿਆਚਾਰ ਵੱਖਰਾ ਹੈ, ਪੰਜਾਬ ਦੇ ਹਾਲਾਤ ਵੱਖਰੇ ਹਨ, ਪੰਜਾਬ ਦੇ ਲੋਕਾਂ ਦੀ ਸੋਚ-ਸਮਝ ਦਾ ਢੰਗ-ਤਰੀਕਾ ਨਿਵੇਕਲਾ ਹੈ, ਲੋਕ ਹੁਣ ਖੁੰਢ ਚਰਚਾ ਕਰਨ ਲੱਗੇ ਹਨ, ਲੋਕ ਹੁਣ ਸਿਆਸਤਦਾਨਾਂ ਤੋਂ ਸਵਾਲ ਪੁੱਛਣ ਲੱਗੇ ਹਨ। ਕਿਸਾਨ ਅੰਦੋਲਨ ਨੇ ਲੋਕ ਚੇਤਨਾ ਵਿਚ ਵਾਧਾ ਕੀਤਾ ਹੈ। ਲੋਕ ਸੁਪਰੀਮੋ ਵਰਗੇ ਉਸਰ ਰਹੇ ਸਭਿਆਚਾਰ ਵਿਚ ਮਨਮਾਨੀਆਂ ਦੀ ਸਿਆਸਤ ਨੂੰ ਨਕਾਰ ਰਹੇ ਹਨ। ਅਸਹਿਮਤੀ ਪ੍ਰਗਟਾਉਣ 'ਚ ਗੁਰੇਜ਼ ਨਹੀਂ ਕਰਦੇ। ਆਮ ਆਦਮੀ ਪਾਰਟੀ ਨੂੰ ਲੋਕਾਂ ਦੇ ਰੋਸ, ਰੋਹ, ਵਿਦਰੋਹ ਅਤੇ ਬਦਲਾਅ ਦੀ ਨੀਤੀ ਨੂੰ ਯਾਦ ਰੱਖਣਾ ਹੋਵੇਗਾ।

## ਮੁੱਖ ਮੰਤਰੀ ਪੰਜਾਬ ਦੇ ਧਿਆਨ ਹਿੱਤ

# ਮਾਨ ਸਾਹਿਬ ਆਮ ਤੋਂ ਖ਼ਾਸ ਲੋਕਾਂ ਨੇ ਤੁਹਾਨੂੰ ਬਣਾ ਦਿੱਤਾ ਹੈ,ਮਸਲੇ ਹੱਲ ਕਰਨ ਦੇ ਨਾਲ ਨਾਲ ਦਾਮਨ ਵੀ ਬਚਾਇਓ



ਜਸਵੀਰ ਸ਼ਰਮਾਂ ਦੱਦਾਹੂਰ
95691-49556
ਸ੍ਰੀ ਮੁਕਤਸਰ ਸਾਹਿਬ

ਇਸ ਵਿੱਚ ਕੋਈ ਦੋ ਰਾਇ ਨਹੀਂ ਹੈ ਸ੍ਰ ਭਗਵੰਤ ਮਾਨ ਜੀ ਕਿ ਤੁਹਾਡੀ ਹਲੀਮੀ ਤੁਹਾਡੇ ਜਜ਼ਬੇ, ਤੁਹਾਡੇ ਸਬਰ ਅਤੇ ਅੱਠ ਸਾਲ ਦੀ ਮਿਹਨਤ ਰੰਗ ਲਿਆਈ ਹੈ। ਤੁਸੀਂ ਜਿਵੇਂ ਆਪਣੀ ਗਾਇਕੀ ਅਤੇ ਕਮੇਡੀ ਦੇ ਦੌਰ ਵਿੱਚ ਲੋਕਾਂ ਦੇ ਦਿਲਾਂ ਤੇ ਰਾਜ ਕੀਤਾ ਹੈ ਨਿਰਸੰਦੇਹ ਬਿਲਕੁਲ ਇਸੇ ਤਰ੍ਹਾਂ ਹੀ ਤੁਸੀਂ ਸਿਆਸਤ ਵਿੱਚ ਵੀ ਹਾਲੇ ਤੱਕ ਆਪਣੇ ਦਾਮਨ ਨੂੰ ਬਿਲਕੁਲ ਚਿੱਟੀ ਚਾਦਰ ਵਾਂਗ ਹੀ ਸੰਭਾਲ ਰੱਖਿਆ ਹੈ,ਜਿਸ ਨੂੰ ਲੁਕਾਈ ਅੱਛੀ ਤਰ੍ਹਾਂ ਜਾਣਦੀ ਹੈ, ਇਸੇ ਕਰਕੇ ਹੀ ਪੰਜਾਬੀ ਭਾਈਚਾਰੇ ਨੇ ਤੁਹਾਨੂੰ ਆਪਣੀਆਂ ਪਲਕਾਂ ਤੇ ਬਿਠਾਇਆ ਹੈ,ਉਸ ਦਾ ਨਤੀਜਾ ਸੱਭ ਦੇ ਸਾਹਮਣੇ ਹੈ। ਜੇਕਰ ਜਦੋਂ ਦਾ ਦੇਸ਼ ਆਜ਼ਾਦ ਹੋਇਆ ਹੈ ਓਦੋਂ ਤੋਂ ਲੈਕੇ ਅੱਜ ਤੱਕ ਦੀਆਂ ਵਿਧਾਨ ਸਭਾ ਦੀਆਂ ਚੋਣਾਂ ਦੀ ਗੱਲ ਕਰੀਏ ਤਾਂ ਇਹ ਦਸ ਮਾਰਚ ਵੀਹ ਸੌ ਬਾਈ ਵਾਲਾ ਦਿਨ ਇਤਿਹਾਸਕ ਹੋ ਨਿਬੜਿਆ ਹੈ,ਜੇ ਮੈਂ ਗਲਤ ਨਾ ਹੋਵਾਂ ਤਾਂ ਸੰਨ ਸੰਤਾਲੀ ਤੋਂ ਲੈਕੇ ਬਾਈ ਤੱਕ ਐਨਾ ਵੱਡਾ ਬਹੁਮਤ ਕਿਸੇ ਵੀ ਰਵਾਇਤੀ ਜਾਂ ਖੇਤਰੀ ਪਾਰਟੀ ਦੇ ਹਿੱਸੇ ਅੱਜ ਤੱਕ ਨਹੀਂ ਆਇਆ ਜੋ ਆਮ ਆਦਮੀ ਪਾਰਟੀ ਦੇ ਹਿੱਸੇ ਆਇਆ ਹੈ।ਇਸ ਤੋਂ ਪਹਿਲਾਂ ਕੇਜਰੀਵਾਲ ਸਾਹਿਬ ਨੇ ਵੀ ਇਤਹਾਸਕ ਜਿੱਤ ਦਿੱਲੀ ਵਿੱਚ ਦਰਜ ਕੀਤੀ, ਜਦੋਂ ਇੱਕ ਵਾਰ ਅਸਤੀਫੇ ਤੋਂ ਬਾਅਦ ਵੀ ਸੱਤਰ ਚੋਂ ਸਤਾਹਠ ਸੀਟਾਂ ਲੈਕੇ ਦਿੱਲੀ ਫਤਿਹ ਕੀਤੀ।ਮਾਨ ਸਾਹਿਬ ਦੇਸ਼ ਦੀ ਸਿਆਸਤ ਬਹੁਤ ਗੰਧਲੀ ਹੋ ਚੁੱਕੀ ਹੈ ਜਿਸ ਦਾ ਤੁਹਾਨੂੰ ਭਲੀਭਾਂਤ ਪਤਾ ਹੈ।ਇਸ ਨੂੰ ਸਹੀ ਲਾਈਨ ਤੇ ਲਿਆਉਣ ਅਤੇ ਲੱਗੇ ਦਾਗਾਂ ਨੂੰ ਧੋਣ ਲਈ ਬਹੁਤ ਸਮਾਂ, ਬਹੁਤ ਦਲੇਰੀ ਹੌਸਲੇ ਅਤੇ ਹਿੰਮਤ ਦੇ ਨਾਲ ਨਾਲ ਸਹਿਣਸ਼ੀਲਤਾ ਦੀ ਬਹੁਤ ਲੋੜ ਹੈ, ਵਾਹਿਗੁਰੂ ਤੁਹਾਨੂੰ ਤੇ ਤੁਹਾਡੀ ਸਮੁੱਚੀ ਪਾਰਟੀ ਨੂੰ ਇਹ ਬਲ ਬਖ਼ਸ਼ੇ।ਪੰਜਾਬ ਦੇ ਉਲਝੇ ਹੋਏ ਮਸਲੇ ਜਿਨ੍ਹਾਂ ਤੋਂ ਆਪ ਬਹੁਤ ਚੰਗੀ ਤਰ੍ਹਾਂ ਵਾਕਫ ਹੋਂ ਅਤੇ ਸੱਭ ਤੋਂ ਜ਼ਿਆਦਾ ਪ੍ਰਭਾਵਿਤ ਢੰਗ ਨਾਲ ਲੋਕ ਸਭਾ ਵਿੱਚ ਉਠਾਉਂਦੇ ਰਹੇ ਹੋਂ ਓਹ ਵੀ ਸਾਨੂੰ ਸਭਨਾਂ ਨੂੰ ਪਤਾ ਹੈ। ਹੁਣ ਇਹ ਜੋ ਸੇਜ ਆਪ ਜੀ ਨੂੰ ਕੁੱਲ ਆਵਾਮ ਨੇ ਸੌਂਪੀ ਹੈ ਇਹ ਮਖਮਲੀ ਨਹੀਂ ਇਹ ਕੰਡਿਆਂ ਵਾਲੀ ਸੇਜ ਹੈ। ਵਿਰੋਧੀਆਂ ਅਤੇ ਸ਼ਰੀਕਾਂ ਦੀਆਂ ਗੱਲਾਂ ਦਾ ਕਿਵੇਂ ਸਾਹਮਣਾ ਕਰਨਾ ਹੈ ਇਸ ਦੀ ਵੀ ਤੁਹਾਨੂੰ ਕੋਈ ਭੁੱਲ ਨਹੀਂ ਹੈ।ਕੋਹ ਨਾਂ ਚੱਲੀ ਬਾਬਾ ਤਿਹਾਈ ਵਾਲੀ ਗੱਲ ਬਾਤ ਤਾਂ ਸ਼ੁਰੂ ਵੀ ਹੋ ਚੁੱਕੀ ਹੈ ਸਹੁੰ ਚੁੱਕ ਸਮਾਗਮ ਤੋਂ ਪਹਿਲਾਂ ਹੀ,ਜਿਸ ਦੀ ਮੀਡੀਆ ਵਿੱਚ ਆਮ ਚਰਚਾ ਹੈ, ਕਿ ਕੇਜਰੀਵਾਲ ਸਾਹਿਬ ਦੇ ਪੈਰੀਂ ਹੱਥ ਕਿਉਂ ਲਾਏ ਦਿੱਲੀ ਪਹੁੰਚ ਕੇ ਭਗਵੰਤ ਮਾਨ ਨੇ,ਇਹ ਗੱਲ ਮਨਜਿੰਦਰ ਸਿੰਘ ਸਿਰਸਾ ਨੇ ਮੀਡੀਆ ਵਿੱਚ ਕੀਤੀ ਹੈ ਜਦੋਂ ਕਿ ਈ ਡੀ ਦੇ ਛਾਪਿਆਂ ਤੋਂ ਬਚਣ ਲਈ ਓਹ ਖੁਦ ਮੋਦੀ ਸਾਹਿਬ ਦੀ ਛਤਰੀ ਹੇਠ ਲੁਕਿਆ ਹੋਇਆ ਹੈ,ਇਹ ਵੀ ਪਤਾ ਲੱਗਾ ਹੈ ਕਿ ਕੇਜਰੀਵਾਲ ਦੀਵਾਨ ਟੋਡਰ ਮੱਲ ਦੀ ਅੰਸ਼ ਚੋਂ ਨੇ ਜਿਨ੍ਹਾਂ ਨੇ ਗੁਰਸਿੱਖੀ ਲਈ ਕੀ ਕੁੱਝ ਕੀਤਾ ਹੈ ਜਿਸ ਨੂੰ ਕੁੱਲ ਲੁਕਾਈ ਕਦੇ ਵੀ ਨਹੀਂ ਭੁਲਾ ਸਕਦੀ, ਇੱਕ ਵੱਡੇ ਭਾਈ ਦੇ ਜੇ ਛੋਟਾ ਭਰਾ ਪੈਰੀਂ ਹੱਥ ਲਾਉਂਦਾ ਵੀ ਹੈ ਤਾਂ ਉਸ ਨੂੰ ਐਨੀ ਨਫ਼ਰਤ ਕਿਉਂ ? ਜਦੋਂ ਕਿ ਇਹ ਸੱਭ ਸਾਡੇ ਪੁਰਖਿਆਂ ਦੀ ਸਾਨੂੰ ਦੇਣ ਹੈ,ਇਸ ਲਈ ਹੀ ਕਹਿਣਾ ਪਿਆ ਕਿ ਛੱਜ ਤਾਂ ਬੋਲੇ ਛਾਣਨੀ ਕੀ ਬੋਲੇ। ਖੈਰ ਕੁੱਝ ਵੀ ਹੋਵੇ ਕਹਿਣ ਦਾ ਭਾਵ ਕਿ ਇੱਕ ਉਦਾਹਰਣ ਹੈ÷ ਸ਼ਰੀਕ ਘਰ ਵਿੱਚ ਬੇਦੀ ਨਹੀਂ ਗੱਡਦੇ ਉਂਝ ਕਸਰ ਕੋਈ ਨੀ ਛੱਡਦੇ÷ਬਿਲਕੁਲ ਵਿਰੋਧੀਆਂ ਦੇ ਝਾਂਸੇ ਵਿੱਚ ਅਤੇ ਗੱਲਾਂ ਵਿੱਚ ਨਹੀਂ ਆਉਣਾ ਬਲਕਿ ਹਾਥੀ ਵਾਲੀ ਚਾਲ ਚਲਦੇ ਰਹੋ, ਪੰਜਾਬੀਆਂ ਨਾਲ ਕੀਤੇ ਵਾਅਦੇ ਹੌਲੀ ਹੌਲੀ ਪੂਰੇ ਕਰਦੇ ਰਹੋ।ਤੁਹਾਡਾ ਹਰਾ ਪਿੰਨ ਬੇਰੁਜ਼ਗਾਰੀ, ਨਸ਼ਿਆਂ, ਪੁਲਿਸ ਪ੍ਰਸ਼ਾਸਨ ਦੇ ਖੁੱਲ੍ਹੇ ਲਗਾਮ,ਸਿਹਤ ਸਹੂਲਤਾਂ, ਮੁਲਾਜ਼ਮਾਂ, ਬੁਢਾਪੇ, ਵਿਦੇਸ਼ਾਂ ਵਿੱਚ ਜਾਂਦੀ ਜਵਾਨੀ ਨੂੰ ਬਚਾਉਣ ਅਤੇ ਬੇਘਰਿਆਂ ਦੇ ਸਿਰ ਢਕਣ ਲਈ ਸਦਾ ਚਲਦਾ ਰਹੇ। ਤੁਸੀਂ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਲਈ ਆਪਣੇ ਹੱਥ ਆਈ ਤਾਕਤ ਨੂੰ ਪੰਜਾਬੀ ਭਾਈਚਾਰੇ ਨੂੰ ਸਮਰਪਿਤ ਕਰਦੇ ਰਹੋਂ ਇਹੋ ਕਾਮਨਾ ਕਰਦੇ ਹਾਂ।ਇਸ ਵਿੱਚ ਵੀ ਕੋਈ ਦੋ ਰਾਇ ਨਹੀਂ ਹੁੰਦੀ ਕਿ ਜਦੋਂ ਕੋਈ ਵੀ ਪਾਰਟੀ ਸੱਤਾ ਵਿੱਚ ਆਉਂਦੀ ਹੈ ਉਸ ਵਿੱਚ ਖੱਬਿਓਂ ਸੱਜਿਓਂ ਕੁੱਝ ਕੁ ਸ਼ਰਾਰਤੀ ਅਨਸਰ ਜਾਂ ਕਹਿ ਲਈਏ ਕਿ ਕਾਲੀਆਂ ਭੇਡਾਂ ਵੀ ਲੁੱਕ ਛੁੱਪ ਕੇ ਆ ਵੜਦੀਆਂ ਹਨ,ਸੋ ਓਨਾਂ ਤੋਂ ਵੀ ਬਹੁਤ ਸੁਚੇਤ ਰਹਿਣ ਦੀ ਅਤਿਅੰਤ ਲੋੜ ਹੈ। ਪਾਰਟੀ ਦੇ ਵਿੱਚ ਹੀ ਲੱਤਾਂ ਖਿੱਚਣ ਵਾਲੇ ਬਹੁਤ ਹੁੰਦੇ ਹਨ,ਇਸ ਲਈ ਫੂਕ ਫੂਕ ਕੇ ਪੈਰ ਰੱਖਣੇ। ਤੁਸੀਂ ਸ਼ਹੀਦਾਂ ਦੇ ਸੁਪਨਿਆਂ ਦੇ ਭਾਰਤ ਲਈ ਆਪਣੀ ਵਚਨਬੱਧਤਾ ਦੁਹਰਾਉਂਦੇ ਰਹੇ ਹੋਂ,ਉਸ ਤੇ ਖਰੇ ਉਤਰਨਾ। ਤੁਸੀਂ ਪੁਰਾਤਨ ਪੰਜਾਬ ਦੀ ਗੱਲ ਕਰਦੇ ਰਹੇ ਹੋਂ, ਚੇਤੇ ਰੱਖਣਾ, ਤੁਸੀਂ ਪਿੰਡਾਂ ਚੋਂ, ਵਾਰਡਾਂ ਚੋਂ ਸ਼ਹਿਰਾਂ ਚੋਂ ਪੰਜਾਬ ਦੀ ਸਿਆਸਤ ਚਲਾਉਣ ਦੀ ਗੱਲ ਸਟੇਜਾਂ ਤੋਂ ਸਾਂਝੀ ਕਰਦੇ ਰਹੇ ਹੋਂ, ਚੇਤਿਆਂ ਚ ਵਸਾ ਕੇ ਰੱਖਣਾ, ਤੁਸੀਂ ਹਰ ਵੱਡੀ ਉਮਰ ਵਾਲੀ ਬੀਬੀ ਨੂੰ ਮਾ ਕਿਹਾ ਹੈ,ਹਰ ਬਰਾਬਰ ਦੀ ਨੂੰ ਭੈਣ ਅਤੇ ਹਮ ਉਮਰ ਨੂੰ ਭਰਾ ਕਿਹਾ ਹੈ, ਬਜ਼ੁਰਗਾਂ ਨੂੰ ਬਾਪੂ ਕਿਹਾ ਹੈ, ਬੱਚਿਆਂ ਨੂੰ ਹਿੱਕ ਨਾਲ ਲਾਉਂਦੇ ਰਹੇ ਹੋਂ।ਇਹ ਸਾਰੀਆਂ ਗੱਲਾਂ ਲੋਕਾਂ ਦੇ ਚੇਤਿਆਂ ਚ ਵਸੀਆਂ ਹੋਈਆਂ ਹਨ ਕਿਤੇ ਭੁੱਲ ਨਾ ਜਾਣਾ।ਹਰ ਇਨਸਾਨ ਦੀ ਗੱਲ ਸੁਣਨਾ ਅਤੇ ਓਹਨਾਂ ਨੂੰ ਹੱਲ ਕਰਨ ਦੀਆਂ ਗੱਲਾਂ ਤੁਹਾਡੇ ਮੈਨੀਫੈਸਟੋ ਦਾ ਹਿੱਸਾ ਹੈ, ਚੇਤਿਆਂ ਵਿੱਚ ਰੱਖਣ ਦੀ ਅਤਿਅੰਤ ਲੋੜ ਹੈ। ਆਪਦੇ ਵਾਂਗੂੰ ਆਪਣੇ ਮੰਤਰੀ ਮੰਡਲ ਵਿੱਚ ਕੋਸ਼ਿਸ਼ ਕਰਿਓ ਵਧੀਆ ਇਨਸਾਨ ਤੁਹਾਡੇ ਵਰਗੀ ਸੋਚ ਰੱਖਣ ਵਾਲੇ ਹੀ ਜੇ ਹੋਣਗੇ ਤਾਂ ਤੁਸੀਂ (ਭਾਰਤ ਹੈ ਵਾਂਗ ਮੁੰਦਰੀ, ਵਿੱਚ ਨਗ ਪੰਜਾਬ ਦਾ)ਵਾਲੀ ਤੁੱਕ ਜੋ ਤੁਸੀਂ ਅਕਸਰ ਸਟੇਜਾਂ ਤੋਂ ਸਾਂਝੀ ਕਰਦੇ ਰਹੇ ਹੋਂ ਓਸ ਤੇ ਖਰੇ ਉੱਤਰ ਸਕਦੇ ਹੋ।


ਭਗਵੰਤ ਮਾਨ ਸਾਹਿਬ ਮੈਂ ਆਪ ਨੂੰ ਤੇ ਆਪਦੀ ਸਮੁੱਚੀ ਪਾਰਟੀ ਨੂੰ ਬਹੁਤ ਹੀ ਭਾਗਾਂ ਵਾਲੀ ਸਮਝਦਾ ਹਾਂ ਕਿਉਂਕਿ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਆਮ ਆਦਮੀ ਪਾਰਟੀ ਵਿੱਚ ਛੇ ਡਾਕਟਰ, ਗਿਆਰਾਂ ਵਕੀਲ,ਦੋ ਗਾਇਕ,ਦੋ ਗੀਤਕਾਰ, ਤਿੰਨ ਪ੍ਰੋਫੈਸਰ,ਦੋ ਪ੍ਰਿੰਸੀਪਲ,ਦੋ ਅਧਿਆਪਕ,ਸੱਤ ਮਜ਼ਦੂਰ,ਛੇ ਇੰਜਨੀਅਰ,ਇੱਕੀ ਕਿਸਾਨੀ ਕਿੱਤੇ ਨਾਲ ਸਬੰਧਤ, ਨੌਂ ਵਪਾਰੀ,ਪੰਜ ਖਿਡਾਰੀ,ਦੋ ਪੁਲਿਸ ਮਹਿਕਮੇ ਦੇ ਵੀਰ ਐਮ ਐਲ ਏ ਬਨਾਏ ਹਨ ਸਮੁੱਚੇ ਪੰਜਾਬੀ ਭਾਈਚਾਰੇ ਨੇ।ਇਸ ਤੋਂ ਵੱਧ ਖੁਸ਼ੀ ਵਾਲੀ ਗੱਲ ਹੋਰ ਕੀ ਹੋ ਸਕਦੀ ਹੈ, ਅਤੇ ਆਮ ਆਦਮੀ ਪਾਰਟੀ ਆਪਾਂ ਹੋਰ ਕਿਸ ਨੂੰ ਕਹਿ ਸਕਦੇ ਹਾਂ ?

ਸਾਰੇ ਪੰਜਾਬ ਦੀ ਤੰਦ ਨਹੀਂ ਤਾਣੀ ਉਲਝੀ ਹੋਈ ਹੈ ਇਸ ਨੂੰ ਸੁਲਝਾਉਣ ਲਈ ਬਹੁਤ ਮਿਹਨਤ ਦੀ ਲੋੜ ਹੈ,ਜੋ ਤੁਸੀਂ ਪਿਛਲੇ ਅੱਠ ਸਾਲਾਂ ਤੋਂ ਕਰ ਰਹੇ ਹੋਂ ਸ਼ੇਰ ਬਣਿਓਂ ਹੁਣ ਉਸ ਤੋਂ ਦੁੱਗਣੀ ਨਹੀਂ ਬਲਕਿ ਕਈ ਗੁਣਾਂ ਵੱਧ ਮਿਹਨਤ ਦੀ ਲੋੜ ਪੈਣੀ ਹੈ,ਡਰਿਓ ਨਾ ਘਬਰਾਇਓ ਨਾ ਚਲਦੇ ਰਹਿਣਾ ਏਂ, ਖੜਿਆ ਹੋਇਆ ਤਾਂ ਪਾਣੀ ਵੀ ਮੁਸ਼ਕ ਮਾਰਨ ਲੱਗ ਪੈਂਦਾ ਹੈ, ਵਾਹਿਗੁਰੂ ਤੁਹਾਨੂੰ ਬਲ ਬਖ਼ਸ਼ੇ, ਤੁਸੀਂ ਆਪਣੇ ਮਿਸ਼ਨ ਵਿੱਚ ਕਾਮਯਾਬ ਹੋਵੋਂ, ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰੋਂ, ਸੂਬੇ ਨੂੰ ਆਤਮਨਿਰਭਰਤਾ ਵੱਲ ਲੈ ਜਾਓਂ ਇਹੀ ਸੱਚੇ ਦਿਲੋਂ ਕਾਮਨਾ ਹੈ,ਪਰ ਸਹਿਣਸ਼ੀਲਤਾ ਅਤਿਅੰਤ ਜ਼ਰੂਰੀ ਹੈ।


ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।



Edmonton
Sukhdev Singh Dhanoa
780 700 5022,
780 599 2000
Email:
sukhdevdhanoa@gmail.com



Regina
Gurbinder Singh Gagowal
306 520 4313,
639 999 1000
Email:
gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Lakha Sehajpal Daudhar
204 891 0031
431 733 3000
lakhadaudhar007@gmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਨਵੇਂ ਸੀਤ ਯੁੱਧ ਦੀ ਆਹਟ

ਰੂਸ ਤੋਂ ਭਾਰਤ ਵਾਸਤੇ ਰੱਖਿਆ ਦੇ ਸਾਜ਼ੋ-ਸਾਮਾਨ ਦੀ ਸਪਲਾਈ ਲਈ ਉਸ ਨੇ 2017 'ਚ ਕਾਟਸਾ ਨਾਂ ਤੋਂ ਇਕ ਘਰੇਲੂ ਕਾਨੂੰਨ ਵੀ ਬਣਾਇਆ। ਹੁਣ ਇਸ ਨਵੇਂ ਸੀਤ ਯੁੱਧ ਦੀ ਆਹਟ ਨਾਲ ਅਮਰੀਕਾ ਅਜਿਹੀਆਂ ਕੋਸ਼ਿਸ਼ਾਂ ਹੋਰ ਤੇਜ਼ ਕਰੇਗਾ। ਫ਼ਿਲਹ

ਯੂਕਰੇਨ 'ਤੇ ਰੂਸੀ ਹਮਲਾ 'ਜਿਸ ਦੀ ਲਾਠੀ, ਉਸ ਦੀ ਮੱਝ' ਦੀ ਤਾਜ਼ੀ ਮਿਸਾਲ ਹੈ। ਇਹ ਇਸ ਗੱਲ ਦਾ ਸਬੂਤ ਹੈ ਕਿ ਆਲਮੀ ਢਾਂਚੇ ਦਾ ਇਕ ਤਰ੍ਹਾਂ ਦੇ ਸਿਸਟਮ ਖ਼ਿਲਾਫ਼ ਚੱਲਣ ਦਾ ਦਾਅਵਾ ਖੋਖਲਾ ਹੈ। ਇਸ ਸਦੀ ਦੇ ਇਤਿਹਾਸ ਖ਼ਾਸ ਕਰਕੇ 2001 ਤੋਂ ਹੀ ਪ੍ਰਭੂਸੱਤਾ ਸੰਪੰਨ ਮੁਲਕਾਂ 'ਤੇ ਫ਼ੌਜੀ ਹਮਲਿਆਂ ਨੂੰ ਹੀ ਦੇਖੀਏ ਤਾਂ ਆਲਮੀ ਕਾਨੂੰਨ ਕਮਜ਼ੋਰਾਂ ਖ਼ਿਲਾਫ਼ ਮਜ਼ਬੂਤ ਪਰ ਤਾਕਤਵਰਾਂ ਵਿਰੁੱਧ ਅਸਮਰੱਥ ਦਿਸਦੇ ਹਨ।

ਚਾਹੇ ਰੂਸੀ ਹਮਲਾ ਹੋਵੇ ਜਾਂ ਫਿਰ ਪੱਛਮ ਵੱਲੋਂ ਰੂਸ 'ਤੇ ਪਾਬੰਦੀਆਂ ਦੀ ਆੜ 'ਚ ਛੇੜਿਆ ਗਿਆ ਆਰਥਿਕ ਯੁੱਧ, ਦੋਵੇਂ ਹੀ ਗ਼ਲਤ ਹਨ ਤੇ ਨਿਯਮਾਂ 'ਤੇ ਆਧਾਰਿਤ ਆਲਮੀ ਢਾਂਚੇ ਦਾ ਮਖੌਲ ਉਡਾਉਂਦੇਹਨ। ਰੂਸ ਦਾ ਹਮਲਾਵਰ ਰੁਖ਼ ਜੇ ਯੂਕਰੇਨ ਦੀ ਖੇਤਰੀ ਪ੍ਰਭੂਸੱਤਾ ਦੀ ਉਲੰਘਣਾ ਕਰਦਾ ਹੈ ਤਾਂ ਪੱਛਮ ਦਾ ਆਰਥਿਕ ਯੁੱਧ ਰੂਸ ਦੀ ਆਰਥਿਕ ਪ੍ਰਭੂਸੱਤਾ 'ਤੇ ਹਮਲਾ ਕਰਨ ਵਾਲਾ ਹੈ। ਇਸ ਸੰਘਰਸ਼ 'ਚ ਆਲਮੀ ਢਾਂਚੇ ਨੂੰ ਬਦਲਣ ਦੀ ਸਮਰੱਥਾ ਹੈ। ਇਸ ਨਾਲ ਆਲਮੀ ਅਰਥਚਾਰੇ ਤੇ ਆਲਮੀ ਰਾਜਨੀਤੀ ਦੋਵਾਂ 'ਚ ਧਰੁਵੀਕਰਨ ਵਧ ਸਕਦਾ ਹੈ।

ਇਕ ਨਵੇਂ ਸੀਤ ਯੁੱਧ ਦੀ ਆਹਟ ਸੁਣਾਈ ਦੇ ਰਹੀ ਹੈ। ਇਸ 'ਚ ਅਮਰੀਕਾ ਵਾਪਸ 'ਜਾਂ ਤਾਂ ਤੁਸੀਂ ਸਾਡੇ ਨਾਲ ਹੋ ਜਾਂ ਫਿਰ ਸਾਡੇ ਖ਼ਿਲਾਫ਼' ਵਾਲਾ ਰਵੱਈਆ ਅਪਣਾਉਂਦਾਦਿਸ ਰਿਹਾ ਹੈ। ਇਸ ਸਥਿਤੀ 'ਚ ਵਿਚੋਲਗੀ ਜਾਂ ਸੰਤੁਲਿਤ ਰੁਖ਼ ਅਪਣਾਉਣ ਵਾਲੇ ਦੇਸ਼ਾਂ 'ਤੇ ਦਬਾਅ ਵਧ ਜਾਂਦਾ ਹੈ। ਇਸ ਨਾਲ ਅਮਰੀਕਾ ਨਾਲ ਉਨ੍ਹਾਂ ਦੇਸ਼ਾਂ ਦੇ ਰਿਸ਼ਤੇ ਭਾਵੇਂ ਹੀ ਟੁੱਟੇ ਨਹੀਂ ਪਰ ਗੁੰਝਲਦਾਰ ਜ਼ਰੂਰ ਬਣ ਜਾਂਦੇ ਹਨ, ਜੋ ਵਾਸ਼ਿੰਗਟਨ ਦੇ ਆਰ-ਪਾਰ ਵਾਲੇ ਨਜ਼ਰੀਏ ਤੋਂ ਅਲੱਗ ਵਿਚੋਲਗੀ ਵਾਲਾ ਰੁਖ਼ ਰੱਖਦੇ ਹੋਣ। ਰੂਸ ਖ਼ਿਲਾਫ਼ ਭਾਰਤ ਨੂੰ ਆਪਣੇ ਪਾਲੇ 'ਚ ਖਿੱਚਣ ਦੀਆਂ ਅਮਰੀਕੀ ਕੋਸ਼ਿਸ਼ਾਂ ਅਜਿਹੀਆਂ ਹੀ ਹਨ। ਸੁਰੱਖਿਆ ਪ੍ਰੀਸ਼ਦ 'ਚ ਰੂਸ ਖ਼ਿਲਾਫ਼ ਆਏ ਪ੍ਰਸਤਾਵ 'ਤੇ ਭਾਰਤ ਦੀ ਗ਼ੈਰ ਮੌਜੂਦਗੀ ਨੂੰ ਲੈ ਕੇ ਟੀਮ ਬਾਇਡਨ ਭਾਰਤ 'ਤੇ ਹਮਲਾਵਰ ਹੋ ਗਈ ਤੇ ਉਹ ਵੀ ਉਸ ਸਮੇਂ ਜਦੋਂ ਭਾਰਤ ਨੇ ਰੂਸ ਵੱਲੋਂ ਕੂਟਨੀਤਕ ਮਾਰਗ ਦਾ ਤਿਆਗ ਕਰਨ ਦੀ ਆਲੋਚਨਾ ਤੇ ਹਿੰਸਾ ਖ਼ਤਮ ਕਰਨ ਦੀ ਲਗਾਤਾਰ ਅਪੀਲ ਕੀਤੀ।

ਇਕ ਅਮਰੀਕੀ ਖ਼ਬਰੀ ਵੈੱਬਸਾਈਟ ਅਨੁਸਾਰ ਅਮਰੀਕੀ ਵਿਦੇਸ਼ ਵਿਭਾਗ ਨੇ ਇਕ ਕੇਬਲ 'ਚ ਕਿਹਾ ਹੈ ਕਿ ਯੂਕਰੇਨ ਨੂੰ ਲੈ ਕੇ ਭਾਰਤ ਤੇ ਸੰਯੁਕਤ ਅਰਬ ਅਮੀਰਾਤ (ਯੂਏਈ) ਦੇ ਵਿਚੋਲਗੀ ਰੁਖ਼ ਨੇ ਉਨ੍ਹਾਂ ਨੂੰ 'ਰੂਸ ਦੇ ਪਾਲੇ' 'ਚ ਪਹੁੰਚਾ ਦਿੱਤਾ ਹੈ। ਦਰਅਸਲ ਅਮਰੀਕੀ ਕੂਟਨੀਤੀ ਦਾ ਇਹੋ ਇਤਿਹਾਸ ਰਿਹਾ ਹੈ ਕਿ ਉਸ 'ਚ ਸੰਦੇਸ਼ ਜਾਂ ਚੇਤਾਵਨੀ ਜਾਰੀ ਕਰਨ ਲਈ ਮੀਡੀਆ 'ਲੀਕਸ' ਦਾ ਸਹਾਰਾ ਲਿਆ ਜਾਂਦਾ ਹੈ ਜਿਵੇਂ 1998 'ਚ ਚੀਨ ਨਾਲ ਭਾਰਤ ਦੇ ਸਬੰਧਾਂ ਨੂੰ ਵਿਗਾੜਨ ਲਈ ਵ੍ਹਾਈਟ ਹਾਊਸ ਤੋਂ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਨੂੰ ਪਰਮਾਣੂ ਪ੍ਰੀਖਣਾਂ ਬਾਰੇ ਲਿਖੀ ਚਿੱਠੀ ਲੀਕ ਕੀਤੀ ਗਈ। ਇਸ ਵੈੱਬਸਾਈਟ ਜ਼ਰੀਏ ਇਸ਼ਾਰਿਆਂ 'ਚ ਇਹ ਵੀ ਕਿਹਾ ਗਿਆ ਕਿ ਜੇ ਨਵੀਂ ਦਿੱਲੀ ਵਾਸ਼ਿੰਗਟਨ ਦੇ ਰੁਖ਼ ਨਾਲ ਸਹਿਮਤੀ ਨਹੀਂ ਪ੍ਰਗਟਾਉਂਦੀਤਾਂ ਭਾਰਤ 'ਚ ਜਮਹੂਰੀਅਤ ਦੀ ਸਥਿਤੀ ਅਤੇ ਘੱਟਗਿਣਤੀਆਂ ਦੀ ਕਥਿਤ ਅਣਦੇਖੀ 'ਤੇ ਜਨਤਕ ਚਰਚਾ ਸ਼ੁਰੂ ਹੋ ਸਕਦੀ ਹੈ।

ਯੂਏਈ 'ਤੇ ਤਾਂ ਅਮਰੀਕੀ ਦਬਾਅ ਨੇ ਅਸਰ ਵੀ ਦਿਖਾਇਆ। ਜੋ ਯੂਏਈ 25 ਫਰਵਰੀ ਨੂੰ ਸੁਰੱਖਿਆ ਪ੍ਰੀਸ਼ਦ ਦੀ ਬੈਠਕ 'ਚ ਵਿਚੋਲਗੀ ਕਰਦਾ ਰਿਹਾ, ਉਸ ਨੇ 2 ਮਾਰਚ ਨੂੰ ਹੋਈ ਆਮ ਸਭਾ ਦੀ ਬੈਠਕ 'ਚ ਰੂਸ ਖ਼ਿਲਾਫ਼ ਨਿੰਦਾ ਮਤਾ ਦੇ ਪੱਖ 'ਚ ਵੋਟਿੰਗ ਕੀਤੀ। ਹਾਲਾਂਕਿ ਭਾਰਤ ਦਾ ਰਵੱਈਆ ਪਹਿਲਾਂ ਜਿਹਾ ਹੀ ਰਿਹਾ। ਇੱਥੇ ਇਕ ਵਿਰੋਧਾਭਾਸ ਦਿਸਦਾ ਹੈ।

ਚੀਨ ਨੇ ਕਈ ਮਹੀਨਿਆਂ ਤਕ ਭਾਰਤ ਦੀ ਸਰਹੱਦ 'ਤੇ ਆਪਣੀ ਜੁਅੱਰਤ ਦਿਖਾਈ ਪਰ ਕਿਸੇ ਪੱਛਮੀ ਦੇਸ਼ ਦੇ ਰਾਸ਼ਟਰ ਮੁਖੀ ਨੇ ਚੀਨ ਦੀ ਨਿਖੇਧੀ ਨਹੀਂ ਕੀਤੀ। ਇੱਥੋਂ ਤਕ ਕਿ ਉਨ੍ਹਾਂ ਨੇ ਚੀਨ ਨੂੰ ਆਪਣੀ ਫ਼ੌਜ ਪਿੱਛੇ ਹਟਾਉਣ ਨੂੰ ਵੀ ਨਹੀਂ ਕਿਹਾ, ਜਿਸ ਨੇ ਹਿਮਾਲਿਆਈ ਖੇਤਰ 'ਚ ਤਕਰੀਬਨ ਦੋ ਲੱਖ ਫ਼ੌਜੀ ਜਮ੍ਹਾਂ ਕਰ ਲਏ, ਜੋ ਦੁਵੱਲੇ ਸਮਝੌਤੇ ਦੀ ਘੋਰ ਉਲੰਘਣਾ ਸੀ। ਇਸ ਦੇ ਬਾਵਜੂਦ ਪੱਛਮੀ ਦੇਸ਼ ਚਾਹੁੰਦੇ ਹਨ ਕਿ ਯੂਕਰੇਨ 'ਤੇ ਰੂਸੀ ਹਮਲੇ ਦੇ ਮਾਮਲੇ 'ਚ ਭਾਰਤ ਉਨ੍ਹਾਂ ਦੇ ਪੱਖ 'ਚ ਖੜ੍ਹਾ ਰਹੇ ਜਦਕਿ ਭਾਰਤ ਨਾ ਤਾਂ ਨਾਟੋ ਦਾ ਮੈਂਬਰ ਹੈ ਤੇ ਨਾ ਹੀ ਯੂਰਪੀ ਸੰਘ ਦਾ।

ਜਦੋਂ ਡੋਨਾਲਡ ਟਰੰਪ ਅਮਰੀਕੀ ਰਾਸ਼ਟਰਪਤੀ ਸਨ ਤਾਂ ਉਨ੍ਹਾਂ ਦੇ ਅਮਲੇ ਨੇ ਭਾਰਤ ਦੇ ਪੱਖ 'ਚ ਆਵਾਜ਼ ਚੁੱਕੀ। ਉਨ੍ਹਾਂ ਦੇ ਵਿਦੇਸ਼ ਮੰਤਰੀ ਰਹੇ ਮਾਈਕ ਪੋਂਪੀਓ ਤੋਂ ਲੈ ਕੇ ਕੌਮੀ ਸੁਰੱਖਿਆ ਸਲਾਹਕਾਰ ਰਾਬਰਟ ਓ ਬ੍ਰਾਇਨ ਅਕਸਰ ਭਾਰਤ ਖ਼ਿਲਾਫ਼ ਚੀਨ ਦੇ ਹਮਲਾਵਰ ਰੁਖ਼ 'ਤੇ ਬੀਜਿੰਗ ਨੂੰ ਆੜੇ ਹੱਥੀਂ ਲੈਂਦੇ ਰਹੇ। ਉਨ੍ਹਾਂ ਨੇ ਇਸ ਨੂੰ 'ਬੇਹੱਦ ਹਮਲਾਵਰ ਕਦਮ', 'ਨਾ ਸਵੀਕਾਰਨਯੋਗ ਵਤੀਰਾ' ਤੇ 'ਸਪੱਸ਼ਟ ਰੂਪ 'ਚ ਉਕਸਾਉਣ' ਵਾਲੀ ਕਵਾਇਦ ਦੱਸਿਆ। ਇਸ ਦੇ ਉਲਟ ਚੀਨ ਨਾਲ ਮੁੜ ਰਿਸ਼ਤਿਆਂ ਨੂੰ ਸੁਧਾਰਨ ਦੀ ਤਰਜੀਹ ਦੇਣ ਵਾਲਾ ਬਾਇਡਨ ਪ੍ਰਸ਼ਾਸਨ ਚੀਨ ਦੇ ਹਮਲਾਵਰ ਰੁਖ਼ ਦੇ ਮਾਮਲੇ 'ਚ ਭਾਰਤ ਦੀ ਜਨਤਕ ਹਮਾਇਤ ਤੋਂ ਬਚਦਾ ਰਿਹਾ। ਏਨਾ ਹੀ ਨਹੀਂ ਬਾਇਡਨ ਨੇ ਚੀਨ ਦੇ ਹਮਲਾਵਰ ਰੁਖ਼ ਨੂੰ ਹਿੰਦ-ਪ੍ਰਸ਼ਾਂਤ ਰਣਨੀਤੀ ਦਾ ਹਿੱਸਾ ਨਾ ਮੰਨ ਕੇ ਭਾਰਤ ਨਾਲ ਕੰਟਰੋਲ ਰੇਖਾ ਨਾਲ ਜੁੜਿਆ ਮਸਲਾ ਦੱਸਿਆ। ਚੀਨ ਤਾਂ ਛੱਡੋ, ਪਾਕਿਸਤਾਨ ਦੇ ਮਾਮਲੇ 'ਚ ਵੀ ਟੀਮ ਬਾਇਡਨ ਨੇ ਭਾਰਤ ਨੂੰ ਠੋਸ ਹਮਾਇਤ ਨਹੀਂ ਦਿੱਤੀ।

ਪ੍ਰਮੁੱਖ ਗ਼ੈਰ-ਨਾਟੋ ਸਹਿਯੋਗੀ ਦੇ ਰੂਪ 'ਚ ਉਹ ਪਾਕਿਸਤਾਨ 'ਤੇ ਲਗਾਤਾਰ ਦਾਅ ਲਾ ਰਿਹਾ ਹੈ ਤੇ ਉਹ ਵੀ ਉਸ ਸਮੇਂ ਜਦੋਂ ਪਾਕਿਸਤਾਨ ਦੇ ਪਿੱਠੂਆਂ ਯਾਨੀ ਤਾਲਿਬਾਨ ਦੇ ਹੱਥੋਂ ਉਸ ਨੂੰ ਅਫ਼ਗਾਨਿਸਤਾਨ 'ਚ ਅਪਮਾਨਜਨਕ ਹਾਰ ਮਿਲੀ। ਪਾਕਿਸਤਾਨ 'ਤੇ ਕਿਸੇ ਤਰ੍ਹਾਂ ਦੀ



ਪਾਬੰਦੀ ਲਾਉਣ 'ਚ ਬਾਇਡਨ ਦੀ ਨਾਕਾਮੀ ਕਾਰਨ ਹੀ ਉਹ ਹਾਲੇ ਤਕ ਅੱਤਵਾਦੀ ਦੇਸ਼ਾਂ ਦੀ ਅਮਰੀਕੀ ਸੂਚੀ ਤੋਂ ਬਾਹਰ ਹੈ। ਇਸ ਦੇ ਬਾਵਜੂਦ ਟੀਮ ਬਾਇਡਨ ਇਹੋ ਚਾਹੁੰਦੀ ਹੈ ਕਿ ਯੂਕਰੇਨ ਮਸਲੇ 'ਤੇ ਭਾਰਤ ਉਨ੍ਹਾਂ ਦੀ ਪੁਰਜ਼ੋਰ ਹਮਾਇਤ ਕਰੇ।

ਇਹ ਸਹੀ ਹੈ ਕਿ ਅਮਰੀਕਾ ਭਾਰਤ ਦਾ ਮਹੱਤਵਪੂਰਨ ਰਣਨੀਤਕ ਸਾਂਝੇਦਾਰ ਬਣਦਾ ਜਾ ਰਿਹਾ ਹੈ ਪਰ ਦਹਾਕਿਆਂ ਤੋਂ ਸੁਰੱਖਿਆ ਪ੍ਰੀਸ਼ਦ 'ਚ ਭਾਰਤ ਦਾ ਕਵਚ ਬਣਦਾ ਆਇਆ ਰੂਸ ਵੀ ਸਾਡਾ ਓਨਾ ਹੀ ਮਹੱਤਵਪੂਰਨ ਮਿੱਤਰ ਹੈ। ਅਜਿਹੀ ਸਥਿਤੀ 'ਚ ਕੀ ਭਾਰਤ ਪੱਛਮ ਨਾਲ ਮਿਲ ਕੇ ਉਸ ਦੇਸ਼ ਖ਼ਿਲਾਫ਼ ਵੋਟਿੰਗ ਕਰਦਾ, ਜੋ ਬ੍ਰਹਮੋਸ ਮਿਜ਼ਾਇਲ ਤੋਂ ਲੈ ਕੇ ਪਰਮਾਣੂ ਪਣਡੁੱਬੀ ਜਿਹੀ ਤਕਨੀਕ ਤੇ ਰੱਖਿਆ ਸਾਜ਼ੋ-ਸਾਮਾਨ ਦੀ ਸਪਲਾਈ ਦਾ ਅਹਿਮ ਸ੍ਰੋਤ ਹੈ? ਚੀਨ ਖ਼ਿਲਾਫ਼ ਭਾਰਤ ਨੂੰ ਸਮਰੱਥ ਬਣਾਉਣ ਲਈ ਰੂਸ ਐੱਸ-400 ਏਅਰ ਤੇ ਐਂਟੀ-ਮਿਜ਼ਾਈਲ ਸਿਸਟਮ ਅਗਾਊਂ ਦੇਣ ਦੀ ਤਿਆਰੀ ਕਰ ਰਿਹਾ ਹੈ।

ਅਮਰੀਕਾ ਭਾਰਤ ਦੀ ਰਣਨੀਤਕ ਖ਼ੁਦਮੁਖਤਿਆਰੀ ਨੂੰ ਮਹੱਤਵ ਦਿੰਦਾ ਹੈ। ਭਾਰਤ ਨੂੰ ਵੀ ਇਹੋ ਕਰਨਾ ਚਾਹੀਦਾ ਹੈ। ਮਾਸਕੋ ਨਾਲ ਰਿਸ਼ਤਿਆਂ ਦੇ ਵਿਗੜਨ ਦਾ ਅਰਥ ਹੋਵੇਗਾ ਭਾਰਤ ਦੀ ਅਮਰੀਕਾ 'ਤੇ ਨਿਰਭਰਤਾ ਵਧਣਾ, ਜਿਸ 'ਤੇ ਭਰੋਸਾ ਕਰਨਾ ਬੜਾ ਸ਼ੱਕੀ ਹੈ। ਅਮਰੀਕਾ ਪਹਿਲਾਂ ਤੋਂ ਹੀ ਭਾਰਤ ਦੇ ਵੱਡੇ ਹਥਿਆਰ ਸੌਦੇ ਹਾਸਲ ਕਰ ਰਿਹਾ ਹੈ, ਫਿਰ ਵੀ ਉਹ ਇਹੋ ਚਾਹੁੰਦਾ ਹੈ ਕਿ ਉਹ ਭਾਰਤ ਨੂੰ ਸਾਰੇ ਹਥਿਆਰਾਂ ਦੀ ਸਪਲਾਈ ਕਰੇ।

ਰੂਸ ਤੋਂ ਭਾਰਤ ਵਾਸਤੇ ਰੱਖਿਆ ਦੇ ਸਾਜ਼ੋ-ਸਾਮਾਨ ਦੀ ਸਪਲਾਈ ਲਈ ਉਸ ਨੇ 2017 'ਚ ਕਾਟਸਾ ਨਾਂ ਤੋਂ ਇਕ ਘਰੇਲੂ ਕਾਨੂੰਨ ਵੀ ਬਣਾਇਆ। ਹੁਣ ਇਸ ਨਵੇਂ ਸੀਤ ਯੁੱਧ ਦੀ ਆਹਟ ਨਾਲ ਅਮਰੀਕਾ ਅਜਿਹੀਆਂ ਕੋਸ਼ਿਸ਼ਾਂ ਹੋਰ ਤੇਜ਼ ਕਰੇਗਾ। ਫ਼ਿਲਹਾਲ ਭਾਰਤ ਸਭ ਤੋਂ ਜ਼ਿਆਦਾ ਸਾਲਾਨਾ ਜੰਗੀ ਅਭਿਆਸ ਅਮਰੀਕਾ ਨਾਲ ਕਰ ਰਿਹਾ ਹੈ। ਭਾਰਤ ਨੂੰ ਹਥਿਆਰਾਂ ਦੀ ਵਿਕਰੀ 'ਚ ਵੀ ਅਮਰੀਕਾ ਨੇ ਰੂਸ ਨੂੰ ਪਛਾੜ ਦਿੱਤਾ ਹੈ। ਨਵੀਂ ਦਿੱਲੀ ਵੀ ਵਾਸ਼ਿੰਗਟਨ ਨਾਲ ਰਿਸ਼ਤਿਆਂ ਨੂੰ ਹੋਰ ਗਹਿਰਾਈ ਦੇਣ ਪ੍ਰਤੀ ਉਤਸੁਕ ਹੈ। ਅਜਿਹੀ ਸਥਿਤੀ 'ਚ ਭਾਰਤ ਨਾਲ 'ਇੱਧਰ ਜਾਂ ਉੱਧਰ' ਵਾਲਾ ਵਿਵਹਾਰ ਉੱਚਿਤ ਨਹੀਂ। ਰੂਸ ਤੇ ਅਮਰੀਕਾ 'ਚੋਂ ਕਿਸੇ ਇਕ ਬਦਲ ਨੂੰ ਚੁਣਨ ਦਾ ਦਬਾਅ ਕੇਵਲ ਭਾਰਤ-ਅਮਰੀਕਾ ਦੇ ਰਿਸ਼ਤਿਆਂ 'ਚ ਵਧਦੀ ਮਿਠਾਸ ਨੂੰ ਘੱਟ ਕਰਨ ਦਾ ਹੀ ਕੰਮ ਕਰੇਗਾ।

ਬ੍ਰਹਮ ਚੇਲਾਨੀ

-(ਲੇਖਕ ਆਲਮੀ ਮਸਲਿਆਂ ਦਾ ਉੱਘਾ ਵਿਸ਼ਲੇਸ਼ਣਕਾਰ ਹੈ।

# ਸੈਸਕਾਟੂਨ ਵਿਖੇ ਬਹੁਤ ਹੀ ਉਤਸ਼ਾਹ ਭਰਪੂਰ ਮਹੌਲ ਵਿੱਚ ਗੁਰ ਗਿਆਨ ਅਕੈਡਮੀ ਦਾ ਹੋਇਆ ਉਦਘਾਟਨ

## ਸਮਾਰਟ ਕਲਾਸਾਂ ਰਾਹੀਂ ਗਿਆਨੀ ਰਾਮ ਸਿੰਘ ਚਹਿਲਾਂ ਵੱਲੋਂ ਤਿਆਰ ਕੀਤਾ ਸਿਲੇਬਸ ਪੜ੍ਹਾਇਆ ਜਾਵੇਗਾ

ਸੈਸਕਾਟੂਨ (ਪੰਜਾਬੀ ਅਖਬਾਰ ਬਿਊਰੋ): ਸੈਸਕਾਟੂਨ ਸ਼ਹਿਰ ਦੀਆਂ ਸੰਗਤਾਂ ਦੀ ਪੁਰਜ਼ੋਰ ਮੰਗ ਅਨੁਸਾਰ ਗੁਰਦੁਆਰਾ ਸਾਹਿਬ, 331 ਲੋਅ ਰੋਡ ਸੈਸਕਾਟੂਨ ਵਿਖੇ ਗੁਰ ਗਿਆਨ ਅਕੈਡਮੀ ਦਾ ਉਦਘਾਟਨ ਬਹੁਤ ਹੀ ਸ਼ਾਨਦਾਰ ਅਤੇ ਉਤਸ਼ਾਹ ਭਰਪੂਰ ਮਹੌਲ ਵਿੱਚ ਹੋਇਆ। ਗੁਰ ਗਿਆਨ ਲਰਨਿੰਗ ਸੈਂਟਰ ਕੈਨੇਡਾ ਦੇ ਅਕੈਡਮਿਕ ਅਡਵਾਈਜ਼ਰ ਪ੍ਰਿੰਸੀਪਲ ਰਣਜੀਤ ਸਿੰਘ ਜੀ ਹੁਰਾਂ ਨੇ ਦੱਸਿਆ ਕਿ ਉਦਘਾਟਨੀ ਸਮਾਰੋਹ ਵਿੱਚ ਸਭ ਤੋਂ ਪਹਿਲਾਂ ਗਿਆਨੀ ਰਾਮ ਸਿੰਘ ਚਹਿਲਾਂ ਵੱਲੋਂ ਔਨਲਾਈਨ ਵੀਡੀਓ ਕਾਲ ਰਾਹੀਂ ਉਦਘਾਟਨ ਕਰਦਿਆਂ ਬਹੁਤ ਹੀ ਪ੍ਰਭਾਵਪੂਰਕ ਸ਼ਬਦਾਂ ਰਾਹੀਂ ਚਾਨਣਾ ਪਾਇਆ ਕਿ ਅਜੋਕੇ ਸਮੇਂ ਵਿੱਚ ਇਹਨਾਂ ਅਕੈਡਮੀਆਂ ਦੀ ਵਿਦੇਸ਼ਾਂ ਵਿੱਚ ਸਖਤ ਲੋੜ ਕਿਉਂ ਹੈ। ਉਹਨਾਂ ਦੇ ਪ੍ਰਭਾਵਸ਼ਾਲੀ ਬੋਲਾਂ ਨੇ ਅਕੈਡਮੀ ਦੇ ਟੀਚਰਾਂ, ਪ੍ਰਬੰਧਕਾਂ, ਬੱਚਿਆਂ ਅਤੇ ਮਾਪਿਆਂ ਵਿੱਚ ਬਾ-ਕਮਾਲ ਉਤਸ਼ਾਹ ਭਰਿਆ।




ਉਹਨਾਂ ਤੋਂ ਬਾਦ ਗੁਰਦੁਆਰਾ ਸਾਹਿਬ ਜੀ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ. ਅੰਮ੍ਰਿਤਪਾਲ ਸਿੰਘ ਧਾਲੀਵਾਲ ਨੇ ਗੁਰ ਗਿਆਨ ਲਰਨਿੰਗ ਸੈਂਟਰ ਦੀ ਸਮੁੱਚੀ ਟੀਮ ਦਾ ਧੰਨਵਾਦ ਕਰਦਿਆਂ ਬਹੁਤ ਹੀ ਸੁਲਝੇ ਹੋਏ ਸ਼ਬਦਾਂ ਰਾਹੀਂ ਬੱਚਿਆਂ ਨੂੰ ਕਲਾਸਾਂ ਵਿੱਚ ਸਮੇਂ ਸਿਰ ਪੁੱਜਣ ਦੀ ਅਪੀਲ ਕੀਤੀ ਗਈ। ਉਹਨਾਂ ਮਾਪਿਆਂ ਨੂੰ ਅਪੀਲ ਕਰਦਿਆਂ ਬਹੁਤ ਹੀ ਟੁੰਭਵਾਂ ਸਵਾਲ ਕੀਤਾ ਕਿ ਜਦੋਂ ਕਿ ਕੀ ਜਦੋਂ ਤੁਸੀਂ ਆਪਣੀ ਜੌਬ ਜਾਂ ਆਫਿਸ ਵਿੱਚ ਜਾਂਦੇ ਹੋਂ ਅਤੇ ਕੋਈ ਹੋਰ ਕੰਮ ਵੀ ਕਰਨੇ ਹੁੰਦੇ ਹਨ। ਕੀ ਤੁਸੀਂ ਜੌਬ ਤੇ ਜਾਣਾਂ ਕਦੀ ਛੱਡਦੇ ਹੋਂ? ਜਿਵੇਂ ਹੋਰ ਕੰਮ ਕਰਨ ਲਈ ਟਾਈਮ ਦੀ ਅਡਜਸਟਮੈਂਟ ਕਰਦੇ ਹਾਂ ਉਸੇ ਤਰਾਂ ਬੱਚਿਆਂ ਨੂੰ ਸਮੇਂ ਸਿਰ ਕਲਾਸ ਵਿੱਚ ਲਿਆਉਣਾ ਵੀ ਬਹੁਤ ਜਰੂਰੀ ਹੈ। ਉਹਨਾਂ ਕਿਹਾ ਕਿ ਗਿਆਨੀ ਰਾਮ ਸਿੰਘ ਚਹਿਲਾਂ ਵੱਲੋਂ ਵਿਦੇਸ਼ਾਂ ਵਿੱਚ ਵੱਸਦੀ ਨਵੀਂ ਪੀੜ੍ਹੀ ਨੂੰ ਗੁਰੂ ਵਿਰਸੇ ਨਾਲ ਜੋੜਨ ਲਈ ਕੀਤਾ ਜਾ ਰਿਹਾ ਅਕੈਡਮਿਕ ਉਪਰਾਲਾ ਬਹੁਤ ਹੀ ਸਲਾਘਾਯੋਗ ਹੈ।

ਉਹਨਾਂ ਤੋਂ ਬਾਦ ਗੁਰਦੁਆਰਾ ਸਾਹਿਬ ਜੀ ਦੇ ਸੈਕਟਰੀ ਜਗਮੀਤ ਸਿੰਘ ਬਾਜਵਾ ਜੀ ਨੇ ਸਾਰੇ ਬੱਚਿਆਂ ਨੂੰ ਕਲਾਸਾਂ ਦੇ ਅਤੇ ਗੁਰਦੁਆਰਾ ਸਾਹਿਬ ਜੀ ਦੇ ਪ੍ਰੋਟੋਕੋਲ ਨੂੰ ਫੌਲੋਅ ਕਰਨ ਵਾਸਤੇ ਪ੍ਰੇਰਿਤ ਕਰਦਿਆਂ ਗੁਰਮਤਿ ਕਲਾਸਾਂ ਦੀ ਮਹੱਤਤਾ ਬਾਰੇ ਗਿਆਨ ਭਰਪੂਰ ਚਾਨਣਾ ਪਾਇਆ। ਉਹਨਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਸੈਸਕਾਟੂਨ ਵਿੱਚ ਰਹਿ ਰਹੇ ਹਰੇਕ ਗੁਰਸਿੱਖ ਪਰਿਵਾਰ ਨੂੰ ਗੁਰ ਗਿਆਨ ਅਕੈਡਮੀ ਵਿੱਚ ਆਪਣੇ ਬੱਚਿਆਂ ਨੂੰ ਭੇਜਣ ਲਈ ਪ੍ਰੇਰਨਾ ਦੇਣ ਲਈ ਉਤਸਾਹਿਤ ਕੀਤਾ।

ਇਸ ਤੋਂ ਬਾਦ ਅਕੈਡਮੀ ਦੇ ਅਧਿਆਪਕ ਬੀਬੀ ਜਸਪ੍ਰੀਤ ਕੌਰ ਕਉਂਕੇ ਕਲਾਂ ਅਤੇ ਬੀਬੀ ਪਰਮਿੰਦਰ ਕੌਰ ਜੰਡੂ ਨੇ ਬੱਚਿਆਂ ਨੂੰ ਕਲਾਸ ਦੇ ਨਿਯਮ ਸਮਝਾਏ ਅਤੇ ਸਮੇਂ ਸਿਰ ਪਹੁੰਚਣਾ ਅਤੇ ਪਿਆਰ ਨਾਲ ਹੋਮ ਵਰਕ ਕਰਨਾ ਆਦਿ ਦੀਆਂ ਪ੍ਰੇਰਨਾਵਾਂ ਦਿੱਤੀਆ। ਹਰੇਕ ਵਿਦਿਆਰਥੀ ਨੂੰ ਗੁਰ ਗਿਆਨ ਲਰਨਿੰਗ ਵੱਲੋਂ ਤਿਆਰ ਕੀਤਾ ਵਿਸ਼ੇਸ਼ ਗੁਰਮੁਖੀ ਕਾਇਦਾ ਫ੍ਰੀ ਵੰਡਿਆ ਗਿਆ। ਆਖੀਰ ਵਿੱਚ ਪ੍ਰਿੰਸੀਪਲ ਰਸਣਜੀਤ ਸਿੰਘ ਜੀ ਹੁਰਾਂ ਨੇ ਸਿਲੇਬਸ ਵਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਦੇਸਾਂ ਦੇ ਜੰਮਪਲ ਬੱਚਿਆਂ ਤੇ ਨੌਜਵਾਨਾਂ ਨੂੰ ਗੁਰੂ ਵਿਰਸੇ ਨਾਲ ਜੋੜਨ ਦੇ ਮਾਹਿਰ ਅਤੇ ਗੁਰ ਗਿਆਨ ਲਰਨਿੰਗ ਸੈਂਟਰ ਦੇ ਡਾਇਰੈਕਟਰ ਰਾਮ ਸਿੰਘ ਚਹਿਲਾਂ ਵੱਲੋਂ ਕਈ ਸਾਲਾਂ ਦੀ ਮਿਹਨਤ ਨਾਲ ਇਹ ਸਿਲੇਬਸ ਤਿਆਰ ਕੀਤਾ ਗਿਆ ਹੈ। ਇਸ ਸਿਲੇਬਸ ਰਾਹੀਂ ਗੁਰ ਗਿਆਨ ਔਨਲਾਈਨ ਅਕੈਡਮੀ ਦੇ ਵਿਦਿਆਰਥੀਆਂ ਨੂੰ ਮਾਪਿਆਂ ਦੇ ਆਗਿਆਕਾਰੀ, ਆਦਰਸ਼ ਇਨਸਾਨ, ਅਗਾਂਹ ਵਧੂ ਸੋਚ, ਉੱਚ ਅਹੁਦਿਆਂ ਤੇ ਜਾਣ ਦੀ ਭਾਵਨਾ, ਸੋਚ ਵਿੱਚ ਵੱਡੀਆਂ ਪ੍ਰਾਪਤੀਆਂ ਦੇ ਉਦੇਸ਼ਾਂ ਦੇ ਧਾਰਨੀ ਬਨਣਾ, ਪਰਉਪਕਾਰੀ ਅਤੇ ਰਚਨਤਾਮਿਕਤਾ ਬਿਰਤੀ ਪੈਦਾ ਕਰਨ ਦੇ ਸੰਸਕਾਰ ਭਰੇ ਜਾਂਦੇ ਹਨ। ਜਿੱਥੇ ਮਾਂ ਬੋਲੀ ਪੰਜਾਬੀ ਸਿਖਾਈ ਜਾਵੇਗੀ, ਉੱਥੇ ਸਿੱਖ ਧਰਮ ਵਾਰੇ ਮੁੱਢਲੀ ਜਾਣਕਾਰੀ ਦੇ ਨਾਲ ਨਾਲ ਗੁਰ-ਇਤਿਹਾਸ ਪੜ੍ਹਾਇਆ ਜਾਂਦਾ ਹੈ। ਇਸ ਸਿਲੇਬਸ ਨੂੰ ਤਿਆਰ ਕਰਦਿਆਂ ਇਸ ਗੱਲ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ ਨਵੀਂ ਪੀੜ੍ਹੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦੇ ਬਹੁਤ ਹੀ ਕੀਮਤੀ ਸਿਧਾਂਤਾਂ ਨੂੰ ਜਿੰਦਗੀ ਵਿੱਚ ਅਮਲੀ ਰੂਪ ਵਿੱਚ ਕਿਵੇਂ ਧਾਰਨ ਕੀਤਾ ਜਾਵੇ ਆਦਿ ਬਾਰੇ ਸਿੱਖਿਆਵਾਂ ਦੇ ਬੀਜ ਬੀਜੇ ਜਾ ਸਕਣ। ਇਸ ਲਈ ਉਹਨਾਂ ਨੂੰ ਗੁਰਬਾਣੀ ਵਿਆਕਰਣ ਦਾ ਗਿਆਨ, ਗੁਰਬਾਣੀ ਦੇ ਸ਼ਬਦਾਂ ਦੀਆਂ ਗੁੱਝੀਆਂ ਰਮਜ਼ਾਂ ਅਤੇ ਰੋਜਾਨਾਂ ਜੀਵਨ ਵਿੱਚ ਕੰਮ ਆਉਣ ਵਾਲੀਆਂ ਗੁਰਬਾਣੀ ਦੀਆਂ ਸਿੱਖਿਆਵਾਂ ਤੋਂ ਜਾਣੂੰ ਕਰਵਾਇਆ ਜਾਂਦਾ ਹੈ। ਉਹਨਾਂ ਦੱਸਿਆ ਕਿ ਇਸ ਸਿਲੇਬਸ ਦੀ ਸਭ ਤੋਂ ਵਿਸ਼ੇਸ਼ਤਾ ਇਹ ਹੈ ਕਿ ਇਸ ਨੂੰ ਅਕੈਡਮਿਕ ਰੂਪ ਵਿੱਚ ਤਿਆਰ ਕੀਤਾ ਗਿਆ ਹੈ। ਹਰੇਕ ਪਾਠਕ੍ਰਮ ਦੇ ਨਾਲ ਇਸ ਤਰੀਕੇ ਦੇ ਸਵਾਲ ਜਵਾਬ ਹਨ ਅਤੇ ਜਿਸ ਨਾਲ ਸਿੱਖਿਆ ਮਨ ਦੀ ਗਹਿਰਾਈ ਵਿੱਚ ਸਹਿਜੇ ਹੀ ਵਸ ਜਾਂਦੀ ਹੈ। ਜਿਹੜਾ ਵਿਸ਼ਾ ਉਹਨਾਂ ਨੂੰ ਪੜ੍ਹਾਇਆ ਜਾਂਦਾ ਹੈ ਉਸੇ ਵਿਸ਼ੇ ਨਾਲ ਸਬੰਧਿਤ ਕਲਰਿੰਗ ਆਦਿ ਰਾਹੀਂ ਉਹਨਾਂ ਅੰਦਰ ਕੰਪੀਟੀਸ਼ਨ ਦੀ ਭਾਵਨਾ ਪੈਦਾ ਕੀਤੀ ਜਾਂਦੀ ਹੈ ਅਤੇ ਗੂਗਲ ਕਲਾਸ ਰੂਮ ਰਾਹੀਂ ਬੱਚੇ ਘਰ ਬੈਠੇ ਹੀ ਹੋਮਵਰਕ ਪ੍ਰਾਪਤ ਕਰਦੇ ਹਨ ਅਤੇ ਘਰੋਂ ਹੀ ਹੋਮਵਰਕ ਪੂਰਾ ਕਰਕੇ ਅੱਪਲੋਡ ਕਰ ਦਿੰਦੇ ਹਨ। ਜਿਸ ਨੂੰ ਸਾਡੇ ਮਾਹਿਰ ਟੀਚਰ ਚੈੱਕ ਕਰਦੇ ਹਨ। ਜਿਹੜਾ ਬੱਚਾ ਤਿੰਨ ਸਾਲ ਦੀ ਉਮਰ ਤੋਂ 15 ਸਾਲ ਦੀ ਉਮਰ ਤੱਕ ਹਰੇਕ ਹਫਤੇ ਇੱਕ ਘੰਟੇ ਦੀ ਕਲਾਸ ਲਗਾਤਾਰ 12 ਸਾਲ ਅਟੈਂਡ ਕਰਦਾ ਹੈ, ਉਸ ਦੀ ਸੋਚ, ਸੁਭਾਓ ਅਤੇ ਜੀਵਨ ਵਿੱਚ ਕਮਾਲ ਦੇ ਸੰਸਕਾਰ ਭਰੇ ਜਾਂਦੇ ਹਨ। ਜਿਹੜੇ ਵੀ ਪ੍ਰਬੰਧਕ ਆਪਣੇ ਗੁਰੂ ਘਰਾਂ ਵਿੱਚ ਜਾਂ ਕੁੱਝ ਪਰਿਵਾਰ ਮਿਲ ਕੇ ਕਿਸੇ ਕਮਿਊਨਿਟੀ ਸੈਂਟਰ ਵਿੱਚ ਇਸ ਤਰਾਂ ਦੀਆਂ ਹਫਤਾਵਾਰੀ ਕਲਾਸਾਂ ਸ਼ੁਰੂ ਕਰਨਾ ਚਾਹੁੰਦੇ ਹਨ ਜਾਂ ਫਿਰ ਕੋਈ ਮਾਪੇ ਜਾਂ ਵਿਦਿਆਰਥੀ ਕੋਈ ਵੀ ਜਾਣਕਾਰੀ ਲੈਣਾ ਚਾਹੁੰਦੇ ਹਨ ਉਹ ਫੋਨ ਨੰਬਰ +1-639-590-4464 ਤੇ ਵਟਸਐਪ ਮੈਸੇਜ ਕਰਕੇ ਜਾਣਕਾਰੀ ਲੈ ਸਕਦੇ ਹਨ।



















# ਬੁਰਾ ਹੈ ਵਿਛੋੜਾ ਚਮਕੀਲੇ ਬਾਈ ਦਾ

ਕਮਲ ਚਡਿਆਲਾ
ਮੋ : 9592612030

**ਪੰਜਾਬੀ ਫਿਲਮ ਪਟੋਲਾ ਵਿੱਚ ਚਮਕੀਲੇ ਤੇ ਅਮਰਜੋਤ ਦਾ ਗਾਇਆ ਗੀਤ "ਪਹਿਲੇ ਲਲਕਾਰੇ ਨਾਲ ਮੈਂ ਡਰ ਗਈ" ਅਮਰ ਸਿੰਘ ਚਮਕੀਲੇ ਤੇ ਅਮਰਜੋਤ ਤੇ ਇੱਕ ਅਖਾੜੇ ਦੇ ਰੂਪ ਵਿੱਚ ਫ਼ਿਲਮਾਇਆ ਗਿਆ ਸੀ। ਇਸ ਗੀਤ ਦੇ ਨਾਲ ਨਾਲ ਫਿਲਮ ਵੀ ਹਿੱਟ ਹੋ ਗਈ ਸੀ। ਅੱਜ ਵੀ ਜਦੋਂ ਕਦੇ ਇਹ ਫਿਲਮ ਟੈਲੀਵਿਜ਼ਨ ਉੱਤੇ ਆਉਂਦੀ ਹੈ ਤਾਂ ਫਿਲਮ ਵਿੱਚ ਚਮਕੀਲੇ ਨੂੰ ਗਾਉਂਦਾ ਹੋਇਆ ਦੇਖ ਕੇ ਉਸ ਨੂੰ ਚਾਹੁਣ ਵਾਲਿਆਂ ਦੀਆਂ ਅੱਖਾਂ ਵਿੱਚੋਂ ਆਪ ਮੁਹਾਰੇ ਅੱਥਰੂ ਵਗਣ ਲੱਗ ਪੈਂਦੇ ਹਨ। ਇੱਥੇ ਹੀ ਬੱਸ ਨਹੀਂ ਚਮਕੀਲੇ ਦੇ ਸਰੋਤਿਆਂ ਨੇ ਚਮਕੀਲੇ ਦੀਆਂ ਤਸਵੀਰਾਂ ਜੜਵਾ ਕੇ ਘਰਾਂ ਵਿੱਚ ਸਜਾਈਆ ਹੋਈਆਂ ਹਨ ।**

ਜੇ ਪੰਜਾਬੀ ਦੋਗਾਣਾ ਗਾਇਕੀ ਸਬੰਧੀ ਕੋਈ ਗੱਲ ਸ਼ੁਰੂ ਕਰੀਏ ਤਾਂ ਅਮਰ ਸਿੰਘ ਦੇ ਚਮਕੀਲੇ ਦੇ ਜ਼ਿਕਰ ਬਿਨਾਂ ਅਧੂਰੀ ਲੱਗਦੀ ਹੈ

ਬੇਸ਼ੱਕ ਪੰਜਾਬੀ ਲੋਕ ਗਾਇਕੀ ਵਿੱਚ ਅਮਰ ਸਿੰਘ ਚਮਕੀਲੇ ਤੇ ਅਮਰਜੋਤ ਤੋਂ ਪਹਿਲਾਂ ਅਨੇਕਾਂ ਗਾਇਕ ਜੋੜੀਆਂ ਨੇ ਦੋਗਾਣਾ ਗੀਤ ਗਾਏ।ਪਰ ਜੋ ਮੀਲ ਪੱਥਰ ਅਮਰ ਸਿੰਘ ਚਮਕੀਲਾ ਅਤੇ ਅਮਰਜੋਤ ਨੇ ਪੰਜਾਬੀ ਦੋਗਾਣਾ ਗਾਇਕੀ ਵਿੱਚ ਗੱਡਿਆ ਹੈ ਉਸ ਨੂੰ ਅੱਜ ਤੱਕ ਕੋਈ ਵੀ ਸਰ ਨਹੀਂ ਸਕਿਆ ਤੇ ਨਾਹੀ ਕਰ ਸਕੇਗਾ।

ਅਮਰ ਸਿੰਘ ਚਮਕੀਲੇ ਦਾ ਬਚਪਨ ਦਾ ਨਾਂ ਧਨੀ ਰਾਮ ਸੀ ਉਸ ਦਾ ਜਨਮ ਲੁਧਿਆਣਾ ਦੀ ਜੜਾਂ ਵਿੱਚ ਵਸੇ ਪਿੰਡ ਦੁੱਗਰੀ ਵਿਖੇ ਇੱਕ ਦਲਿਤ ਪਰਿਵਾਰ ਵਿੱਚ ਪਿਤਾ ਸ੍ਰ ਹਰੀ ਸਿੰਘ ਤੇ ਮਾਤਾ ਕਰਤਾਰ ਕੌਰ ਦੇ ਘਰ ਇੱਕ ਜੁਲਾਈ 1960 ਨੂੰ ਹੋਇਆ ।ਚਮਕੀਲੇ ਨੇ ਅੰਤਾਂ ਦੀ ਗਰੀਬੀ ਹੰਢਾਈ ਤੇ ਪਿੰਡ ਦੁੱਗਰੀ ਦੇ ਖੇਤਾਂ ਵਿੱਚ ਕਣਕਾਂ ਗੁੱਡੀਆਂ। ਦਿਹਾੜੀ-ਜੋਤਾ ਕਰਨ ਵਾਲਾ ਧਨੀ ਰਾਮ ਉਰਫ ਅਮਰ ਸਿੰਘ ਚਮਕੀਲਾ ਪੰਜਾਬੀ ਲੋਕ ਗਾਇਕੀ ਦੇ ਸਿਖਰਾਂ ਤੇ ਪਹੁੰਚ ਗਿਆ ਪਰ ਉਸ ਨੇ ਰੱਤੀ ਭਰ ਵੀ ਹੰਕਾਰ ਨਹੀਂ ਕੀਤਾ। ਚਮਕੀਲਾ ਆਪਣੇ ਸਾਥੀਆਂ ਜਿਨ੍ਹਾਂ ਨਾਲ ਉਸ ਨੇ ਦਿਹਾੜੀਆਂ ਕੀਤੀਆਂ ?????ਨੂੰ ਜਦੋਂ ਕਦੇ ਮਿਲਦਾ ਤਾਂ ਜੱਫੀਆਂ ਪਾ-ਪਾ ਮਿਲਦਾ ਸੀ

ਚਮਕੀਲੇ ਨੇ ਗਾਇਕੀ ਦੀਆਂ ਬਾਰੀਕੀਆਂ ਉਸਤਾਦ ਸੁਰਿੰਦਰ ਛਿੰਦਾ ਤੋਂ ਸਿੱਖੀਆ ਤੇ ਛਿੰਦੇ ਨਾਲ ਹੀ ਪ੍ਰੋਗਰਾਮਾਂ ਤੇ ਜਾਣ ਲੱਗ ਪਿਆ। ਚਮਕੀਲੇ ਨੇ ਪਹਿਲੀ ਵਾਰ ਬੁੜੈਲ(ਚੰਡੀਗੜ੍ਹ) ਵਿਖੇ ਉਸਤਾਦ ਸੁਰਿੰਦਰ ਛਿੰਦਾ ਰਾਮਲੀਲਾ ਦੀ ਸਟੇਜ ਤੇ ਗਾਇਆ ਇੱਥੇ ਹੀ ਪ੍ਰਸਿੱਧ ਗੀਤਕਾਰ ਸਵ.ਸਨਮੁੱਖ ਸਿੰਘ ਅਜਾਦ ਨੇ ਚਮਕੀਲੇ ਦਾ ਨਾਮ ਧਨੀ ਰਾਮ ਤੋਂ ਅਮਰ ਸਿੰਘ ਚਮਕੀਲਾ ਐਲਾਨ ਕੀਤਾ ਤੇ ਉਸ ਦਿਨ ਤੋਂ ਲੋਕ ਧਨੀ ਰਾਮ ਨੂੰ ਭੁੱਲ ਗਏ ਤੇ ਅਮਰ ਸਿੰਘ ਚਮਕੀਲਾ ਨਾਮ ਬੱਚੇ-ਬੱਚੇ ਦੀ ਜ਼ੁਬਾਨ ਤੇ ਚੜ੍ਹ ਗਿਆ।

ਚਮਕੀਲੇ ਦੀ ਪਹਿਲੀ ਰਿਕਾਡਿੰਗ ਸੁਰਿੰਦਰ ਸੋਨੀਆ ਨਾਲ ਹੋਈ ਜਿਸ ਵਿੱਚ
ਕ੍ਰਮਵਾਰ

**1.ਭੱਜ ਜਾ ਵੇ ਮਿੱਤਰਾ ਟਕੁਏ ਤੇ ਟਕੁਆ ਖੜਕੇ**
**2.ਤੇਰੀ ਮਾਂ ਦੀ ਤਲਾਸ਼ੀ ਲੈਣੀ ਬਾਪੂ ਸਾਡਾ ਗੁੰਮ ਹੋ ਗਿਆ**
**3.ਵੈਲੀ ਨਾ ਕਿਸੇ ਤੀਵੀਂ ਦਾ ਹੋਵੇ ਘਰਵਾਲਾ ਨੀ**
**4.ਸੰਤਾਂ ਨੇ ਪਾਈ ਫੇਰੀ ਰਹੇ ਵਸਦੀ ਨਗਰੀ ਤੇਰੀ**
**5.ਭਾਬੀਏ ਭੈਣ ਤੇਰੀ ਨਾਲ**
**6. ਕੁੜਤੀ ਸਤਰੰਗ ਦੀ**

ਇਸ ਤੋਂ ਇਲਾਵਾ ਹੋਰ ਵੀ ਕਈਂ ਗੀਤ ਰਿਕਾਰਡ ਕਰਵਾਏ ਜੋ ਕਿ ਪੂਰੀ ਦੁਨੀਆ ਵਿੱਚ ਬਹੁਤ ਪ੍ਰਸਿੱਧ ਹੋਏ ।ਉਸ ਦਿਨ ਤੋਂ ਬਾਅਦ ਚਮਕੀਲੇ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ।

ਚਮਕੀਲੇ ਦੇ ਗੀਤਾਂ ਦਾ ਹਿੱਟ ਹੋਣ ਦਾ ਸੱਭ ਤੋਂ ਵੱਡਾ ਕਾਰਨ ਇਹ ਸੀ ਕਿ ਉਹ ਆਪਣੇ ਗੀਤਾਂ ਵਿੱਚ ਲੋਕਾਂ ਦੀ ਗੱਲ ਕਰਦਾ ਸੀ ਤੇ ਪੇਂਡੂ ਠੇਠ ਪੰਜਾਬੀ ਸ਼ਬਦਾਵਲੀ ਮੁਹਾਵਰੇ, ਅਖਾਣਾਂ ਵਾਲੀ ਸਰਲ ਭਾਸ਼ਾ ਵਰਤਦਾ ਸੀ। ਚਮਕੀਲੇ ਨੇ ਜ਼ਿਆਦਾਤਰ ਆਪਣੇ ਲਿਖੇ ਗੀਤ ਹੀ ਗਾਏ। ਚਮਕੀਲਾ ਅਗਾਂਹਵਧੂ ਸੋਚ ਵਾਲਾ ਇਨਸਾਨ ਸੀ ਉਸ ਨੇ ਆਪਣੇ ਗੀਤਾਂ ਰਾਹੀਂ ਵਿਗੜ ਰਹੇ ਰਿਸ਼ਤਿਆਂ, ਪਖੰਡੀ ਸਾਧਾਂ, ਨਸ਼ਿਆਂ ਅਤੇ ਸਮਾਜਿਕ ਕੁਰੀਤੀਆਂ ਦਾ ਪਰਦਾਫਾਸ਼ ਕੀਤਾ।

ਚਮਕੀਲੇ ਨੇ ਸੁਰਿੰਦਰ ਸੋਨੀਆ ਤੋਂ ਬਾਅਦ ਫਰੀਦਕੋਟ ਦੀ ਰਹਿਣ ਵਾਲੀ ਗਾਇਕਾ ਅਮਰਜੋਤ ਕੌਰ ਉਰਫ ਬੱਬੀ ਨਾਲ ਜੋੜੀ ਬਣਾ ਲਈ। ਚਮਕੀਲੇ ਤੇ ਅਮਰਜੋਤ ਦੀ ਦੋਗਾਣਾ ਜੋੜੀ ਨੇ ਗਾਇਕੀ ਦੇ ਖੇਤਰ ਵਿੱਚ ਵੱਡੇ-ਵੱਡੇ ਮਹਾਂਰਥੀ ਪਛਾੜ ਕੇ ਰੱਖ ਦਿੱਤੇ ਸਨ। ਲੋਕ ਉਹਨਾਂ ਦੀ ਕੈਸਿਟ ਆਉਣ ਦੀ ਬੇਸਬਰੀ ਨਾਲ ਉਡੀਕ ਕਰਦੇ ਸਨ ਤੇ ਜਦੋਂ ਕੈਸਿਟ ਆਉਦੀ ਤਾਂ ਕੈਸਿਟ ਮੁੰਗਫਲੀ ਵਾਂਗ ਹੱਥੋਂ ਹੱਥੀ ਵਿਕ ਜਾਂਦੀ ਸੀ। ਚਮਕੀਲੇ ਦੇ ਗਾਏ ਗੀਤ ਘਰਾਂ, ਮੋਟਰਾਂ, ਟਰੱਕਾਂ, ਵਿਆਹਾਂ -ਸ਼ਾਦੀਆਂ ਮੁੱਕਦੀ ਗੱਲ ਜਿੱਧਰ ਵੀ ਸੁਣੋ ਚਮਕੀਲਾ ਹੀ ਚਮਕੀਲਾ ਸੁਣਾਈ ਦਿੰਦਾ ਸੀ।

ਚਮਕੀਲੇ ਦੇ ਇੱਕ ਮਹੀਨੇ ਵਿੱਚ ਪੈਂਤੀ-ਛੱਤੀ ਪ੍ਰੋਗਰਾਮ ਲਗਦੇ ਸਨ ਜੋ ਕਿ ਆਪਣੇ ਆਪ ਵਿੱਚ ਇੱਕ ਰਿਕਾਰਡ ਸੀ ਇੱਥੋਂ ਤਕ ਕਿ ਲੋਕ ਚਮਕੀਲੇ ਤੋਂ ਵਿਹਲੀ ਤਰੀਕ ਪੁੱਛ ਕੇ ਫੇਰ ਆਪਣੇ ਵਿਆਹ ਦੀ ਤਰੀਕ ਪੱਕੀ ਕਰਦੇ ਸੀ ਤਾਂ ਕਿ ਵਿਆਹ ਵਿੱਚ ਚਮਕੀਲੇ ਦਾ ਅਖਾੜਾ ਲਗਵਾ ਸਕਣ।

ਚਮਕੀਲੇ ਦੀ ਗਾਇਕੀ ਵਿੱਚ ਰਸ਼ ਸੀ, ਅੰਤਾਂ ਦੀ ਮਿਠਾਸ ਸੀ ਤੇ ਗੜਕ ਸੀ। ਚਮਕੀਲਾ ਤੇ ਅਮਰਜੋਤ ਦਾ ਸ਼ਿਵਰੰਜਨੀ ਰਾਗ ਵਿੱਚ ਗਾਇਆ ਗੀਤ ਜਦ ਪਹਿਲੀ ਲਾਂਵ ਪੜੀ,ਭੁੱਬ ਨਿਕਲ ਗਈ ਮੇਰੀ ਸੁਣਨ ਵਾਲੇ ਨੂੰ ਅੱਜ ਵੀ ਮੰਤਰ ਮੁਗਧ ਕਰ ਦਿੰਦਾ ਹੈ

ਚਮਕੀਲੇ ਨੇ ਜੋ ਵੀ ਗਾਇਆ ਹੈ ਉਹ ਸਰੋਤਿਆਂ ਨੇ ਹੱਸ ਕੇ ਪ੍ਰਵਾਨ ਕੀਤਾ। ਚਮਕੀਲੇ ਦੇ ਗੀਤ ਸਰੋਤਿਆਂ ਦੀ ਵੱਡੀ ਭੀੜ ਇਕੱਠੀ ਕਰਨ ਦੇ ਸਮਰੱਥ ਸਨ। ਚਮਕੀਲੇ ਨੂੰ ਦੇਖਣ ਤੇ ਸੁਣਨ ਲਈ ਲੋਕ ਕਈਂ-ਕਈਂ ਮੀਲ ਦੂਰੋਂ ਟਰੈਕਟਰ ਟਰਾਲੀਆਂ, ਸਾਇਕਲਾਂ ਤੇ ਪੈਦਲ ਤੁਰ ਕੇ ਵੀ ਚਲੇ ਜਾਂਦੇ ਸਨ।

ਚਮਕੀਲੇ ਨੇ ਸੁਰਿੰਦਰ ਸੋਨੀਆ ਤੋਂ ਇਲਾਵਾ ਅਮਰਜੋਤ ਨਾਲ ਸੈਂਕੜੇ ਸੁਪਰਹਿੱਟ ਗੀਤ ਰਿਕਾਰਡ ਕਰਵਾਏ ।ਜਿਨ੍ਹਾਂ ਵਿੱਚ

**1. ਵੇ ਮਿੱਤਰਾ ਖਤਰੇ ਦਾ ਘੁੱਗੂ ਬੋਲ ਪਿਆ**
**2. ਭਿੱਜ ਗਈ ਬਾਹਰ ਖੜੀ**
**3. ਬਚ ਕੇ ਰਿਹਾ ਕਰ ਤੂੰ ਨੱਖਰੋ**
**4. ਨਾਰ ਬੈਟਰੀ ਵਰਗੀ ਦਾ**
**5. ਪਹਿਲੇ ਲਲਕਾਰੇ ਨਾਲ ਮੈਂ ਡਰ ਗਈ**
**6. ਹਿੱਕ ਉੱਤੇ ਸੌਂ ਜਾ ਵੇ ਸ਼ਰਾਬੀ ਬਣਕੇ**
**7. ਭੁੱਲ ਗਈ ਮੈਂ ਘੁੰਢ ਕੱਢਣਾ**
**8.ਸੌਹਰੇ ਦੀ ਲਾਲ ਮਾਰੂਤੀ ਨੇ**

ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸੰਸਾਰ ਪ੍ਰਸਿੱਧ ਗੀਤ ਰਿਕਾਰਡ ਕਰਵਾਏ।

ਪੰਜਾਬੀ ਫਿਲਮ ਪਟੋਲਾ ਵਿੱਚ ਚਮਕੀਲੇ ਤੇ ਅਮਰਜੋਤ ਦਾ ਗਾਇਆ ਗੀਤ ਪਹਿਲੇ ਲਲਕਾਰੇ ਨਾਲ ਮੈਂ ਡਰ ਗਈ ਅਮਰ ਸਿੰਘ ਚਮਕੀਲੇ ਤੇ ਅਮਰਜੋਤ ਤੇ ਇੱਕ ਅਖਾੜੇ ਦੇ ਰੂਪ ਵਿੱਚ ਫ਼ਿਲਮਾਇਆ ਗਿਆ ਸੀ। ਇਸ ਗੀਤ ਦੇ ਨਾਲ ਨਾਲ ਫਿਲਮ ਵੀ ਹਿੱਟ ਹੋ ਗਈ ਸੀ। ਅੱਜ ਵੀ ਜਦੋਂ ਕਦੇ ਇਹ ਫਿਲਮ ਟੈਲੀਵਿਜ਼ਨ ਉੱਤੇ ਆਉਂਦੀਹੈ ਤਾਂ ਫਿਲਮ ਵਿੱਚ ਚਮਕੀਲੇ ਨੂੰ ਗਾਉਂਦਾਹੋਇਆ ਦੇਖ ਕੇ ਉਸ ਨੂੰ ਚਾਹੁਣ ਵਾਲਿਆਂ ਦੀਆਂ ਅੱਖਾਂ ਵਿੱਚੋਂ ਆਪ ਮੁਹਾਰੇ ਅੱਥਰੂ ਵਗਣ ਲੱਗ ਪੈਂਦੇ ਹਨ। ਇੱਥੇ ਹੀ ਬੱਸ ਨਹੀਂ ਚਮਕੀਲੇ ਦੇ ਸਰੋਤਿਆਂ ਨੇ ਚਮਕੀਲੇ ਦੀਆਂ ਤਸਵੀਰਾਂ ਜੜਵਾ ਕੇ ਘਰਾਂ ਵਿੱਚ ਸਜਾਈਆ ਹੋਈਆਂ ਹਨ ।

ਚਮਕੀਲੇ ਨੇ ਜਿੱਥੇ ਲੋਕਾਂ ਦਾ ਮਨੋਰੰਜਨ ਲਈ ਗਾਇਆ ਉੱਥੇ ਉਸ ਨੇ ਸਮੇਂ ਦੀ ਨਬਜ਼ ਪਛਾਣਦਿਆਂ ਬਹੁਤ ਸਾਰੇ ਧਾਰਮਿਕ ਗੀਤ ਵੀ ਰਿਕਾਰਡ ਕਰਵਾਏ ਜਿਨਾਂ ਵਿੱਚ-

**1. , ਤਲਵਾਰ ਮੈਂ ਕਲਗੀਧਰ ਦੀ ਹਾਂ**
**2. ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ**
**3. ਢਾਈ ਦਿਨ ਦੀ ਪ੍ਰਾਹੁਣੀ ਇੱਥੇ ਤੂੰ**
**4. ਤੁਰ ਚੱਲੀ ਜਿੰਦੜੀਏ ਖਾਲੀ ਹੱਥ ਕਰਕੇ**
**5. ਪਾਣੀ ਦੇ ਆ ਬਲਬਲਿਆ**

ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਧਾਰਮਿਕ ਸੋਲੋ ਅਤੇ ਦੋਗਾਣਾ ਗੀਤ ਰਿਕਾਰਡ ਕਰਵਾਏ ਜੋ ਕਿ ਅੱਜ ਘਰਾਂ ਅਤੇ ਧਾਰਮਿਕ ਅਸਥਾਨਾਂ ਤੇ ਸੁਣੇ ਜਾਂਦੇ ਹਨ।

ਚਮਕੀਲੇ ਨੇ ਖੁਦ ਤੋਂ ਇਲਾਵਾ ਗੀਤਕਾਰ ਸਨਮੁੱਖ ਸਿੰਘ ਆਜ਼ਾਦ , ਸਵਰਨ ਸਿੰਘ ਸਿਵੀਆ , ਬੰਤ ਰਾਮਪੁਰੇ ਵਾਲਾ , ਸੇਵਾ ਸਿੰਘ ਨੌਰਥ , ਦਲਜੀਤ ਸਿੰਘ ਦਰਦੀ , ਕਰਮ ਸਿੰਘ ਮਹਾਂਵਲੀ , ਗਿੱਲ ਨੱਥੋਹੇੜੀ ਵਾਲਾ ਆਦਿ ਗੀਤਕਾਰਾਂ ਦੇ ਗੀਤ ਵੀ ਗਾਏ ਤੇ ਗੀਤਾਂ ਵਿੱਚ ਸੰਗੀਤ ਉੱਘੇ ਸੰਗੀਤਕਾਰ ਚਰਨਜੀਤ ਅਹੂਜਾ ਤੇ ਕੇਸਰ ਸਿੰਘ ਨਰੂਲਾ ਦਾ ਲਿਆ।

ਚਮਕੀਲੇ ਨੇ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ ਨੂੰ ਆਪਣੇ ਗੀਤਾਂ ਰਾਹੀਂ ਲੋਕਾਂ ਸਾਹਮਣੇ ਹੂਬ ਹੂ ਪੇਸ਼ ਕੀਤਾ ਜਿਸ ਨੂੰ ਕੁੱਝ ਵਿਰੋਧੀਆਂ ਨੇ ਲੱਚਰਤਾ ਦਾ ਨਾਮ ਦੇ ਦਿੱਤਾ ਜਦ ਕਿ ਚਮਕੀਲੇ ਤੋਂ ਵੀ ਵੱਧ ਬਹੁਤ ਸਾਰੇ ਕਲਾਕਾਰਾਂ ਨੇ ਬਿਲਕੁਲ ਸ਼ਰਮ ਦਾ ਪੱਲਾ ਚੱਕ ਕੇ ਬਹੁਤ ਜ਼ਿਆਦਾਂ ਲੱਚਰ ਗੀਤ ਗਾਏ ਫਰਕ ਸਿਰਫ ਐਨਾ ਕੁ ਸੀ ਕਿ ਚਮਕੀਲੇ ਦੇ ਗਾਏ ਗੀਤ ਸੁਪਰ ਡੁਪਰ ਹੋਏ ਇਸ ਦੇ ਉਲਟ ਉਹਨਾਂ ਦੇ ਗਾਏ ਗੀਤ ਫਲਾਪ ਰਹੇ। ਅੱਜ ਕੱਲ੍ਹ ਜੋ ਅਸੀਂ ਨਿੱਤ ਟੈਲੀਵਿਜ਼ਨ ਚ ਪੰਜਾਬੀ ਗੀਤਾਂ ਦੇ ਵੀਡੀਓ ਦੇਖਦੇ ਹਾਂ ਉਹ ਚਮਕੀਲੇ ਦੇ ਗੀਤਾਂ ਤੋਂ ਸੈਂਕੜੇ ਗੁਣਾ ਜ਼ਿਆਦਾ ਅਸ਼ਲੀਲ ਹੁੰਦੇ ਹਨ ਪਰ ਉਨ੍ਹਾਂ ਖਿਲਾਫ ਕੋਈ ਵੀ ਮੂੰਹ ਨਹੀਂ ਖੋਲ੍ਹਦਾ ਸੱਭ ਦੀ ਜ਼ੁਬਾਨ ਨੂੰ ਤਾਲਾ ਲੱਗਾ ਹੋਇਆ ਹੈ।ਜੋ ਲੋਕ ਚਮਕੀਲੇ ਦੀ ਚੜ੍ਹਾਈ ਸਹਿਣ ਨਹੀਂ ਸੀ ਕਰ ਸਕਦੇ ਉਨ੍ਹਾਂ ਨੇ ਲੋਕਾਂ ਨੂੰ ਭੜਕਾ ਕੇ ਲੱਚਰਤਾ ਦਾ ਸਾਰਾ ਦੋਸ਼ ਚਮਕੀਲੇ ਦੇ ਸਿਰ ਮੜ ਦਿੱਤਾ ਤੇ ਅੰਤ ਅੱਠ ਮਾਰਚ 1988 ਨੂੰ ਫਿਲੌਰ ਦੇ ਨੇੜਲੇ ਪਿੰਡ ਮਹਿਸਮਪੁਰ ਵਿਖੇ ਇੱਕ ਸਟੇਜੀ ਪ੍ਰੋਗਰਾਮ ਦੌਰਾਨ ਇਸ ਗਾਇਕ ਜੋੜੀ ਨੂੰ ਮੌਤ ਦੇ ਦੈਂਤ ਨੇ ਸਾਥੋਂ ਸਦਾ ਲਈ ਖੋਹ ਲਿਆ, ਪਰ ਉਨ੍ਹਾਂ ਦੀ ਅਵਾਜ਼ ਸਦਾ ਅਮਰ ਰਹੂਗੀ ।

# ਡੇਰਿਆਂ ਦੀ ਗੁਲਾਮ ਸਿਆਸਤ ਜਾਂ ਸਿਆਸਤ ਦੇ ਗੁਲਾਮ ਡੇਰੇ ?



ਹਰਬੰਸ ਸਿੰਘ ਬਠਿੰਡਾ
91-94649-22547

ਅਸੀਂ ਜਦੋਂ ਵੀ ਡੇਰਿਆਂ ਦੀ ਗੱਲ ਕਰਨੀ ਸ਼ੁਰੂ ਕਰਦੇ ਹਾਂ ਤਾਂ ਕਈ ਤਰ੍ਹਾਂ ਦੇ ਸਵਾਲ ਸਾਡੇ ਸਾਹਮਣੇ ਆ ਕੇ ਖੜ੍ਹੇ ਹੋ ਜਾਂਦੇ ਹਨ। ਜਿਵੇਂ ਕਿ ਡੇਰਿਆਂ ਦੀ ਹੋਂਦ ਦਾ ਕਾਰਣ ਕੀ ਹੈ, ਡੇਰਿਆਂ ਦਾ ਲੋਕਾਂ ਤੇ ਪ੍ਰਭਾਵ ਕੀ ਹੈ,ਕੀ ਡੇਰੇ ਲੋਕਪੱਖੀ ਕੰਮ ਕਰਦੇ ਹਨ,ਆਮ ਲੋਕਾਂ ਨੂੰ ਡੇਰੇ ਕਿੰਨਾਂ ਕੁ ਪ੍ਰਭਾਵਿਤ ਕਰਦੇ ਹਨ,ਧਰਮ ਦਾ ਡੇਰਿਆਂ ਨਾਲ ਕੀ ਸਬੰਧ ਹੈ, ਡੇਰਿਆਂ ਦੇ ਪ੍ਰਫੁੱਲਿਤ ਹੋਣ ਦੇ ਕਾਰਣ ਕੀ ਹਨ, ਹੋਰ ਵੀ ਬਹੁਤ ਸਾਰੀਆਂ ਗੱਲਾਂ ਹਨ, ਜਿਹੜੀਆਂ ਤੇ ਸਾਨੂੰ ਸਾਰਿਆਂ ਨੂੰ ਡੂੰਘਾਈ ਨਾਲ ਵਿਚਾਰ ਕਰਨੀ ਚਾਹੀਦੀ ਹੈ। ਜੇਕਰ ਅਸੀਂ ਪੰਜਾਬ ਦੀ ਗੱਲ ਕਰੀਏ ਤਾਂ ਸਾਨੂੰ ਪਤਾ ਲਗਦਾ ਹੈ ਕਿ ਇੱਥੇ ਪੰਜ ਸੱਤ ਪਿੰਡਾਂ ਮਗਰ ਕੋਈ ਨਾ ਕੋਈ ਛੋਟਾ ਵੱਡਾ ਡੇਰਾ ਲੋਕਾਂ ਦੀ ਸ਼ਰਧਾ ਦਾ ਕੇਂਦਰ ਜਰੂਰ ਬਣਿਆ ਹੋਇਆ ਹੈ। ਧਾਗੇ ਤਵੀਤ ਕਰਨ ਵਾਲੇ ਛੋਟੇ-ਛੋਟੇ ਡੇਰਿਆਂ ਤੋਂ ਲੈਕੇ ਲੱਖਾਂ ਦੀ ਗਿਣਤੀ 'ਚ ਸ਼ਰਧਾਲੂਆਂ ਦਾ ਵੱਡਾ ਇਕੱਠ ਕਰਨ ਵਾਲੇ ਇਹਨਾਂ ਡੇਰਿਆਂ ਦੀ ਗਿਣਤੀ ਹਜ਼ਾਰਾਂ 'ਚ ਵੀ ਹੋਵੇ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ।ਆਮ ਲੋਕਾਂ ਦਾ ਇਹਨਾਂ ਡੇਰਿਆਂ ਤੇ ਜਾਣ ਦਾ ਮੁੱਖ ਕਾਰਨ ਮਾਨਸਿਕ ਤੌਰ ਤੇ ਕਮਜ਼ੋਰ ਹੋਣਾ ਹੀ ਮੰਨਿਆ ਜਾ ਸਕਦਾ ਹੈ। ਇਹਨਾਂ ਡੇਰਿਆਂ ਤੇ ਅਨਪੜ੍ਹ ਤੋਂ ਲੈਕੇ ਉੱਚ ਸਿੱਖਿਅਤ ਲੋਕ ਅਤੇ ਗਰੀਬ ਤੋਂ ਲੈਕੇ ਬਹੁਤ ਅਮੀਰ ਤੱਕ ਸਾਰੇ ਤਰ੍ਹਾਂ ਦੇ ਲੋਕ ਹੀ ਜਾਂਦੇ ਹਨ। ਲਗਾਤਾਰ ਜਾਣ ਨਾਲ ਲੋਕਾਂ ਦੀ ਆਸਥਾ ਡੇਰੇ ਦੇ ਮੁਖੀ ਤੇ ਰੱਬ ਦੀ ਤਰ੍ਹਾਂ ਪੱਕੀ ਹੋ ਜਾਂਦੀ ਹੈ। ਪਸ਼ੂ ਬਿਮਾਰ ਹੋਵੇ ਜਾਂ ਫਿਰ ਜਵਾਕ ਬਿਮਾਰ ਹੋਵੇ, ਔਰਤਾਂ ਨੂੰ ਇਹਨਾਂ ਡੇਰੇ ਵਾਲਿਆਂ ਬਾਬਿਆਂ ਤੇ ਬਹੁਤ ਵਿਸ਼ਵਾਸ ਹੁੰਦਾ ਹੈ ਕਿ ਇਹਨਾਂ ਬਾਬਿਆਂ ਦੇ ਅਸ਼ੀਰਵਾਦ ਨਾਲ ਬਿਮਾਰੀ ਠੀਕ ਹੋ ਜਾਵੇਗੀ। ਇਹਨਾਂ ਚੋਂ ਕਈ ਡੇਰੇ ਨਸ਼ਿਆਂ ਤੋਂ ਦੂਰ ਰਹਿਣ ਲਈ ਵੀ ਪ੍ਰੇਰਿਤ ਕਰਦੇ ਹਨ,ਇਸ ਗੱਲ ਦਾ ਵੀ ਆਮ ਲੋਕਾਂ ਤੇ ਕਾਫੀ ਪ੍ਰਭਾਵ ਪੈਂਦਾ ਹੈ। ਇਹਨਾਂ ਡੇਰਿਆਂ ਚੋਂ ਕਈਆਂ ਦਾ ਸਬੰਧ ਸਿੱਖ ਧਰਮ ਨਾਲ ਹੈ ਤੇ ਕਈਆਂ ਦਾ ਸਬੰਧ ਹਿੰਦੂ ਧਰਮ ਨਾਲ ਹੈ।ਕਈ ਡੇਰੇ ਅੱਪਣੀ ਵੱਖਰੀ ਪਹਿਚਾਣ ਰੱਖਦੇ ਹਨ ਤੇ ਉਹਨਾਂ ਦੇ ਪੈਰੋਕਾਰ ਅੱਪਣੇ-ਅੱਪਣੇ ਧਰਮ ਨੂੰ ਮੰਨਦੇ ਹੋਏ ਵੀ ਇਹਨਾਂ ਡੇਰਿਆਂ ਦੇ ਪੱਕੇ ਸ਼ਰਧਾਲੂ ਬਣੇ ਹੋਏ ਹਨ। ਪੰਜਾਬ ਦੇ ਲੋਕਾਂ ਤੇ ਵੱਧ ਪ੍ਰਭਾਵ ਰੱਖਣ ਵਾਲੇ ਡੇਰਿਆਂ ਚੋਂ ਅਸੀਂ ਰਾਧਾ ਸੁਆਮੀ ਡੇਰਾ ਬਿਆਸ, ਨਿਰੰਕਾਰੀ ਮਿਸ਼ਨ,ਡੇਰਾ ਸੱਚਾ ਸੌਦਾ ਸਿਰਸਾ,ਨਾਨਕਸਰ ਠਾਠ ਨਾਲ ਸਬੰਧਤ ਕਈ ਸਾਰੇ ਡੇਰੇ,ਡੇਰਾ ਰੂਮੀ ਵਾਲਾ, ਨੂਰਮਹਿਲ ਵਾਲੇ ਆਸ਼ੂਤੋਸ਼ ਦਾ ਡੇਰਾ,ਡੇਰਾ ਸਚਖੰਡ ਬੱਲਾਂ ਵਾਲਿਆਂ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕਰ ਸਕਦੇ ਹਾਂ। ਜਦੋਂ ਵੀ ਚੋਣਾਂ ਦਾ ਮੌਸਮ ਆਉਂਦਾ ਹੈ ਤਾਂ ਇਹਨਾਂ ਡੇਰਿਆਂ ਤੇ ਰਾਜਸੀ ਆਗੂਆਂ ਦੇ ਗੇੜੇ ਵੱਜਣੇ ਸ਼ੁਰੂ ਹੋ ਜਾਂਦੇ ਹਨ। ਪੰਚਾਇਤੀ ਚੋਣਾਂ ਤੋਂ ਲੈਕੇ ਵਿਧਾਨਸਭਾ ਅਤੇ ਲੋਕਸਭਾ ਦੀਆਂ ਚੋਣਾਂ ਤੱਕ ਨੂੰ ਇਹ ਡੇਰੇ ਪ੍ਰਭਾਵਿਤ ਕਰਦੇ ਹਨ। ਡੇਰਿਆਂ ਤੇ ਵੱਡੀ ਗਿਣਤੀ 'ਚ ਆਉਣ ਵਾਲੇ ਸ਼ਰਧਾਲੂਆਂ ਦੀਆਂ ਵੋਟਾਂ ਕਿਸੇ ਵੀ ਉਮੀਦਵਾਰ ਦੀ ਜਿੱਤ ਜਾਂ ਹਾਰ ਦਾ ਕਾਰਣ ਬਣ ਸਕਦੀਆਂ ਹਨ। ਮੁੱਢ ਤੋਂ ਹੀ ਪੰਜਾਬ ਦੀਆਂ ਚੋਣਾਂ ਨੂੰ ਇਹ ਡੇਰੇ ਚੁੱਪ ਚਪੀਤੇ ਪ੍ਰਭਾਵਿਤ ਕਰਦੇ ਰਹੇ ਹਨ।ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਇਹਨਾਂ ਡੇਰਿਆਂ ਨੂੰ ਕੇਂਦਰ ਦੇ ਵਿੱਚ ਲੰਮਾ ਸਮਾਂ ਰਾਜ ਕਰਨ ਵਾਲੀ ਰਾਜਨੀਤਕ ਪਾਰਟੀ ਕਾਂਗਰਸ ਵੱਲੋਂ ਪੰਜਾਬ ਦੀ ਖੇਤਰੀ ਪਾਰਟੀ ਸ਼ਿਰੋਮਣੀ ਅਕਾਲੀ ਦਲ ਨੂੰ ਰਾਜਨੀਤਕ ਤੌਰ ਤੇ ਕਮਜ਼ੋਰ ਕਰਨ ਲਈ ਅੰਦਰੂਨੀ ਮਦਦ ਮਿਲਦੀ ਰਹੀ ਹੈ। ਸਿੱਖ ਧਰਮ ਨੂੰ ਮੰਨਣ ਵਾਲੇ ਬਹੁ-ਗਿਣਤੀ ਲੋਕ ਸ਼ਿਰੋਮਣੀ ਅਕਾਲੀ ਦਲ ਨੂੰ ਪੰਥਕ ਪਾਰਟੀ ਮੰਨ ਕੇ ਉਸਦੀ ਮਦਦ ਕਰਦੇ ਰਹੇ ਹਨ। ਡੇਰਿਆਂ ਵੱਲੋਂ 2007 ਦੀਆਂ ਪੰਜਾਬ ਵਿਧਾਨਸਭਾ ਚੋਣਾਂ ਤੋਂ



ਪਹਿਲਾਂ ਕਦੇ ਵੀ ਸਾਹਮਣੇ ਆਕੇ ਐਲਾਨੀਆਂ ਕਿਸੇ ਵੀ ਰਾਜਸੀ ਧਿਰ ਦੀ ਮਦਦ ਨਹੀਂ ਕੀਤੀ ਗਈ ਸੀ। 2007 ਦੀਆਂ ਵਿਧਾਨਸਭਾ ਚੋਣਾਂ ਮੌਕੇ ਡੇਰਾ ਸੱਚਾ ਸੌਦਾ ਸਿਰਸਾ ਵੱਲੋਂ ਖੁੱਲ੍ਹੇ ਆਮ ਕਾਂਗਰਸ ਪਾਰਟੀ ਦੀ ਮਦਦ ਕੀਤੀ ਗਈ। ਡੇਰਾ ਪ੍ਰੇਮੀਆਂ ਦੀਆਂ ਵੋਟਾਂ ਇੱਕ ਪਾਸੜ ਜਾਣ ਕਰਕੇ ਅਕਾਲੀਆਂ ਦਾ ਗੜ੍ਹ ਮੰਨੇ ਜਾਂਦੇ ਮਾਲਵਾ ਖੇਤਰ ਚੋਂ ਕਾਂਗਰਸ ਨੂੰ ਵੱਡੀ ਜਿੱਤ ਹਾਸਲ ਹੋਈ ਸੀ। ਭਾਵੇਂ ਕਿ ਮਾਝੇ ਤੇ ਦੁਆਬੇ ਦੇ ਲੋਕਾਂ ਨੇ ਅਕਾਲੀ ਭਾਜਪਾ ਗੱਠਜੋੜ ਦੀ ਸਰਕਾਰ ਬਣਾਉਣ ਦਾ ਫਤਵਾ ਦਿੱਤਾ ਤੇ ਇਹ ਸਰਕਾਰ ਲਗਾਤਾਰ ਦਸ ਸਾਲ ਚਲਦੀ ਰਹੀ। ਡੇਰਾ ਸਿਰਸਾ ਵੱਲੋਂ ਕਾਂਗਰਸ ਨੂੰ ਖੁੱਲ੍ਹੀ ਹਿਮਾਇਤ ਦੇਣ ਦੇ ਫੈਸਲੇ ਨੇ ਸਾਰੀਆਂ ਰਾਜਸੀ ਧਿਰਾਂ ਨੂੰ ਡੇਰਿਆਂ ਦੇ ਵਧ ਰਹੇ ਰਾਜਸੀ ਦਖਲ ਨੂੰ ਮਹਿਸੂਸ ਕਰਨ ਲਈ ਮਜਬੂਰ ਕਰ ਦਿੱਤਾ। ਸਾਰੀਆਂ ਰਾਜਸੀ ਧਿਰਾਂ ਦੇ ਵੱਡੇ ਆਗੂ ਇਹਨਾਂ ਡੇਰਿਆਂ ਦੇ ਸਮਾਗਮਾਂ ਤੇ ਜਾ ਕੇ ਹਾਜ਼ਰੀ ਲਵਾਉਣ ਨੂੰ ਤਰਜ਼ੀਹ ਦੇਣ ਲੱਗ ਪਏ। ਰਾਜਸੀ ਆਗੂਆਂ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਇਹਨਾਂ ਡੇਰਿਆਂ ਦੇ ਪ੍ਰਬੰਧਕਾਂ ਨਾਲ ਨੇੜਤਾ ਵਾਲੇ ਰਿਸ਼ਤੇ ਬਣਨੇ ਸ਼ੁਰੂ ਹੋ ਗਏ। ਰਾਜਨੀਤਕ ਫਾਇਦੇ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰਾਂ ਵੱਲੋਂ ਇਹਨਾਂ ਡੇਰਿਆਂ ਦੀ ਮੁਢਲੇ ਦਿਨਾਂ ਵਿੱਚ ਕੀਤੀ ਗਈ ਮਦਦ ਨਾਲ ਇਹ ਡੇਰੇ ਪ੍ਰਭਾਵਸ਼ਾਲੀ ਹੁੰਦੇ ਗਏ। ਡੇਰਿਆਂ ਦੇ ਸਮਾਗਮਾਂ ਤੇ ਜਾਣ ਵਾਲੇ ਸ਼ਰਧਾਲੂਆਂ ਨੂੰ ਆਮਤੌਰ ਤੇ ਪਰਮਾਤਮਾ ਦੇ ਨਾਲ ਜੋੜਨ ਦੀ ਸਿੱਖਿਆ ਹੀ ਦਿੱਤੀ ਜਾਂਦੀ ਹੈ। ਨਸ਼ੇ ਤੋਂ ਦੂਰ ਰਹਿਣ ਅਤੇ ਇਮਾਨਦਾਰੀ ਨਾਲ ਕੰਮ ਕਰਕੇ ਅੱਪਣੇ ਪਰਿਵਾਰ ਦੀ ਪਾਲਣਾ ਕਰਨ ਨੂੰ ਤਰਜ਼ੀਹ ਦੇਣ ਦੀ ਗੱਲ ਕੀਤੀ ਜਾਂਦੀ ਹੈ। ਡੇਰਿਆਂ ਦੇ ਪ੍ਰਬੰਧਕਾਂ ਵੱਲੋਂ ਰਾਜਨੀਤੀ ਨੂੰ ਪ੍ਰਭਾਵਿਤ ਕਰਨ ਵਾਲੀਆਂ ਗੱਲਾਂ ਦਾ ਆਮਤੌਰ ਤੇ ਭੋਲੇ ਭਾਲੇ ਸ਼ਰਧਾਲੂਆਂ ਨੂੰ ਕੋਈ ਪਤਾ ਨਹੀਂ ਹੁੰਦਾ। ਚੋਣਾਂ ਤੋਂ ਬਾਅਦ ਸਰਕਾਰ ਬਣਾਉਣ ਵਾਲੀ ਰਾਜਸੀ ਧਿਰ ਵੱਲੋਂ ਵੋਟਾਂ ਸਮੇਂ ਵਿਰੋਧ ਕਰਨ ਵਾਲੇ ਡੇਰਿਆਂ ਦੇ ਪ੍ਰਬੰਧਕਾਂ ਨੂੰ ਕਈ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਪੰਜਾਬ ਦੀਆਂ ਮੌਜੂਦਾ ਵਿਧਾਨਸਭਾ ਚੋਣਾਂ ਮੌਕੇ ਡੇਰਾ ਸਿਰਸਾ ਦੇ ਮੁਖੀ ਨੂੰ ਹਰਿਆਣਾ ਦੀ ਭਾਜਪਾ ਸਰਕਾਰ ਦੀ ਸਿਫਾਰਸ਼ ਤੇ ਇੱਕੀ ਦਿਨਾਂ ਦੀ ਪੈਰੋਲ ਦੇਣ ਦੇ ਮਾਮਲੇ ਨੇ ਡੇਰਿਆਂ ਦੀ ਰਾਜਨੀਤਕ ਅਹਿਮੀਅਤ ਨੂੰ ਹੋਰ ਉਜਾਗਰ ਕਰ ਦਿੱਤਾ ਹੈ। ਰਾਜਨੀਤੀ ਕਰਨ ਵਾਲਿਆਂ ਨੂੰ ਵੋਟਾਂ ਦੀ ਲੋੜ ਹੁੰਦੀ ਹੈ ਤੇ ਡੇਰਿਆਂ ਦੇ ਪ੍ਰਬੰਧਕਾਂ ਨੂੰ ਸਰਕਾਰ ਨਾਲ ਨੇੜਤਾ ਦੀ।ਅੱਜ ਦੀ ਘੜੀ ਦੋਵੇਂ ਹੀ ਇੱਕ ਦੂਜੇ ਦੇ ਪੂਰਕ ਹਨ ਅਰਥਾਤ ਦੋਵੇਂ ਹੀ ਕਿਸੇ ਨਾਂ ਕਿਸੇ ਰੂਪ ਵਿਚ ਇੱਕ ਦੂਜੇ ਦੇ ਗੁਲਾਮ ਹਨ। ਵੋਟਾਂ ਪੈਣ ਤੋਂ ਪਹਿਲਾਂ ਸਿਆਸਤ ਡੇਰਿਆਂ ਦੀ ਗੁਲਾਮ ਹੁੰਦੀ ਹੈ ਤੇ ਸਰਕਾਰ ਬਣਨ ਤੋਂ ਬਾਅਦ ਡੇਰੇ ਸਿਆਸਤ ਦੇ ਗੁਲਾਮ ਹੋ ਜਾਂਦੇ ਹਨ। ਸਾਡੇ ਦੇਸ਼ ਵਿੱਚ ਧਾਰਮਿਕ ਆਸਥਾ ਅਤੇ ਜਾਤ ਦੇ ਅਸਰ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਮਨੁੱਖ ਦੀ ਫਿਤਰਤ ਹੈ ਕਿ ਉਹ ਰਾਜਸੱਤਾ ਦੇ ਨਾਲ ਨੇੜਲੇ ਸਬੰਧ ਬਣਾਕੇ ਸੁਰਖਿਅਤ ਮਹਿਸੂਸ ਕਰਦਾ ਹੈ। ਜਿਵੇਂ ਜਿਵੇਂ ਡੇਰਿਆਂ ਦੀ ਜਾਇਦਾਦ 'ਚ ਵਾਧਾ ਹੋਣ ਲਗਦਾ ਹੈ, ਤਿਵੇਂ ਤਿਵੇਂ ਡੇਰੇ ਦੇ ਮੁਖੀ ਨੂੰ ਜਾਂ ਫਿਰ ਪ੍ਰਬੰਧਕਾਂ ਨੂੰ ਸਰਕਾਰ ਨਾਲ ਨੇੜਤਾ ਦੀ ਲੋੜ ਮਹਿਸੂਸ ਹੋਣ ਲੱਗ ਪੈਂਦੀ ਹੈ। ਦੌਲਤ ਅਤੇ ਸ਼ੋਹਰਤ ਦਾ ਨਸ਼ਾ ਸਿਆਣੇ ਤੋਂ ਸਿਆਣੇ ਮਨੁੱਖ ਤੋਂ ਵੀ ਗਲਤੀਆਂ ਕਰਵਾ ਦਿੰਦਾ ਹੈ। ਗਲਤੀਆਂ ਹੋ ਜਾਣ ਨਾਲ ਮਨੁੱਖ ਦੇ ਅੰਦਰ ਡਰ ਪੈਦਾ ਹੋ ਜਾਂਦਾ ਹੈ। ਰਾਜਨੀਤਕ ਪਾਰਟੀਆਂ ਇਸ ਤਰ੍ਹਾਂ ਦੇ ਡਰ ਉੱਤੇ ਤਿੱਖੀ ਨਜ਼ਰ ਰਖਦੀਆਂ ਹਨ। ਰਾਜਸੀ ਆਗੂ ਡੇਰੇ ਦੇ ਮੁਖੀ ਜਾਂ ਪ੍ਰਬੰਧਕਾਂ ਨੂੰ ਇਸ ਤਰ੍ਹਾਂ ਦੀਆਂ ਗਲਤੀਆਂ ਕਰਕੇ ਹੀ ਰਾਜਸੱਤਾ ਦੀ ਗੁਲਾਮੀ ਕਰਨ ਲਈ ਮਜਬੂਰ ਕਰਦੇ ਹਨ। ਡੇਰਿਆਂ ਦੇ ਪ੍ਰਬੰਧਕਾਂ ਦੀ ਗੁੱਟਬੰਦੀ ਵੀ ਰਾਜਸੀ ਲੋਕਾਂ ਨੂੰ ਜ਼ਿਆਦਾ ਦਖਲ ਦੇਣ ਲਈ ਉਤਸ਼ਾਹਿਤ ਕਰਦੀ ਹੈ। ਜਿਹੜੇ ਡੇਰੇ ਦੇ ਮੁਖੀ ਕੋਲ਼ ਵੱਡੇ ਰਾਜਸੀ ਆਗੂ ਅਤੇ ਵੱਡੇ ਪ੍ਰਸ਼ਾਸਨਿਕ ਅਧਿਕਾਰੀ ਵੱਡੀ ਗਿਣਤੀ 'ਚ ਆਉਣ ਲੱਗ ਜਾਂਦੇ ਹਨ, ਉਸ ਡੇਰੇ ਤੇ ਆਮ ਲੋਕਾਂ ਦੇ ਆਉਣ ਦੀ ਗਿਣਤੀ ਵੀ ਬਹੁਤ ਤੇਜ਼ੀ ਨਾਲ ਵਧ ਜਾਂਦੀ ਹੈ।ਆਮ ਲੋਕਾਂ ਨੂੰ ਤਾਂ ਇਹੀ ਲਗਦਾ ਹੈ ਕਿ ਸਿਆਸਤ ਕਰਨ ਵਾਲੇ ਵੱਡੇ ਵੱਡੇ ਆਗੂਆਂ ਨੂੰ ਵੀ ਬਾਬਿਆਂ ਕੋਲ ਆਕੇ ਨਤਮਸਤਕ ਹੋਣਾ ਪੈਂਦਾ ਹੈ,ਪਰ ਹਕੀਕਤ ਇਹ ਹੈ ਕਿ ਡੇਰਿਆਂ ਨੂੰ ਸਿਆਸਤ ਦੇ ਗੁਲਾਮ ਹੋ ਕੇ ਹੀ ਚੱਲਣਾ ਪੈਂਦਾ ਹੈ। ਜੇਕਰ ਡੇਰੇ ਸਿਆਸਤ ਦੇ ਅਨੁਸਾਰ ਨਹੀਂ ਚੱਲਦੇ ਤਾਂ ਫਿਰ ਉਹਨਾਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪੈ ਜਾਂਦਾ ਹੈ।






# ਐਹੋ ਜਿਹੇ ਓਹ ਵੇਲੇ ਤੇ ਐਹੋ ਜਿਹੀਆਂ ਸਨ ਗੱਲਾਂ



ਜਗਦੇਵ ਸਿੱਧੂ ਕੈਲਗਰੀ

ਤਾਏ ਦਿਆਲੇ ਘਤਿੱਤੀ ਦੀਆਂ ਗੱਲਾਂ ਭਲਾ ਕਦੋਂ ਮੁਕਦੀਆਂ ਹਨ। ਜਦੋਂ ਉਹ ਕਿਸੇ ਦੀ ਰਾਮ ਕਹਾਣੀ ਛੇੜ ਲੈਂਦਾ ਹੈ ਤਾਂ ਲਗਦੈ ਇਹ ਓਸੇ ਦੀ ਹੱਡ-ਬੀਤੀ ਹੋਣੀਐਂ। ਕਈ ਵਾਰੀ ਤਾਂ ਲਗਦੈ ਇਹ ਹਰੇਕ ਨਾਲ ਬੀਤੀ ਹੈ। ਕੁਛ ਵੀ ਹੋਵੇ, ਝੂਠ ਚਾਹੇ ਸੱਚ, ਉਸ ਦੀਆਂ ਗੱਲਾਂ ਵਿਚ ਉਨ੍ਹਾਂ ਵੇਲਿਆਂ ਦਾ ਇਤਿਹਾਸ ਲੁਕਿਆ ਹੋਇਆ ਹੈ - ਓਦੋਂ ਦੇ ਰੀਤੀ-ਰਿਵਾਜ, ਸਭਿਆਚਾਰ, ਰਹਿਣ ਸਹਿਣ, ਖਾਣ-ਪੀਣ, ਜਿਉਣ ਮਰਨ, ਵਗੈਰਾ ਵਗੈਰਾ। ਐਸ ਵੇਲੇ ਉਹ ਜਿਹੜੀ ਕਥਾ ਛੇੜ ਕੇ ਬਹਿ ਗਿਐ, ਉਹ ਵੀ ਆਪਾਂ ਕਿਸੇ ਜਾਣਕਾਰ ਦੀ ਜ਼ਬਾਨੀ ਹੀ ਸੁਣ ਲੈਂਦੇ ਹਾਂ।

ਮੈਂ ਮਾਸੀ ਨੂੰ ਮਿਲਣ ਗਿਆ। ਉਸ ਨੂੰ ਸ਼ਿਕਾਇਤ ਸੀ ਕਿ ਹੁਣ ਲੋਕਾਂ ਵਿਚ ਪਹਿਲਾਂ ਵਾਲਾ ਪਿਆਰ ਨਹੀਂ ਰਿਹਾ। ਕਹਿੰਦੀ ਓਦੋਂ ਲੋਕ ਇਕੱਠੇ ਬੈਠਦੇ, ਗੱਲਾਂ ਕਰਦੇ, ਝਹੇਡਾਂ ਕਰਦੇ, ਕੋਈ ਗੁੱਸਾ ਨਹੀਂ ਸੀ ਕਰਦਾ। ਰਿਸ਼ਤੇਦਾਰ ਦੁੱਖ-ਸੁੱਖ ਵੇਲੇ ਭੱਜੇ ਆਉਂਦੇ ਸਨ। ਕਿੰਨਾ ਮੋਹ ਤੇ ਭਰੱਪਾ ਹੁੰਦਾ ਸੀ। ਮੈਂ ਕਿਹਾ ਮਾਸੀ, ਮੋਹ ਪਿਆਰ ਕਿਸ ਜਾਨਵਰ ਦਾ ਨਾਂ ਹੈ। ਹਜ਼ਾਰਾਂ ਸਾਲ ਪਹਿਲਾਂ ਜੋ ਹੁੰਦਾ ਸੀ, ਅੱਜ ਵੀ ਹੋ ਰਿਹਾ ਹੈ। ਸਰਵਣ ਕੁਮਾਰ ਦਾ ਮਾਮਾ ਦਸ਼ਰਥ ਅਯੁੱਧਿਆ ਦਾ ਰਾਜਾ ਹੁੰਦਾ ਸੀ, ਪਰ ਸਰਵਣ ਆਪਣੇ ਅੰਨ੍ਹੇ ਮਾਂ-ਬਾਪ ਨੂੰ ਵਹਿੰਗੀ ਵਿਚ ਬਿਠਾ ਕੇ ਤੀਰਥ ਯਾਤਰਾ ਕਰਵਾਉਂਦਾ ਰਿਹਾ। ਮਾਮੇ ਦੇ ਰਾਜਾ ਹੋਣ ਦਾ ਕੀ ਲਾਭ। ਕੌਰਵਾਂ ਨੇ ਆਪਣੇ ਭਾਈਆਂ - ਪਾਂਡਵਾਂ - ਨੂੰ ਰਹਿਣ ਲਈ ਥੋੜ੍ਹੀ ਜਿਹੀ ਜ਼ਮੀਨ ਵੀ ਨਹੀਂ ਸੀ ਦਿੱਤੀ, ਜਿਸ ਕਰ ਕੇ ਮਹਾਂਭਾਰਤ ਦਾ ਵਿਨਾਸ਼ਕਾਰੀ ਯੁੱਧ ਹੋਇਆ ਸੀ। ਜੇ ਉਨ੍ਹਾਂ ਵਿਚ ਪਿਆਰ ਹੁੰਦਾ ਤਾਂ ਯੁੱਧ ਨਾ ਹੁੰਦਾ। ▾ਜਿਸ ਦੀ ਲਾਠੀ ਉਸੇ ਦੀ ਮਹਿੰ▾ ਵਾਲੀ ਗੱਲ ਉਦੋਂ ਵੀ ਸੀ, ਹੁਣ ਵੀ ਹੈ। ਥੋੜੇ ਘਰਾਂ ਦੇ ਵਡੇਰੇ ਸਕੇ ਹੁੰਦਿਆਂ ਵੀ ਆਪਸ ਵਿਚ ਜ਼ਬਾਨ ਸਾਂਝੀ ਨਹੀਂ ਸੀ ਕਰਦੇ। ਉਨ੍ਹਾਂ ਦੀ ਆਪਸ ਵਿਚ ਬੋਲ-ਚਾਲ ਵੀ ਨਹੀਂ ਸੀ। ਮਾਸੀ ਕੋਲ ਕੋਈ ਜਵਾਬ ਨਹੀਂ ਸੀ।

ਪੁਰਾਣੇ ਜ਼ਮਾਨੇ ਵਿਚ ਮਨੁੱਖ ਦੀਆਂ ਲੋੜਾਂ ਬਹੁਤ ਥੋੜ੍ਹੀਆਂ ਹੁੰਦੀਆਂ ਸਨ। ਬੇਰੜੇ ਦੀ ਰੋਟੀ, ਤਨ ਢਕਣ ਲਈ ਖੱਦਰ ਤੇ ਰਹਿਣ ਲਈ ਝੁੱਗੀ-ਝੌਂਪੜੀ ਜਾਂ ਕੱਚਾ ਕੋਠਾ। ਪਹਿਨਣ ਲਈ ਔਰਤਾਂ ਦੇ ਹੱਥਾਂ ਨਾਲ ਸਿਉਂਤੇ ਖੱਦਰ ਦੇ ਕੱਪੜੇ ਹੁਦੇ ਸਨ। ਖੱਦਰ ਘਰ ਦੀ ਕਪਾਹ ਵੇਲ-ਪਿੰਜ ਕੇ, ਕੱਤ-ਤੁੰਬ ਕੇ, ਅਟੇਰ ਕੇ ਜਾਂ ਜੁਲਾਹਿਆਂ ਤੋਂ ਬੁਣਵਾ ਲਿਆ ਜਾਂਦਾ ਸੀ ਜਾਂ ਘਰੇ ਤਾਣੀ ਤਣ ਕੇ ਬੁਣ ਲਿਆ ਜਾਂਦਾ ਸੀ।ਮਰਦਾਂ ਦੇ ਸਿਰ ਘੋਨ ਮੋਨ ਹੁੰਦੇ ਸਨ, ਨੰਗੇ ਜਾਂ ਸਿਰ ਤੇ ਮੂਕਾ (ਸਮੋਸਾ ਜਾਂ ਪਰਨਾ) ਵਲ੍ਹੇਟਿਆ ਹੁੰਦਾ। ਪੈਰਾਂ ਵਿਚ ਪਾਉਣ ਲਈ ਧੌੜੀ ਦੀ ਜੁੱਤੀ, ਕਦੇ ਟੁੱਟੀ, ਕਦੇ ਗੰਢੀ ਹੋਈ। ਲੱਕ ਦੁਆਲੇ ਲੰਗੋਟੀ ਜਾਂ ਖੱਦਰ ਦਾ ਢਾਈ ਹੱਥ ਲੰਮਾ ਪਰਨਾ ਹੁੰਦਾ ਸੀ। ਆਉਣ ਜਾਣ ਲਈ ਧੋਤੀ ਜਾਂ ਚਾਦਰਾ। ਜਿਹੜਾ ਸਿਰ ਤੇ ਪਰਨਾ ਜਾਂ ਨਿੱਕੀ ਮੋਟੀ ਪੱਗ ਬੰਨ੍ਹ ਲੈਂਦਾ, ਲੋਕ ਉਸ ਨੂੰ ਵੈਲੀ ਜਾਂ ਸ਼ੁਕੀਨ ਆਖਦੇ - ਬੰਨ੍ਹ ਕੇ ਖੱਦਰ ਦਾ ਸਾਫਾ ਚੰਦਰਾ ਸ਼ੁਕੀਨ ਹੋ ਗਿਆ। ਮਲਮਲ ਦੀ ਪੱਗ (ਜਿਸ ਦਾ ਬਰੈਂਡ ਨੰਬਰ ਛੱਤੀ ਹੁੰਦਾ ਸੀ) ਕਿਸੇ ਰੱਜੇ ਪੁੱਜੇ ਘਰ ਦੇ ਆਦਮੀਆਂ ਕੋਲ ਹੀ ਹੁੰਦੀ ਸੀ। ਇਹ ਕੰਮ ਕਰਨ ਵੇਲੇ ਨਹੀਂ ਸੀ ਬੰਨ੍ਹੀਂ ਜਾਂਦੀ। ਤਾਂ ਹੀ ਤਾਂ ਬਾਬੂ ਰਜਬ ਅਲੀ ਖ਼ਾਨ ਨੇ ਲਿਖਿਆ - ਹਲ ਵਾਹੁੰਦੇ ਬਾਬੂ ਜੀ ਹੰਢਾਈਏ ਪੱਗ ਛੱਬੀ ਨਾ। ਇੱਕ ਹੋਰ ਕਵੀਸ਼ਰ ਨੇ ਕਿਹਾ ਸੀ - ਜੁਆਕ ਨੂੰ ਫੜਾਈਏ ਫ਼ੀਮ ਵਾਲੀ ਡੱਬੀ ਨਾ। \ ਬੰਨ੍ਹੀਏਂ ਭਰੀ ਦੇ ਹੇਠ ਪੱਗ ਛੱਬੀ ਨਾ। ਸਾਧਾਰਨ ਘਰਾਂ ਦੇ ਮੁੰਡੇ ਮੰਗਵੀਂ ਪੱਗ ਨਾਲ ਹੀ ਵਿਆਹੇ ਜਾਂਦੇ। ਮੇਰਾ ਬਾਪੂ ਮਲਮਲ ਦੀ ਪੱਗ ਘੜੇ ਵਿਚ ਰਖਦਾ ਸੀ, ਜਿਸ ਨੂੰ ਚੱਪਣ ਨਾਲ ਢਕਿਆ ਹੁੰਦਾ ਸੀ।

ਦੀਆ ਸਲਾਈ (ਮਾਚਸ) ਕਿਸੇ ਕਿਸੇ ਘਰ ਹੁੰਦੀ। ਆਂਢ-ਗੁਆਂਢ ਤੋਂ ਮੰਗਵੀਂ ਅੱਗ ਦੀਆਂ ਚੰਗਿਆੜੀਆਂ ਕੜਛੇ ਵਿਚ ਲਿਆ ਕੇ ਰੱਖ ਲਈ ਜਾਂਦੀ ਸੀ, ਚੁਲ੍ਹੇ ਜਾਂ ਹਾਰੇ ਪਾ ਲਈ ਜਾਂਦੀ ਸੀ। ਫਿਰ ਇਸ ਤੋਂ ਬਣੀ ਅੱਗ ਨੂੰ ਸੁਆਹ ਵਿਚ ਢਕ ਕੇ ਸਾਂਭ ਲਿਆ ਜਾਂਦਾ ਸੀ। ਸਿਆਣੀ ਤੇ ਸਚਿਆਰੀ ਉਸੇ ਨੂੰ ਮੰਨਦੇ ਜੋ ਅੱਗ ਨੂੰ ਬੁਝਣ ਨਾ ਦਿੰਦੀ। ਓਹੀ ਔਰਤਾਂ ਘਰ ਬੰਨ੍ਹਦੀਆਂ ਸਨ। ਅੱਗ ਮੰਗਣ ਦੀ ਰਵਾਇਤ ਤੋਂ ਹੀ ਇਹ ਕਹਾਵਤ ਚੱਲੀ - ਅੱਗ ਲੈਣ ਆਈ ਘਰ ਵਾਲੀ ਬਣ ਬੈਠੀ। ਫਟੇ ਪੁਰਾਣੇ ਖੱਦਰ ਨੂੰ ਕਈ ਤਹਿਆਂ ਵਿਚ ਰੱਖ ਕੇ, ਸਿਉਂ ਕੇ, ਜੁੱਲੀਆਂ ਬਣਦੀਆਂ। ਰੂੰ ਦੇ ਗਦੈਲੇ ਮਗਰੋਂ ਆਏ। ਮਨੁੱਖ ਦੀਆਂ ਲੋੜਾਂ ਵਿਚ ਕੁੱਲੀ, ਗੁੱਲੀ ਤੇ ਜੁੱਲੀ ਹੁਦੀਆਂ ਸਨ। ਲੁਧਿਆਣਾ-ਮੋਰਿੰਡਾ-ਚੰਡੀਗੜ੍ਹ ਸੜਕ ਤੇ ਪੈਂਦੇ ਪੁਰਾਤਨ ਇਤਿਹਾਸਕ ਪਿੰਡ - ਉੱਚਾ ਪਿੰਡ ਸੰਘੋਲ -ਬਾਰੇ ਮੰਨਿਆਂ ਜਾਂਦਾ ਹੈ ਕਿ ਹਜ਼ਾਰਾਂ ਸਾਲ ਪਹਿਲਾਂ ਇਹ ਰਾਜਾ ਕਨਿਸ਼ਕ ਦੀ ਰਾਜਧਾਨੀ ਹੁੰਦਾ ਸੀ। ਪੁਰਾਤੱਤਵ ਵਿਭਾਗ ਨੇ ਖੁਦਾਈ ਕਰ ਕੇ ਰਾਜੇ ਕਨਿਸ਼ਕ ਦੇ ਮਹੱਲ ਦੇ ਬਚਦੇ ਨਿਸ਼ਾਨ ਨੰਗੇ ਕਰ ਲਏ। ਚਾਰਦੀਵਾਰੀ ਵਿਚ ਉੱਚੀ ਜਗ੍ਹਾ ਤੇ ਦੋ ਕੱਚੇ ਕੋਠੇ ਉਸ ਦਾ ਮਹੱਲ ਸੀ। ਅੱਜ ਦੇ ਗ਼ਰੀਬ ਤੇ ਉਦੋਂ ਦੇ ਰਾਜੇ ਦੀ ਹਾਲਤ ਲਗਭਗ ਬਰਾਬਰ ਸੀ (ਸੱਚ ਜਾਂ ਝੂਠ, ਇਹ ਤਾਂ ਤਾਇਆ ਜਾਣੇ)। ਮੰਜੇ ਨਹੀਂ ਸਨ, ਲੋਕੀ ਭੁੰਜੇ ਪੈਂਦੇ ਸਨ।

ਬਰਾਤੀ ਆਪਣੇ ਬਿਸਤਰੇ ਨਾਲ ਲੈ ਕੇ ਜਾਂਦੇ ਸਨ। ਸਣ ਦੀਆਂ ਪਟੀਆਂ ਅਤੇ ਸੂਤ ਦੇ ਦੋੜਿਆਂ ਉਪਰ ਬਿਠਾ ਕੇ ਬਰਾਤੀਆਂ ਨੂੰ ਭੋਜਨ ਵਰਤਾਇਆ ਜਾਂਦਾ ਸੀ। ਕੋਈ ਮੁਟਿਆਰ ਜੰਨ ਬੰਨ੍ਹ ਦਿੰਦੀ ਤੇ ਬਰਾਤ ਨਾਲ ਲਿਆਂਦਾ ਕੋਈ ਕਵੀਸ਼ਰ ਜੰਨ ਛੁਡਾਉਂਦਾ। ਲੱਡੂ ਜਲੇਬੀਆਂ, ਬੇਸਣ ਦੇ ਪਕੌੜੇ ਤੇ ਗੰਢਿਆਂ ਦੀ ਸਬਜ਼ੀ। ਸਾਡੇ ਪਿੰਡ ਦਾ ਛੋਟੂ ਰਾਮ ਬਾਣੀਆਂ ਪਹਿਲੀ ਵਾਰ ਵਹੁਟੀ ਲੈਣ ਸਹੁਰੀਂ ਗਿਆ। ਨਾਲ ਲਿਜਾਣ ਨੂੰ ਕੋਈ ਬਿਸਤਰਾ ਨਹੀਂ ਸੀ। ਕਿਸੇ ਘਰੋਂ ਦਰੀ ਮੰਗ ਕੇ ਲੈ ਗਿਆ। ਹਾਸੀ ਮਖੌਲ ਦੇ ਰਿਵਾਜ ਮੁਤਾਬਕ ਸਾਲੀਆਂ ਨੇ ਘੇਰ ਲਿਆ। ਇੱਕ ਸਾਲੀ ਨੂੰ ਪਤਾ ਨਹੀਂ ਕੀ ਸੁੱਝੀ, ਉਸ ਨੇ ਕਿਹਾਕਿ ਇਹ ਦਰੀ ਤੇਰੀ ਨਹੀਂ, ਕਿਸੇ ਦੀ ਮੰਗ ਕੇ ਲਿਆਇਐਂ। ਉਸ ਨੇ ਛੋਟੂ ਰਾਮ ਨੂੰ ਟੋਕਾ (ਜਾਂ ਖਪਰਾ) ਫੜਾ ਕੇ ਕਿਹਾ ਕਿ ਤੇਰੀ ਹੈ ਤਾਂ ਕੱਟ ਕੇ ਵਿਖਾ। ਛੋਟੂ ਰਾਮ ਨੇ ਦਰੀ ਦੇ ਕਈ ਟੋਟੇ ਕਰ ਦਿੱਤੇ। ਜਦੋਂ ਕਈ ਦਿਨ ਮਾਲਕਾਂ ਨੂੰ ਦਰੀ ਨਾ ਮੋੜੀ ਤਾਂ ਅਗਲੇ ਛੋਟੂ ਰਾਮ ਦੇ ਘਰ ਆ ਵੜੇ। ਉਸ ਦੀ ਮਾਂ ਨੇ ਸਾਰਾ ਘਰ ਫਰੋਲ ਮਾਰਿਆ ਪਰ ਦਰੀ ਕਿੱਥੋਂ ਮਿਲਣੀ ਸੀ। ਵਹੁਟੀ ਨੇ ਸੱਚ ਦੱਸ ਦਿੱਤਾ। ਛੋਟੂ ਦੀ ਮਾਂ ਨੇ ਪੰਜ ਰੁਪਏ ਦੇ ਕੇ ਖਹਿੜਾ ਛੁਡਾਇਆ।

ਪੰਥਕ ਆਗੂ ਮਾਸਟਰ ਤਾਰਾ ਸਿੰਘ ਨੇ ਸ੍ਵੈਜੀਵਨੀ ਵਿਚ ਲਿਖਿਆ ਹੈ ਕਿ ਸਾਡੇ ਇਲਾਕੇ ਦੇ ਲੋਕ ਰੋਟੀ ਤੁੱਕਿਆਂ ਤੇ ਡੇਲਿਆ ਦੇ ਅਚਾਰ ਨਾਲ ਹੀ ਖਾਂਦੇ ਸਨ। ਮਾਹਾਂ ਦੀ ਦਾਲ ਉਦੋਂ ਬਣਦੀ ਜਦੋਂ ਕਿਸੇ ਘਰ ਜਵਾਈ ਵਰਗੀ ਹੈਸੀਅਤ ਵਾਲਾ ਪ੍ਰਾਹੁਣਾ ਆਇਆ ਹੁੰਦਾ। ਗਲੀ ਮੁਹੱਲੇ ਦੀਆਂ ਜ਼ਨਾਨੀਆਂ ਦਾਲ ਮੰਗ ਕੇ ਲੈ ਜਾਂਦੀਆਂ। ਦਸਵੀਂ ਜਮਾਤ ਪਾਸ ਕਰ ਕੇ ਤਾਰਾ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪੜ੍ਹਨ ਲੱਗਿਆ। ਇੱਥੇ ਹਰ ਸ਼ਾਮ ਛੋਲਿਆਂ ਦੀ ਦਾਲ ਬਣਦੀ। ਦਾਲ ਘਟਦੀ ਤਾਂ ਠੇਕੇਦਾਰ ਗਰਮ ਪਾਣੀ ਦੀ ਇੱਕ ਬਾਲਟੀ ਦਾਲ ਦੇ ਬਰਤਨ ਵਿਚ ਪੁਆ ਦਿੰਦਾ। ਦਾਲ ਬਹੁਤ ਪਤਲੀ ਹੋ ਜਾਂਦੀ। ਗਧਕਲ ਪਾਣੀ ਵਿਚ ਦਾਣਾ ਮਸਾਂ ਲਭਦਾ ਸੀ। ਇਸੇ ਦੀ ਬੁਝਾਰਤ ਬਣੀ ਸੀ - ਚੰਦ ਚਾਨਣੀ ਰਾਤ ਤਾਰਾ ਕੋਈ ਕੋਈ ਹੈ। ਇੱਕ ਦਿਨ ਘੀਆ ਬਣਾਇਆ, ਬੜਾ ਸੁਆਦੀ ਲੱਗਿਆ। ਠੇਕੇਦਾਰ ਨੇ ਪੁੱਛਣ ਤੇ ਕਿਹਾ ਕਿ ਅੱਜ ਸਬਜ਼ੀ ਬਣਾਈ ਹੈ। ਪਹਿਲੀ ਵਾਰੀ ਸਬਜ਼ੀ ਦਾ ਨਾਂ ਸੁਣਿਆ ਸੀ।

ਸਾਰਾ ਮੁਲਕ ਖੇਤੀ ਤੇ ਨਿਰਭਰ ਸੀ। ਵਕਤ ਸਿਰ ਲੋੜ ਜੋਗੀ ਬਾਰਸ਼ ਹੋ ਜਾਂਦੀ ਤਾਂ ਸਾਰੇ ਮਾਰੂ (ਬਰਾਨੀ) ਖੇਤਾਂ ਵਿਚ ਦਾਣੇ ਬੀਜ ਦਿੰਦੇ, ਪੱਕਣ ਤੇ ਵੱਢ ਲੈਂਦੇ, ਗਾਹ ਕੇ , ਤਗਲੀਆਂ ਨਾਲ ਉਡਾ ਕੇ, ਛਜਲੀਆਂ ਨਾਲ ਹਿਲਾ ਕੇ ਦਾਣੇ ਕੱਢ ਲੈਂਦੇ। ਬਹੁਤੇ ਘਰਾਂ ਵਿਚ ਸਾਲ ਭਰ ਖਾਣ ਜੋਗੇ ਦਾਣੇ ਵੀ ਨਹੀਂ ਸਨ ਹੁੰਦੇ, ਪਹਿਲਾਂ ਹੀ ਮੁੱਕ ਜਾਂਦੇ। ਲੋਕ ਗੁਆਰਾ ਉਬਾਲ ਕੇ ਢਿੱਡ ਨੂੰ ਝੁਲਕਾ ਦੇ ਲੈਂਦੇ। ਜਦੋਂ ਨਹਿਰਾਂ ਬਣੀਆਂ ਤਾਂ ਕਿਸੇ ਨਹਿਰ ਵਿਚ ਸਾਲ ਵਿਚ ਤਿੰਨ ਮਹੀਨੇ, ਕਿਸੇ ਵਿਚ ਛੇ ਮਹੀਨੇ ਪਾਣੀ ਵਗਦਾ ਸੀ। ਵਿਚ ਦੀ ਬੰਦੀ ਵੀ ਆਈ ਰਹਿੰਦੀ ਸੀ। ਮੀਂਹ ਨਾ ਪੈਂਦੇ ਤਾਂ ਪਸ਼ੂਆਂ ਜੋਗਾ ਹਰਾ ਚਾਰਾ ਨਾ ਰਹਿੰਦਾ। ਪਸ਼ੂਆਂ ਨੂੰ ਬੰਜਰ ਜ਼ਮੀਨਾਂ ਵਿਚ ਜਾਂ ਨਹਿਰਾਂ-ਰਜਬਾਹਿਆਂ ਦੇ ਲਵੇ-ਲੌਣੇ ਚਾਰਦੇ। ਕਦੇ ਕਾਲ਼ ਪੈ ਜਾਂਦਾ। ਲੋਕ ਭੱਖੜਾ ਜਾਂ ਅਲ਼ੇਹਾ ਰਗੜ ਕੇ ਖਾਂਦੇ। ਪਸ਼ੂ ਅਤੇ ਲੋਕ ਭੁੱਖੇ ਮਰਦੇ। ਇੱਕ ਵਾਰੀ ਰਾਜਸਥਾਨ ਵਿਚ ਕਾਲ਼ ਪਿਆ। ਹਜ਼ਾਰਾਂ ਪਰਿਵਾਰ ਉੱਜੜ ਕੇ ਪੰਜਾਬ ਆ ਗਏ। ਮੇਰੇ ਨਾਨਕੇ ਘਰ ਦੇ ਗਵਾਂਢ ਵਿਚ ਇੱਕ ਪਰਿਵਾਰ ਨੂੰ ਠਾਹਰ ਮਿਲ ਗਈ। ਉਸ ਪਰਿਵਾਰ ਵਿਚ ਚਾਰ-ਪੰਜ ਸਾਲ ਦਾ ਇੱਕ ਮੁੰਡਾ ਸੀ -ਘੇਰਾ। ਉਹ ਪਰਿਵਾਰ ਘੇਰੇ ਨੂੰ ਸੁੱਤੇ ਪਏ ਨੂੰ ਛੱਡ ਕੇ ਰਾਤ ਨੂੰ ਕਿਧਰੇ ਚਲਾ ਗਿਆ। ਖੇਤੀ ਨਾਲ ਜੁੜੇ ਬਹੁਤੇ ਲੋਕ ਸਾਲ ਦਾ ਵਧੇਰੇ ਸਮਾਂ ਵਿਹਲੇ ਰਹਿੰਦੇ। ਘਰੋਂ ਬਾਹਰ ਨਿਕਲਦੇ, ਜਿੱਥੇ ਕਿਸੇ ਖੁੰਢ ਜਾਂ ਚੌਂਕੜੀ ਤੇ ਦੋ ਆਦਮੀ ਬੈਠੇ ਹੁੰਦੇ, ਉਨ੍ਹਾਂ ਕੋਲ ਜਾ ਬੈਠਦੇ। ਗੱਭਰੂ ਮਨ ਪਰਚਾਵੇ ਲਈ ਕਬੱਡੀ ਖੇਡਦੇ, ਕੁਸ਼ਤੀ ਕਰਦੇ। ਮੁੰਡੇ-ਖੁੰਡੇ ਖਿੱਦੋ-ਖੂੰਡੀ, ਘਾਟੀਆਂ, ਗੁੱਲੀ ਡੰਡਾ ਖੇਡਦੇ। ਇਕੱਠੇ ਬੈਠਣ ਨੂੰ ਲੋਕ ਪਿਆਰ ਦਾ ਨਾਂ ਦਿੰਦੇ। ਪਿਆਰ ਮਾਂ-ਪਿਓ ਆਪਣੇ ਬੱਚਿਆਂ ਨੂੰ ਦਿੰਦੇ ਹਨ। ਵੱਡੇ ਹੋਇਆਂ ਨੂੰ ਮਾਪੇ ਤਾਂ ਹੀ ਪਿਆਰ ਕਰਦੇ ਜੇ ਮਾਪਿਆਂ ਦੀ ਉਮੀਦ ਤੋਂ ਵਧ ਕੇ ਕੁਛ ਕਰਨ। ਮੈਂ ਛੋਟਾ ਹੁਦਾ ਨਾਨਕੇ ਘਰ ਗਿਆ। ਗੁਆਂਢੀ ਘਰ ਵਿਚ ਕੁੜੀ ਦੀ ਸ਼ਾਦੀ ਸੀ। ਮੇਲ਼ ਨਾਲ ਆਏ ਬੱਚੇ ਲੁਕਣਮੀਟੀ ਖੇਡ ਰਹੇ ਸਨ। ਮੈਂ ਉਨ੍ਹਾਂ ਨਾਲ ਖੇਡਣ ਉਸ ਘਰ ਚਲਾ ਗਿਆ। ਵਿਆਹੁਲੜ ਕੁੜੀ ਦੀ ਮਾਂ ਨੇ ਮੈਨੂੰ ਬਾਹੋਂ ਫੜ ਕੇ ਘਰੋਂ ਬਾਹਰ ਕੱਢ ਦਿੱਤਾ। ਅਖੇ ਤੂੰ ਲੱਡੂ ਜਲੇਬੀਆਂ ਖਾਣ ਆਇਐਂ। ਵਿਆਹ ਵਾਲੇ ਘਰ ਨਾਨਕਾ ਮੇਲ਼ ਤਿੰਨ ਗੱਡੇ ਭਰ ਕੇ ਆਇਆ ਸੀ। ਬਰਾਨੀ ਖੇਤਾਂ ਵਿਚ ਦੀ ਲੰਘਦੇ ਕੱਚੇ ਰਾਹ ਹਨੇਰੀ ਦੇ ਰੇਤੇ ਨਾਲ ਅੱਟੇ ਜਾਂਦੇ ਤੇ ਰਾਹਾਂ ਦੀ ਪਛਾਣ ਮੁੱਕ ਜਾਂਦੀ। ਗੱਡੇ ਰਾਹੋਂ ਕੁਰਾਹ ਹੁੰਦੇ ਢੀਚਕ-ਢੀਚਕ ਕਰਦੇ ਤਿੰਨ ਦਿਨਾਂ ਵਿਚ ਅੱਪੜੇ ਸਨ।ਰੀਤੀ ਰਿਵਾਜ ਅਨੁਸਾਰ ਰਾਤ ਨੂੰ ਜਾਗੋ ਕੱਢੀ ਗਈ। ਨਾਨਕਾ ਮੇਲ਼ ਨੇ ਪੂਰੀ ਵਾਹ ਲਾ ਕੇ ਜਾਗੋ ਤਿਆਰ ਕੀਤੀ। ਵੱਡੀ ਸਾਰੀ ਟੋਕਣੀ ਉੱਤੇ ਆਟੇ ਦੇ ਦੀਵੇ ਚਿਪਕਾਏ ਗਏ। ਸਿਰ ਤੇ ਈਨੂੰ ਧਰ ਕੇ ਕੁੜੀ ਦੀ ਮਾਮੀ ਨੇ ਜਾਗੋ ਸਿਰ ਤੇ ਟਿਕਾਈ। ਇੱਕ ਕੁੜੀ ਦੇ ਹੱਥ ਵਿਚ ਘੁੰਗਰੂਆਂ ਵਾਲੀ ਡਾਂਗ ਫੜੀ ਹੋਈ ਸੀ ਤੇ ਉਸ ਨੇ ਸਿਰ ਉਪਰ ਚੁੰਨੀ ਪੱਗ ਵਾਂਗ ਲਪੇਟੀ ਹੋਈ ਸੀ। ਪਿੰਡ ਦੀਆਂ ਬੀਹੀਆਂ ਵਿਚ ਦੀ ਗੇੜਾ ਕਢਦੀਆਂ ਨੇ ਮੰਜੀ ਤੇ ਪਏ ਗੇਬੇ ਅਮਲੀ ਨੂੰ ਮੂਧਾ ਕਰ ਦਿੱਤਾ। ਬੰਬੀਹਾ ਬੁਲਾਉਂਦੀਆਂ ਨਾਲ ਦੇ ਘਰ ਗਈਆਂ ਤਾਂ ਉਸ ਘਰ ਦੀ ਬਜ਼ੁਰਗ ਮਾਈ ਜੈ ਕੁਰ ਨੂੰ ਜਵਾਨੀ ਚੜ੍ਹ ਗਈ। ਉਸ ਦੇ ਪੇਟ ਵਿਚ ਵੱਡੀ ਰਸੌਲੀ ਸੀ ਜਿਸ ਕਰ ਕੇ ਮੰਜੀ ਤੇ ਪਈ ਰਹਿੰਦੀ ਸੀ। ਉਸ ਦਿਨ ਖ਼ੁਸ਼ੀ ਵਿਚ ਸਾਂਝੀ ਕੰਧ ਨਾਲ ਪੀੜ੍ਹੀ ਡਾਹੀ ਤੇ ਕੰਧ ਉਪਰ ਜਾ ਬੈਠੀ। ਉਸ ਤੋਂ ਬੋਲੇ ਬਗੈਰ ਰਿਹਾ ਨਾ ਗਿਆ, ਕਹਿਣ ਲੱਗੀ,▾ਵਾਹ ਵੇ ਜੈਦ ਕਿਓ ਬੜੇ ਆਏ▾। ਇੱਕ ਹਰ ਕੁਰ ਬੁੜ੍ਹੀ ਦਾ ਮੁੰਡਾ ਚਰਨਾ ਸੀ। ਚਰਨੇ ਨੇ ਆਪਣੀ ਰਿਸ਼ਤੇਦਾਰੀ ▾ਚੋਂ ਇੱਕ ਕੁੜੀ ਦਾ ਰਿਸ਼ਤਾ ਆਪਣੇ ਪਿੰਡ ਦੇ ਇੱਕ ਲੜਕੇ ਨਾਲ ਕਰਵਾ ਦਿੱਤਾ। ਉਹ ਲੜਕਾ ਜਿਸ ਨੂੰ ਅਕਾਲੀ ਆਖਦੇ ਸਨ, ਬੜਾ ਬਦਮਾਸ਼ ਨਿਕਲਿਆ। ਉਹ ਵਹੁਟੀ ਨੂੰ ਰੱਸਿਆਂ ਨਾਲ ਬੰਨ੍ਹ ਕੇ ਘੋੜੀ ਪਿੱਛੇ ਘਸੀਟਿਆ ਕਰੇ। ਗੁਆਂਢ ਦੇ ਪਿੰਡੋਂ ਇੱਕ ਮੁਸਲਮਾਨੀ ਕੁੜੀ ਕੱਢ ਲਿਆਇਆ। ਦੁਖੀ ਹੋ ਕੇ ਚਰਨੇ ਤੇ ਉਸ ਦੇ ਘਰ ਵਾਲੀ ਨੇ ਸੁੱਤਾ ਪਿਆ ਅਕਾਲੀ ਵੱਢ ਦਿੱਤਾ। ਚਰਨੇ ਨੇ ਆਪਣੇ ਤੇ ਕਤਲ ਦਾ ਕੇਸ ਪਾ ਕੇ ਵੀਹ ਸਾਲ ਕੈਦ ਕੱਟੀ। ਗਰਮੀਆਂ ਵਿਚ ਠੰਢਾ ਪਾਣੀ ਪੀਣ ਵਾਸਤੇ ਕੋਰੇ ਘੜਿਆਂ ਨੂੰ ਗਿੱਲੇ ਕੱਕੇ ਰੇਤੇ ਤੇ ਰੱਖਿਆ ਜਾਂਦਾ ਸੀ।

# ਵਜ਼ਨੀ ਕਬੱਡੀ ਦੀ ਕੌਡੀ ਕੌਡੀ ਦੀ ਆਵਾਜ ਹੁਣ ਗੁੰਮ ਐ



ਗੁਰਜੀਤ ਗਿੱਲ ਬਹੋਨਾ (ਰਿਜਾਇਨਾ ਕੈਨੇਡਾ)



**ਜੋ ਬੀਜਾਂਗੇ ਉਹੀ ਉੱਗਣਾ ਸੋ ਇਸ ਲਈ ਕਬੱਡੀ ਲਈ ਪਨੀਰੀ ਤਿਆਰ ਕਰਨੀ ਬਹੁਤ ਜ਼ਰੂਰੀ ਹੈ । ਸਾਰੀਆਂ ਟੂਰਨਾਮੈਂਟ ਕਮੇਟੀਆਂ ਨੂੰ ਚਾਹੀਦਾ ਕਿ ਇੱਕ ਦਿਨ ਵਜ਼ਨੀ ਕਬੱਡੀ ਦਾ ਜ਼ਰੂਰ ਰੱਖਿਆ ਕਰੋ ਤਾਂ ਜੋ ਇਹਨਾਂ ਵਿੱਚੋਂ ਵਧੀਆ ਪਲੇਅਰ ਆਉਣ ਵਾਲੇ ਸਮੇਂ ਵਿੱਚ ਕਬੱਡੀ ਉੱਪਨ ਦਾ ਸ਼ਿੰਗਾਰ ਬਣ ਸਕਣ । ਇੱਕ ਮੇਰੀ ਬੇਨਤੀ ਕਬੱਡੀ ਫੈਡਰੇਸਨਾ ਨੂੰ ਹੈ ਕਿ ਵਜ਼ਨੀ ਕਬੱਡੀ ਵਿੱਚ ਆਪਾ ਉਮਰ ਵਾਲਾ ਚੱਕਰ ਨਾ ਲੈ ਕੇ ਆਈਏ ਜ਼ਿੱਦਾਂ ਹੁਣ ਕਈ ਫੈਡਰੈਸਨਾ ਵਾਲੇ ਅੰਡਰ 20-21 ਦੇ ਮੈਚ ਕਰਵਾ ਰਹੇ ਹਨ ਬਲਕਿ ਇਹ।**

ਗੱਲ ਕਰਦੇ ਆ ਸਾਡੀ ਮਾਂ ਖੇਡ ਕਬੱਡੀ ਦੀ ਜੋ ਕਦੇ ਪੁਰਾਣੇ ਸਮਿਆਂ ਵਿੱਚ ਨਿੱਕੇ ਇਨਾਮਾਂ ਜਿਵੇਂ ਕੌਡੀਆਂ, ਸਿੱਪੀਆਂ ਤੇ ਚਾਂਦੀ ਦੀਆਂ ਮੋਹਰਾ ਤੋਂ ਹੁੰਦੀ ਹੋਈ ਅੱਜ ਲੱਖਾਂ ਕਰੋੜਾਂ ਦੀ ਹੋ ਗਈ ਪਰ ਅੱਜ ਲੋੜ ਹੈ ਇਸਨੂੰ ਸਾਂਭਣ ਦੀ। ਜ਼ਿਆਦਾ ਇਨਾਮ ਕਬੱਡੀ ? ਪਲੇਅਰਾਂ ਨੂੰ ਮਾੜੇ ਤੇ ਟੇਢੇ ( short cut ) ਰਸਤੇ ਚੱਲਣ ਲਈ ਮਜਬੂਰ ਕਰ ਰਹੇ ਹਨ ਭਾਵ ਸਾਰੇ ਪਲੇਅਰ ਰਾਤੋ ਰਾਤ ਅਮੀਰ ਹੋਣ ਦੇ ਸੁਪਨੇ ਦੇਖਦੇ ਹਨ । ਪਰ ਇਸਦੇ ਨਤੀਜੇ ਬਹੁਤ ਭਿਆਨਕ ਆ ਰਹੇ ਹਨ ਤੇ ਅੱਗੇ ਹੋਰ ਮਾੜੇ ਆਉਣ ਦੀ ਸੰਭਾਵਨਾ ਬਣੀ ਹੋਈ ਹੈ । ਮੇਰਾ ਭਾਵ ਕਬੱਡੀ ਵਿੱਚ ਨਸ਼ੇ ਤੋਂ ਨਹੀਂ ਸਗੋਂ ਪਲੇਅਰਾ ਵੱਲੋਂ ਵਰਤੇ ਜਾ ਰਹੇ ਵੱਖ ਵੱਖ ਤਰਾਂ ਦੇ ਪ੍ਰੋਟੀਨ ( steel rods) ਨੇ ਜੋ ਅੱਜ ਦੇ ਸਮੇਂ ਵਿੱਚ ਬਹੁਤ ਘਾਤਕ ਸਿੱਧ ਹੋ ਰਹੇ ਹਨ ਕਿਉਂਕਿ 100 ਵਿੱਚੋਂ 70 ਪਲੇਅਰ ਆਮ ਘਰਾਂ ਵਿੱਚੋਂ ਨੇ ਜਿਹੜੇ ਇਹ ਮਾੜੇ ਪ੍ਰੋਟੀਨ ( supplement ) ਔਖੇ ਸੌਖੇ ਹੋ ਕੇ ਖਰੀਦ ਤਾਂ ਲੈਂਦੇ ਹਨ ਪਰ ਉਹਨਾਂ ਵਿਚਾਰਿਆ ਨੂੰ ਇਹ ਨਹੀਂ ਪਤਾ ਕਿ ਇਸ ਸਮਾਨ ਨੂੰ ਸਰੀਰ ਵਿੱਚੋਂ ਬਾਹਰ ਕੱਢਣ ਲਈ ਉਨੇ ਹੀ ਪੈਸੇ ਖਰਚ ਕਰਨੇ ਪੈਂਦੇ ਹਨ ਜਿੰਨੇ ਦਾ ਸਮਾਨ ਪਹਿਲਾ ਖ਼ਰੀਦਿਆ ਜਾਂਦਾ ਹੈ ਜੇ ਕਈਆਂ ਪਲੇਅਰਾਂ ਨੂੰ ਪਤਾ ਹੋਵੇ ਪਰ ਉਹਨਾਂ ਕੋਲ ਇੰਨਾਂ ਪੈਸੇ ਨੀ ਹੁੰਦੇ ਕੇ ਇਸਨੂੰ ਸਰੀਰ ਵਿੱਚੋਂ ਬਾਹਰ ਕੱਢਵਾਂ ( wash ) ਕਰਵਾ ਸਕਣ । ਪਰ ਤਕੜੇ ਪਲੇਅਰਾਂ ਨੂੰ ਇਹਨਾਂ ਗੱਲਾ ਬਾਰੇ ਪਤਾ ਹੋਣ ਕਰਕੇ ਉਹਨਾਂ ਦਾ ਬਚਾ ਹੋ ਜਾਂਦਾ ਹੈ । ਆਪਾ ਦੇਖਦੇ ਹਾਂ ਕਿੰਨੇ ਹੋਣਹਾਰ ਪਲੇਅਰ ਇਹਨਾਂ ਚੀਜ਼ਾਂ ਦੀ ਭੇਂਟ ਚੜ੍ਹ ਚੁੱਕੇ ਹਨ ਤੇ ਚੜ੍ਹ ਰਹੇ ਹਨ । ਜਿਹੜੇ ਅੱਜ-ਕੱਲ੍ਹ ਪਲੇਅਰ ਹਰਟ ਅਟੈਕ ਨਾਲ ਸਾਡੇ ਕੋਲ਼ੋਂ ਹਮੇਸ਼ਾ ਲਈ ਵਿਛੜ ਗਏ ਜ਼ਿਹਨਾਂ ਨੂੰ ਬਾਅਦ ਵਿੱਚ ਇਹ ਕੇ ਬਦਨਾਮ ਕਰ ਦਿੱਤਾ ਕੇ ਫ਼ਲਾਨਾ ਪਲੇਅਰ ਉਵਰ ਡੋਜ਼ ਨਾਲ ਮਰ ਗਿਆ , ਜੋ ਸਾਡੇ ਕਬੱਡੀ ਜਗਤ ਲਈ ਬਹੁਤ ਅਫ਼ਸੋਸ ਤੇ ਚਿੰਤਾ ਵਾਲਾ ਵਿਸ਼ਾ ਬਣ ਗਿਆ ਹੈ । ਸੋ ਲੋੜ ਹੈ ਇਸ ਚੀਜ਼ ਤੇ ਗ਼ੌਰ ਕਰਨ ( awareness ) ਦੀ । ਮੈਂ ਕਬੱਡੀ ਕੋਚਾਂ ਨੂੰ ਗੁਜ਼ਾਰਸ਼ ਕਰਦਾ ਹਾਂ ਕਿ ਗਰਾਊਂਡ ਪ੍ਰੈਕਟਿਸ ਦੇ ਨਾਲ ਨਾਲ ਪਲੇਅਰਾਂ ਨੂੰ ਦਿਮਾਗੀ ਤੌਰ ਤੇ ਵੀ ਫੈੱਟ ਕੀਤਾ ਜਾਵੇ ਤੇ ਇੰਨਾ ਚੀਜ਼ਾਂ ਬਾਰੇ ਦੱਸਿਆ ( aware ) ਜਾਵੇ ।

ਦੂਜੇ ਪਾਸੇ ਗੱਲ ਕਰਦੇ ਵਜ਼ਨੀ ਕਬੱਡੀ ਦੀ ਜਿਸ ਵਿੱਚ ਜੇ ਮਨ ਕੇ ਚੱਲੀਏ ਤਾਂ ਇੱਕ ਹਿਸਾਬ ਨਾਲ ਖੜੋਤ ਹੀ ਆ ਚੁੱਕੀ ਹੈ । ਮਾਲਵੇ ਅਤੇ ਦੁਅਬੇ ਵਿੱਚ ਤਾਂ ਅਜੇ ਕੁਝ ਕੁ ਕਮੇਟੀਆਂ ਵੱਜਣੀ ਕਬੱਡੀ ਦੇ ਟੂਰਨਾਮੈਂਟ ਕਰਵਾਉਂਦੀਆਂ ਨੇ ਪਰ ਮਾਝੇ ਏਰੀਏ ਵਿੱਚ ਤਾਂ ਬਿਲਕੁਲ ਹੀ ਅਲੋਪ ਹੋ ਚੁੱਕੀ ਹੈ । ਕਬੱਡੀ ? ਦੀ ਖੜੋਤ ਨੂੰ ਰੋਕਣ ਲਈ ਵਜ਼ਨੀ ਕਬੱਡੀ ਨੂੰ ਬਰਕਰਾਰ ਰੱਖਣਾ ਬਹੁਤ ਜ਼ਰੂਰੀ ਹੈ । ਕਿਉਂਕਿ ਜੋ ਬੀਜਾਂਗੇ ਉਹੀ ਉੱਗਣਾ ਸੋ ਇਸ ਲਈ ਕਬੱਡੀ ਲਈ ਪਨੀਰੀ ਤਿਆਰ ਕਰਨੀ ਬਹੁਤ ਜ਼ਰੂਰੀ ਹੈ । ਸਾਰੀਆਂ ਟੂਰਨਾਮੈਂਟ ਕਮੇਟੀਆਂ ਨੂੰ ਚਾਹੀਦਾ ਕਿ ਇੱਕ ਦਿਨ ਵਜ਼ਨੀ ਕਬੱਡੀ ? ਦਾ ਜ਼ਰੂਰ ਰੱਖਿਆ ਕਰੋ ਤਾਂ ਜੋ ਇਹਨਾਂ ਵਿੱਚੋਂ ਵਧੀਆ ਪਲੇਅਰ ਆਉਣ ਵਾਲੇ ਸਮੇਂ ਵਿੱਚ ਕਬੱਡੀ ਉੱਪਨ ਦਾ ਸ਼ਿੰਗਾਰ ਬਣ ਸਕਣ । ਇੱਕ ਮੇਰੀ ਬੇਨਤੀ ਕਬੱਡੀ ਫੈਡਰੇਸਨਾ ਨੂੰ ਹੈ ਕਿ ਵਜ਼ਨੀ ਕਬੱਡੀ ਵਿੱਚ ਆਪਾ ਉਮਰ ਵਾਲਾ ਚੱਕਰ ਨਾ ਲੈ ਕੇ ਆਈਏ ਜ਼ਿੱਦਾਂ ਹੁਣ ਕਈ ਫੈਡਰੈਸਨਾ ਵਾਲੇ ਅੰਡਰ 20-21 ਦੇ ਮੈਚ ਕਰਵਾ ਰਹੇ ਹਨ ਬਲਕਿ ਇਹ। ਵਜ਼ਨ ਦੇ ਹਿਸਾਬ ਨਾਲ ਹੀ ਹੋਣੇ ਚਾਹੀਦਾ । ਕਿਉਂਕਿ ਇਹ ਜ਼ੋਰ ਦੇ ਨਾਲ ਨਾਲ ਤਕਨੀਕ ਦੀ ਖੇਡ ਹੈ ।ਕ੍ਰਿਕਟ ਤੇ ਹਾਕੀ ਵਰਗੀਆਂ ਖੇਡਾ ਨੂੰ ਆਪਾ ਕਬੱਡੀ ਨਾਲ ਨਾ ਜੋੜੀਏ ਉਹ ਰੂਲ ਆਪਾ ਕਬੱਡੀ ਵਿੱਚ ਨਾ ਲੈ ਕੇ ਆਈਏ । ਨਾਲ ਹੀ ਟੂਰਨਾਮੈਂਟ ਕਮੇਟੀਆਂ ਨੂੰ ਬੇਨਤੀ ਹੈ ਕਿ ਵਜਨੀ ਟੀਮਾਂ ਦੀ ਐਂਟਰੀ ਨਾ ਲਈ ਜਾਵੇ ਪਰ ਹੁਣ ਟੂਰਨਾਮੈਂਟਾਂ ਤੇ ਵਜਨੀ ਟੀਮਾਂ ਦੀ ਐਂਟਰੀ 200-300 ਰੁਪਏ ਤੱਕ ਦੇਖਣ ਨੂੰ ਮਿਲਦੀ ਹੈ ਜੋ ਵਜਨੀ ਪਲੇਅਰਾਂ ਲਈ ਆਪਣੇ ਕੋਲ਼ੋਂ ਦੇਣੀ ਬਹੁਤ ਔਖੀ ਹੈ । ਆਸ ਕਰਦਾ ਕਿ ਸਾਰੇ ਕਬੱਡੀ ਨੂੰ ਪਿਆਰ ਕਰਨ ਵਾਲੇ ਭਰਾ ਮੇਰੀਆਂ ਇੰਨਾਂ ਗੱਲਾ ਵੱਲ ਜ਼ਰੂਰ ਧਿਆਨ ਦੇਖਗੇ ਤੇ ਅਮਲ ਵੀ ਕਰਨਗੇ । ਕਬੱਡੀ ਵਿੱਚ ਹੋਰ ਬਹੁਤ ਸਾਰੇ ਸੁਧਾਰ ਬਾਕੀ ਨੇ ਜੋ ਅਗਲੇ ਆਰਟੀਕਲ ਵਿੱਚ ਤੁਹਾਡੇ ਨਾਲ ਸਾਂਝੇ ਕਰਾਂਗੇ ।

# ਜਦੋਂ ਰਾਈਟਰਜ਼ ਫੋਰਮ ਕੈਲਗਰੀ ਦੀ ਮੀਟਿੰਗ ਵਿੱਚ ਹਰ ਇੱਕ ਮਾਂ ਨੂੰ ਆਪਣੀ ਕੁੱਖ 'ਚੋਂ,ਪੁੱਤਰ ਦੀ ਖ਼ੁਸ਼ਬੋਅ ਰਹਿੰਦੀ ਹੈ ਵਰਗੇ ਬੋਲ ਗੂੰਜੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਕ ਮੀਟਿੰਗ 5 ਮਾਰਚ ਨੂੰ ਜ਼ੂਮ ਰਾਹੀਂ ਹੋਈ। ਸਕੱਤਰ ਜਸਵੀਰ ਸਿਹੋਤਾ ਨੇ ਮੀਟਿੰਗ ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ ਕਰਦੇ ਹੋਏ ਸਨਮਾਨ ਵਜੋਂ ਹਰਮਿੰਦਰ ਕੌਰ ਚੁੱਘ ਨੂੰ ਮੀਟਿੰਗ ਦਾ ਸੰਚਾਲਨ ਕਰਨ ਦੀ ਜ਼ਿੰਮੇਵਾਰੀ ਸੌਂਪੀ। ਸ਼ੁਰੂ ਵਿਚ ਹਰਮਨ ਪਿਆਰੇ ਮਕਬੂਲ ਗੀਤਕਾਰ ਤੇ ਗਾਇਕ ਅਮਰਜੀਤ ਗੁਰਦਾਸਪੁਰੀ ਦੇ ਸਦੀਵੀ ਵਿਛੋੜੇ ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ ਅਤੇ ਸ਼ਰਧਾਂਜਲੀ ਭੇਟ ਕੀਤੀ ਗਈ। ਜਸਵੀਰ ਸਿਹੋਤਾ ਨੇ ਮਹਿਲਾ ਦਿਵਸ ਦੇ ਪਿਛੋਕੜ ਅਤੇ ਮਹੱਤਵ ਬਾਰੇ ਚਾਨਣਾ ਪਾਇਆ। ਉਸ ਦਾ ਵਿਚਾਰ ਸੀ ਕਿ ਭਾਵੇਂ ਸਮਾਜ ਅੰਦਰ ਧੀਆਂ ਪ੍ਰਤੀ ਕਾਫ਼ੀ ਜਾਗ੍ਰਤੀ ਆ ਗਈ ਹੈ ਪਰ ਅਜੇ ਵੀ ਕਈ ਪੁਰਾਣੀਆਂ ਗ਼ਲਤ ਧਾਰਨਾਵਾਂ ਲੋਕਾਂਦੀ ਸੋਚ ਨੂੰ ਜਕੜੀ ਬੈਠੀਆਂ ਹਨ ਜਿਨ੍ਹਾਂ ਤੋਂ ਮੁਕੰਮਲ ਖਹਿੜਾ ਛੁਡਾਉਣ ਦੀ ਜ਼ਰੂਰਤ ਹੈ।ਡਾ। ਬਲਵਿੰਦਰ ਕੌਰ ਬਰਾੜ ਨੇ ਇਸ ਦੇ ਕਈ ਪਹਿਲੂਆਂ ਬਾਰੇ ਵਿਦਵਤਾ ਭਰਪੂਰ ਵਿਚਾਰ ਰੱਖੇ। ਉਸ ਨੇ ਕਿਸਾਨ ਅੰਦੋਲਨ ਵਿਚ ਔਰਤਾਂ ਦੀ ਭਰਪੂਰ ਸ਼ਮੂਲੀਅਤ ਦੀ ਮਿਸਾਲ ਦੇ ਕੇ ਕਿਹਾ ਕਿ ਜਿਸ ਅੰਦੋਲਨ ਜਾਂ ਸੰਘਰਸ਼ ਵਿਚ ਔਰਤਾਂ ਦੀ ਭਰਵੀਂ ਹਿੱਸੇਦਾਰੀ ਹੋਵੇਗੀ, ਉਸ ਦੀ ਕਾਮਯਾਬੀ ਯਕੀਨੀ ਹੈ। ਉਸ ਨੇ ਚਿੰਤਾ ਜ਼ਾਹਰ ਕੀਤੀ ਕਿ ਹੁਣ ਤਾਂ ਔਰਤ ਦੀ ਕੁੱਖ ਵੀ ਵਿਕਾਊ ਕਰ ਦਿੱਤੀ ਗਈ ਹੈ। ਸ਼ਿਵ ਕੁਮਾਰ ਬਟਾਲਵੀ ਦੀਆਂ ਸਤਰਾਂ ਦੇ ਹਵਾਲੇ ਨਾਲ ਪਰਮਾਣ ਪੇਸ਼ ਕੀਤਾ ਕਿ ਦਰਅਸਲ ਧੀਆਂ ਪ੍ਰਤੀ ਗ਼ਲਤ ਰਵੱਈਆ ਮੁੱਢ ਕਦੀਮ ਤੋਂ ਘਰ ਕਰ ਚੁੱਕਿਆ ਹੈ ਜਿਸ ਨੂੰ ਜੜ੍ਹਾਂ ਤੋਂ ਉਖਾੜਨ ਦੀ ਜ਼ਰੂਰਤ ਹੈ।

ਧੀ ਜੰਮੀ ਦੁੱਧ ਸੁੱਕ ਜਾਂਦਾ ਹੈ,ਕੰਨੀਂ ਮੰਦੀ ਸੋਅ ਪੈਂਦੀ ਹੈ।

ਹਰ ਇੱਕ ਮਾਂ ਨੂੰ ਆਪਣੀ ਕੁੱਖ 'ਚੋਂ,ਪੁੱਤਰ ਦੀ ਖ਼ੁਸ਼ਬੋਅ ਰਹਿੰਦੀ ਹੈ।

ਡਾ ਰਾਜਵੰਤ ਕੌਰ ਮਾਨ ਨੇ ਔਰਤ ਨੂੰ ਮਾਨਵਤਾ ਦੀ ਜਨਨੀ ਦਾ ਦਰਜਾ ਦੇਣ ਵਾਲੀ ਕਵਿਤਾ ਸੁਣਾਈ। ਗੁਰਦੀਸ਼ ਕੌਰ ਗਰੇਵਾਲ ਨੇ ਆਪਣੀ ਬਹੁ-ਚਰਚਿਤ ਕਵਿਤਾ - ਮੈਂ ਔਰਤ ਹਾਂ ਔਰਤ ਹੀ ਰਹਾਂਗੀ - ਪੇਸ਼ ਕੀਤੀ। ਅਜਾਇਬ ਸਿੰਘ ਸੇਖੋਂ ਨੇ ਧੀਆਂ ਦੀ ਮਹਾਨਤਾ ਦਰਸਾਉਂਦੀ ਕਵਿਤਾ ਪੜ੍ਹੀ - ਧੰਨ ਨੇ ਪਰਿਵਾਰ ਜੋ ਧੀਆਂ ਨੂੰ ਪੁੱਤਾਂ ਵਾਂਗੂੰ ਪਾਲਦੇ। ਗੁਰਚਰਨ ਕੌਰ ਥਿੰਦ ਨੇ ਔਰਤ ਤੇ ਮਰਦ ਦੀ ਬਰਾਬਰੀ ਬਾਰੇ ਵਿਚਾਰ ਪਰੋਸੇ ਅਤੇ ਔਰਤਾਂ ਨਾਲ ਹੋ ਰਹੀਆਂ ਬੇ-ਇਨਸਾਫ਼ੀਆਂ ਨੂੰ ਵਿਸਥਾਰ ਵਿਚ ਦੱਸ ਕੇ ਉਨ੍ਹਾਂ ਨੂੰ ਬਣਦਾ ਸਨਮਾਨ ਦੇਣ ਦੀ ਵਕਾਲਤ ਕੀਤੀ। ਜੰਗ ਦੇ ਮਾਰੂ ਅਸਰਾਂ ਤੋਂ ਸੁਚੇਤ ਕਰਾਉਂਦੀ ਕਵਿਤਾ ਪੜ੍ਹੀ।ਸੇਵਾ ਸਿੰਘ ਨੇ ਸ਼ਬਦ ਗਾਇਨ ਕਰ ਕੇ ਰੂਹਾਨੀ ਮਾਹੌਲ ਸਿਰਜਿਆ। ਰਾਮ ਸਰੂਪ ਸੈਣੀ ਨੇ ਗ਼ਜ਼ਲ ਗਾਈ ਤਾਂ ਐਡਮੰਟਨ ਤੋਂ ਸ਼ਾਮਿਲ ਅਮਰਜੀਤ ਸਿਹੋਤਾ ਨੇ ਖ਼ੂਬਸੂਰਤ ਅੰਦਾਜ਼ ਵਿੱਚ ਗੀਤ ਸੁਣਾਇਆ - ਅਪਨੇ ਦੀਵਾਨੇ ਕੋ ਇੱਕ ਪੱਥਰ ਤੋ ਮਾਰੇ ਜਾਈਏ। ਸਰਬਜੀਤ ਕੌਰ ਉਪਲ ਦਾ ਗੀਤ ਸੀ - ਵੇ ਵੰਝਲੀ ਵਾਲੜਿਆ ਇੱਕ ਗੱਲ ਭੁੱਲੀਂ ਨਾਂ। ਹਰਮਿੰਦਰ ਕੌਰ ਚੁੱਘ ਨੇ -ਮੈਂ ਤੈਨੂੰ ਘੋੜੀ ਚੜ੍ਹੇਨੀਆਂ - ਗੀਤ ਤਰੱਨਮ ਵਿਚ ਗਾ ਕੇ ਸਮਾਂ ਬੰਨ੍ਹ ਦਿੱਤਾ। ਡਾ: ਮਨਮੋਹਨ ਸਿੰਘ ਦਾ ਗੀਤ - ਮੁਟਿਆਰੇ ਜਾਣਾ ਦੂਰ ਪਿਆ - ਆਸਾ ਸਿੰਘ ਮਸਤਾਨਾ ਨੂੰ ਯਾਦ ਕਰਵਾ ਗਿਆ। ਟੋਰਾਂਟੋ ਤੋਂ ਸ਼ਾਮਲ ਗੀਤਕਾਰ ਸੁਜਾਨ ਸਿੰਘ ਸੁਜਾਨ ਦਾ ਖਾਲਸਾ ਏਡ ਦੀ ਸਿਫ਼ਤ ਵਿੱਚ ਗਾਇਆ ਗੀਤ - ਜਿੱਥੇ ਕਿਤੇ ਵੀ ਭੀੜ ਬਣੀ, ਲੰਗਰ ਜਾ ਲਾਏ - ਮਕਬੂਲ ਗਾਇਕੀ ਦਾ ਨਮੂਨਾ ਪੇਸ਼ ਕਰ ਗਿਆ। ਗੁਰਚਰਨ ਸਿੰਘ ਹੇਅਰ ਨੇ ਕਵਿਤਾ ਰਾਹੀਂ ਸੱਭਿਆਚਾਰ ਦੀ ਤਸਵੀਰ ਉਜਾਗਰ ਕਰ ਧਰੀ - ਉੱਚਾ ਬੜਾ ਸਮਝਿਆ ਤੈਨੂੰ, ਤੂੰ ਛਲੀਏ ਦਾ ਛਲੀਆ ਵੇ। ਜਗਜੀਤ ਰਹਿਸੀ ਦੇ ਸ਼ਿਅਰਾਂ ਵਿੱਚੋਂ ਇੱਕ ਇਹ ਵੀ ਸੀ - ਤੂੰ ਤੂੰ ਕਰ ਕੇ ਜਿੱਤ ਗਏ ਸੀ, ਮੈਂ ਮੈਂ ਕਰ ਕੇ ਹਾਰੇ। ਜਗਦੇਵ ਸਿੱਧੂ ਨੇ ਮੂਲਨਿਵਾਸੀਆਂ ਅੰਦਰ ਔਰਤ ਦੇ ਦਰਜੇ ਅਤੇ ਸਨਮਾਨ ਦੀ ਚਰਚਾ ਕੀਤੀ, ਮਰਦ ਤੇ ਔਰਤ ਨੂੰ ਬਦਲਦੀਆਂ ਪ੍ਰਸਥਿਤੀਆਂ ਦੇ ਸੰਦਰਭ ਵਿਚ ਦਰਪੇਸ਼ ਚੁਣੌਤੀਆਂ ਦੀ ਰੌਸ਼ਨੀ ਵਿਚ ਨਵੇਂ ਸਿਰੇ ਤੋਂ ਵਾਚਣ ਦੀ ਲੋੜ ਦਾ ਪਹਿਲੂ ਰੱਖਿਆ। ਡਾ। ਮਹਿੰਦਰ ਸਿੰਘ ਹੱਲ੍ਹਣ ਨੇ ਤਜਰਬੇ ਵਿੱਚੋਂ ਸਾਰਥਕ ਵਿਚਾਰ ਸਾਂਝੇ ਕੀਤੇ। ਅਮਰੀਕ ਸਰੋਆ ਦੀ ਹਾਜ਼ਰੀ ਅਰਥ ਭਰਪੂਰ ਰਹੀ। ਹਰਮਿੰਦਰ ਕੌਰ ਚੁੱਘ ਨੇ ਢੁਕਵੀਆਂ ਟਿੱਪਣੀਆਂ ਸਮੇਤ ਮੀਟਿੰਗ ਦੀ ਕਾਰਵਾਈ ਨੂੰ ਦਿਲਚਸਪ ਤਰੀਕੇ ਨਾਲ ਅੰਜਾਮ ਦਿੱਤਾ।

ਪੰਜਾਬ ਤੋਂ ਪੰਜਾਬੀ ਸਟਾਈਲ ਦੇ ਸੂਟ
ਵਿਆਹ ਭਾਂਵੇ ਕਨੇਡਾ ਹੋਵੇ ਜਾਂ ਪੰਜਾਬ ਜਾਕੇ ਕਰਨਾ ਐ !
ਬਠਿੰਡਾ ਨੇਹਚਲ ਸਟੂਡਿਓ ਤਾਂ ਵਿਆਹ ਵਿੱਚ
ਸ਼ਾਮਿਲ ਜਰੂਰ ਹੋਵੇਗਾ ਕਿਉਂਕਿ ਉਹੋ ਜਿਹੇ ਸੂਟ
ਤੁਹਾਨੂੰ ਹੋਰ ਕਿਤੋਂ ਮਿਲ ਈ ਨਹੀਂ ਸਕਦੇ
Nehchhal Vogue Studio
Bathinda (PB)
ਰੇਟ ਤੁਹਾਡੀ ਜੇਬ ਦੇ ਹਾਣੀ ਹੋਣਗੇ
Hand- Machine Embroidery,
Indian Bridal Lehnga's, Tailoring,
(Hand, Block, Screen Painting), Sarees.....
Enjoy The Boutique Designer Attires
But Not At Boutique Price
73407 84137
ਆਨ ਲਾਈਨ ਆਰਡਰ ਅਤੇ ਹਵਾ ਦੇ ਬੁੱਲਿਆਂ ਵਾਂਗ ਡਲਿਵਰੀ ਤੁਹਾਡੇ ਘਰ ਹੁੰਦੀ ਹੈ



ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜ਼ਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500






# ਪਾਗਲ ਦੇ ਹੱਥ ਤੀਲ੍ਹਾਂ ਵਾਲੀ ਡੱਬੀ ਐ ਤੇ ਸਮੁੱਚਾ ਆਲਮ ਸੁੱਕਾ ਲਾਂਗਾ






ਯੂਕ੍ਰੇਨ ਤੇ ਰੂਸ ਦੇ ਹਮਲੇ ਨਾਲ ਸੰਸਾਰ ਤਬਾਹੀ ਵੱਲ ਵਧਦਾ ਜਾ ਰਿਹਾ ਹੈ , 1991 ਤੱਕ ਸੋਵੀਅਤ ਯੂਨੀਅਨ ਦਾ ਹਿੱਸਾ ਰਹੇ ਯੂਕ੍ਰੇਨ ਤੇ ਇਸ ਵੇਲੇ ਦੁਨੀਆਂ ਵਿੱਚ ਸਭ ਤੋਂ ਜ਼ਿਆਦਾ ਪ੍ਰਮਾਣੂੰ ਬੰਬਾਂ ਦਾ ਮਾਲਕ ਰੂਸ , ਆਪਣੀਆਂ ਮਿਜ਼ਾਇਲਾਂ ਨਾਲ ਹਮਲੇ ਕਰ ਰਿਹਾ ਹੈ।

ਅਸਲ ਵਿੱਚ ਜਦੋਂ ਦੀ ਸੋਵੀਅਤ ਯੂਨੀਅਨ ਟੁੱਟੀ ਹੈ, ਯੂਕ੍ਰੇਨ ਉਸ ਵਿੱਚੋਂ ਵੱਖ ਹੋਣ ਵਾਲਾ ਸਭ ਤੋਂ ਵੱਡਾ ਸਟੇਟ ਹੈ। ਜਦੋਂ ਰੂਸ ਦੁਨੀਆਂ ਦੀ ਮਾਹਾਂਸ਼ਕਤੀ ਹੁੰਦਾ ਸੀ। ਉਸ ਵੇਲੇ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ ਸੀ ਵਿਚ 4 ਅਪ੍ਰੈਲ 1949 ਨੂੰ ਇੱਕ ਨਾਟੋ ਨਾਂ ਦੀ ਯੂਨੀਅਨ ਬਣਾਈ ਗਈ ਸੀ। ਨਾਟੋ ਦਾ ਪੂਰਾ ਨਾਮ ਹੈ North Atlanitc Treaty Alilnce ਜਿਸ ਵਿੱਚ ਅਮਰੀਕਾ ਬਰਤਾਨੀਆ ਸਮੇਤ ਦੁਨੀਆਂ ਦੇ ਤੀਹ ਮੁਲਕ ਸ਼ਾਮਲ ਹਨ।

ਨਾਟੋ ਤਹਿਤ ਇੱਕ ਸੁਰਿਖਆ ਸਮਝੋਤਾ ਹੋਇਆ ਜਿਸ ਵਿੱਚ ਜਦੋਂ ਕਿਸੇ ਨਾਟੋ ਮੁਲਕ ਤੇ ਕੋਈ ਦੂਸਰਾ ਮੁਲਕ ਹਮਲਾ ਕਰੇ ਤਾਂ ਨਾਟੋ ਮੁਲਕ ਇੱਕਮੁੱਠ ਰਹਿਣਗੇ।

ਹੁਣ ਯੂਕ੍ਰੇਨ ਨਾਟੋ ਮੁਲਕਾਂ ਨਾਲ ਆਪਣੀ ਨਜ਼ਦੀਕੀ ਵਧਾ ਰਿਹਾ ਸੀ। ਰੂਸ ਨੂੰ ਇਹ ਗੱਲ ਕਦੇ ਵੀ ਬਰਦਾਸ਼ਤ ਨਹੀਂ। ਕਿਉਂਕਿ ਜੇਕਰ ਯੂਕ੍ਰੇਨ ਨਾਟੋ ਦਾ ਮੈਂਬਰ ਬਣਦਾ ਹੈ ਤਾਂ ਅਮਰੀਕਾ ਤੇ ਬਰਤਾਨੀਆ ਵਰਗੇ ਮੁਲਕਾਂ ਦੀਆਂ ਫੋਜਾਂ ਯੂਕ੍ਰੇਨ ਦੇ ਨਾਲ ਹੋਣਗੀਆਂ ਜਿਹਨਾਂ ਦੀ ਸ਼ਕਤੀ ਅੱਗੇ ਰੂਸ ਬਹੁਤ ਬੌਣਾ ਰਹਿ ਜਾਂਦਾ ਹੈ।

ਇਸ ਵੇਲੇ ਰੂਸ ਕੋਲ ਸਭ ਤੋਂ ਵੱਧ ਪ੍ਰਮਾਣੂ ਹਥਿਆਰ ਹਨ , ਸਰਬਜਨਿਕ ਰਿਪੋਰਟ ਮੁਤਾਬਕ

| | |
|---|---|
| ਰੂਸ - | 6255 |
| ਅਮਰੀਕਾ - | 5550 |
| ਚੀਨ - | 350 |
| ਫਰਾਂਸ - | 290 |
| ਬਰਤਾਨੀਆ - | 255 |
| ਪਾਕਿਸਤਾਨ - | 165 |
| ਭਾਰਤ - | 156 |
| ਇਸਰਾਇਲ - | 90 |

ਭਾਵੇਂ ਉਤਰੀ ਕੋਰੀਆ ਕੋਲ ਮੋਜੂਦ ਨਹੀਂ ਪਰ ਦੱਸਣ ਮੁਤਾਬਕ ਉਹ ਵੀ 40-50 ਪ੍ਰਮਾਣੂ ਹਥਿਆਰ ਬਣਾਉਣ ਦੇ ਯੋਗ ਹੈ।


ਪ੍ਰਮਾਣੂੰ ਹਥਿਆਰ ਯੂਰੇਨੀਅਮ ਤੇ ਪਲਾਟੀਨਮ ਤੋਂ ਬਣਾਏ ਜਾਂਦੇ ਹਨ। ਦੁਨੀਆਂ ਦਾ ਸਭ ਤੋਂ ਪਹਿਲਾਂ ਪ੍ਰਮਾਣੂ ਬੰਬ ਜਿਸਦਾ ਨਾਮ ਲਿਟਲ ਬੁਆਏ ਰੱਖਿਆ ਗਿਆ ਸੀ। 6 ਅਗਸਤ 1945 ਨੂੰ ਅਮਰੀਕਾ ਨੇ ਜਾਪਾਨ ਦੇ ਸ਼ਹਿਰ ਹੀਰੋਸ਼ੀਮਾ ਤੇ ਸੁੱਟਿਆ ਸੀ, ਜਿਸ ਨਾਲ ਇਕ ਲੱਖ ਚਾਲੀ ਹਜ਼ਾਰ ਤੋਂ ਵਧੇਰੇ ਲੋਕ ਮਾਰੇ ਗਏ ਸਨ।

ਇਸੇ ਹੀ ਦਿਨ ਦੂਸਰਾ ਪ੍ਰਮਾਣੂ ਬੰਬ ਜਿਸਦਾ ਨਾਮ (ਫੈਟ ਮੈਨ) ਸੀ ।ਜਾਪਾਨ ਦੇ ਹੀ ਸ਼ਹਿਰ ਨਾਗਾਸਾਕੀ ਤੇ ਸੁੱਟਿਆ ਗਿਆ ਸੀ। ਜਿਸ ਨਾਲ ਚਾਲੀ ਹਜ਼ਾਰ ਤੋਂ ਵਧੇਰੇ ਲੋਕ ਮਾਰੇ ਗਏ ਸਨ। ਜਾਪਾਨ ਦਾ ਸਿਹਤ ਸਿਸਟਮ ਤਹਿਤ ਨਹਿਰ ਹੋ ਗਿਆ ਸੀ।

ਇਹ ਤੇ ਸਤੱਤਰ ਵਰ੍ਹੇ ਪਹਿਲਾਂ ਵਾਲੇ ਪ੍ਰਮਾਣੂ ਬੰਬ ਸਨ ਹੁਣ ਤਾਂ ਬਹੁਤ ਜ਼ਿਆਦਾ ਅੱਤ ਆਧੁਨਿਕ ਪ੍ਰਮਾਣੂੰ ਤਿਆਰ ਹੋ ਚੁੱਕੇ ਹਨ। ਜਿਸ ਨਾਲ ਹੋਣ ਵਾਲੀ ਤਬਾਹੀ ਬਾਰੇ ਸੋਚਣਾ ਤਾਂ ਸੋਚ ਤੋਂ ਬਾਹਰ ਦੀ ਗੱਲ ਹੈ।

ਹੁਣ ਤਾਂ ਰੱਬ ਆਸਰੇ ਐ, ਦਾਤਾ ਸੁਮੱਤ ਬਖਸ਼ੇ, ਪਾਗਲ ਦੇ ਹੱਥ ਤੀਲ੍ਹਾਂ ਵਾਲੀ ਡੱਬੀ ਐ ਤੇ ਸਮੁੱਚਾ ਆਲਮ ਸੁੱਕਾ ਲਾਂਗਾ,

# ਤੁਹਾਡੇ ਲਾਲ – ਤੁਹਾਡੀ ਝੋਲੀ




ਕੁੱਝ ਅਜਿਹੇ ਗੀਤਾਂ ਦੀ ਗੱਲ ਕਰੀਏ ਜੋ ਪੰਜਾਬੀ ਗੀਤਾਂ ਦੇ ਇਤਿਹਾਸ ਤੇ ਮੁੱਢਲੇ ਸਫੇ ਦੇ ਗੀਤ ਹਨ, ਐਸੇ ਗੀਤਕਾਰਾਂ ਦੇ ਗੀਤ, ਜਿਹਨਾਂ ਗੀਤਕਾਰਾਂ ਨੇ ਉਹਨਾਂ ਗੀਤਾਂ 'ਚ ਆਪਣਾ ਨਾਮ ਵੀ ਨਹੀਂ ਪਾਇਆ, ਤੇ ਸਾਡੇ ਇਤਿਹਾਸਕਾਰਾਂ ਨੇ ਕਦੇ ਉਹਨਾਂ ਗੀਤਕਾਰਾਂ ਦਾ ਜ਼ਿਕਰ ਕਰਨ ਦੀ ਜਰੂਰਤ ਵੀ ਨਹੀਂ ਸਮਝੀ

*ਇਹਨਾਂ ਅੱਖੀਆਂ 'ਚ ਪਾਵਾਂ ਕਿਵੇਂ ਕੱਜਲਾ,
ਵੇ ਅੱਖੀਆਂ 'ਚ ਤੂੰ ਵੱਸਦਾ
\# ਆਵਾਜ਼ ਸੁਰਿੰਦਰ ਕੌਰ
\#ਗੀਤਕਾਰ - ਹਰਭਜਨ ਸਿੰਘ ਚਮਕ

*ਦਿਲ ਸੋਹਲ ਨਾ ਗੁੱਸੇ ਦੇ ਵਿੱਚ ਬੋਲੀਂ,
ਸੱਜਣਾ ਮੈਂ ਹੱਥ ਜੋੜਦੀ
\# ਆਵਾਜ਼ ਸੁਰਿੰਦਰ ਕੌਰ
\#ਗੀਤਕਾਰ - ਪ੍ਰਕਾਸ਼ ਸਾਥੀ

*ਮਹਿਰਮ ਦਿਲਾਂ ਦੇ ਮਾਹੀ,
ਮੋੜੇਂਗਾ ਕਦ ਮੁਹਾਰਾਂ
\# ਆਵਾਜ਼ ਸੁਰਿੰਦਰ ਕੌਰ
\#ਗੀਤਕਾਰ ਸਾਧੂ ਸਿੰਘ ਆਂਚਲ

*ਜੁੱਤੀ ਕਸੂਰੀ ਪੈਰ ਨਾ ਪੂਰੀ,
ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ
\# ਆਵਾਜ਼ ਸੁਰਿੰਦਰ ਕੌਰ
\#ਗੀਤਕਾਰ- ਗਿਆਨ ਚੰਦ ਧਵਨ

*ਵੇ ਨੇੜੇ ਤੇੜੇ ਦੇਈਂ ਬਾਬਲਾ,
ਚੱਕ ਜੁੱਤੀ ਤੇ ਛੜੱਪ ਵੇਹੜੇ ਤੇਰੇ
\# ਆਵਾਜ਼- ਪ੍ਰਕਾਸ਼ ਕੌਰ
\#ਗੀਤਕਾਰ - ਪ੍ਰਕਾਸ਼ ਸਾਥੀ

*ਲਾਈ ਬੇਕਦਰਾਂ ਨਾਲ ਯਾਰੀ
ਟੁੱਟਗੀ ਤੜੱਕ ਕਰਕੇ
\# ਆਵਾਜ਼ - ਤੁਫਾਈਲ ਨਿਆਜੀ
\#ਗੀਤਕਾਰ -ਚਾਨਣ ਗੋਬਿੰਦਪੁਰੀ

*ਕਾਲੀ ਤੇਰੀ ਗੁੱਤ ਤੇ
ਪਰਾਂਦਾ ਤੇਰਾ ਲਾਲ ਨੀ
\# ਆਵਾਜ਼ ਆਸਾ ਸਿੰਘ ਮਸਤਾਨਾ
\#ਗੀਤਕਾਰ - ਹਰਚਰਨ ਸਿੰਘ ਪ੍ਰਵਾਨਾ

*ਐਧਰ ਕਣਕਾਂ ?ਧਰ ਕਣਕਾਂ
ਵਿਚ ਕਣਕਾਂ ਦੇ ਬੂਰ ਪਿਆ,
ਮੁਟਿਆਰੇ ਜਾਣਾ ਦੂਰ ਪਿਆ
\# ਆਵਾਜ਼ ਆਸਾ ਸਿੰਘ ਮਸਤਾਨਾ
\#ਗੀਤਕਾਰ - ਇੰਦਰਜੀਤ ਸਿੰਘ ਤੁਲਸੀ

*ਮੇਰਾ ਢੋਲ ਨੀ ਮੱਕੀ ਦਾ ਰਾਖਾ,
ਡੱਬ ਵਿੱਚ ਲਿਆਵੇ ਛੱਲੀਆਂ
\# ਆਵਾਜ਼ ਮੁਹੰਮਦ ਸਦੀਕ
\#ਗੀਤਕਾਰ - ਗਿਆਨ ਚੰਦ ਧਵਨ

*ਮਲਕੀ ਖੂਹ ਦੇ ਉੱਤੇ ਭਰਦੀ ਸੀ ਪਈ ਪਾਣੀ
\# ਆਵਾਜ਼ - ਮੁਹੰਮਦ ਸਦੀਕ ਰਣਜੀਤ ਕੌਰ
\#ਗੀਤਕਾਰ - ਗਿਆਨੀ ਸੋਹਨ ਸਿੰਘ ਸੀਤਲ

*ਲੰਮਾਂ ਲੰਮਾਂ ਬਾਜਰੇ ਦਾ ਸਿੱਟਾ
\# ਆਵਾਜ਼ - ਸ਼ਮਸ਼ਾਦ ਬੇਗਮ
\#ਗੀਤਕਾਰ - ਵਰਮਾ ਮਲਿਕ

*ਕੁੰਡਲਾਂ ਤੋਂ ਪੁੱਛ ਗੋਰੀਏ
\# ਆਵਾਜ਼ - ਆਸਾ ਸਿੰਘ ਮਸਤਾਨਾ
\#ਗੀਤਕਾਰ - ਚਰਨ ਸਿੰਘ ਸਫ਼ਰੀ

*ਲੜ ਗਿਆ ਪੇਚਾ
\# ਆਵਾਜ਼ ਕੇ ਐਲ ਅਗਨੀਹੋਤਰੀ
\#ਗੀਤਕਾਰ -ਗਿਆਨ ਚੰਦ ਧਵਨ

ਕੌਣ ਸਨ ਐਡੇ ਵੱਡੇ ਗੀਤਾਂ ਦੇ ਗੀਤਕਾਰ, ਉਹਨਾਂ ਦਾ ਜ਼ਿੰਦਗੀਨਾਮਾ, ਉਹਨਾਂ ਦੇ ਹੋਰ ਸੁਪਰ ਡੁੱਪਰ ਹਿੱਟ ਗੀਤ ਕਿਹੜੇ ਕਿਹੜੇ ਹਨ ਜਿਹਨਾਂ ਨੂੰ ਅੱਜ ਲੋਕ-ਗੀਤ ਹੀ ਕਿਹਾ ਜਾਂਦਾ ਹੈ ਜਾਨਣ ਲਈ ਪੜ੍ਹਿਓ।

"ਮਿੱਟੀ ਨੂੰ ਫਰੋਲ ਜੋਗੀਆ" ਦੋਸਤੋ ਮੈਂ ਸਤਾਰਾਂ ਅਠਾਰਾਂ ਵਰ੍ਹੇ ਮਿੱਟੀ ਨੂੰ ਫਰੋਲ ਫਰੋਲ ਇਹ ਲਾਲ ਲੱਭੇ ਹਨ।

ਹੁਣ।।।। ਤੁਹਾਡੀ ਸਭਨਾਂ ਪੰਜਾਬੀਆਂ ਦੀ ਅਮਾਨਤ--ਤੁਹਾਨੂੰ ਸਮਰਪਣ- ਤੁਹਾਡੇ ਲਾਲ, ਤੁਹਾਡੀ ਝੋਲੀ

ਕਿਤਾਬ ਮੰਗਵਾਉਣ ਲਈ ਸੰਪਰਕ ਕਰੋ
ਗੁੱਡ ਵਿੱਲ ਪਬਲੀਕੇਸ਼ਨਜ਼ ਮਾਨਸਾ
ਫੋਨ 9463373433

# ਉਹ ਵੇਲਾ ਯਾਦ ਕਰ



ਬਲਵਿੰਦਰ ਕੌਰ ਬਰਾੜ
403 590 9629



ਥੋੜੀ ਥੋੜੀ ਗੁਫ਼ਤਗੂ ਦੋਸਤੋਂ ਸੇ ਕਰਤੇ ਰਹੀਏ
ਜਾਲੇ ਲਗ ਜਾਤੇ ਹੈਂ ਅਕਸਰ ਬੰਦ ਮਕਾਨੋਂ ਮੇਂ।
( ਗੁਲਜ਼ਾਰ )



ਮੈਂ ਸੁਣਿਆ ਹੈ ਰੱਬ ਜਿੰਨ੍ਹਾਂ ਨਾਲ ਖ਼ੂਨ ਦੇ ਰਿਸ਼ਤੇ ਬਨਾਉਣੇ ਭੁੱਲ ਜਾਂਦਾ ਹੈ, ਉਨ੍ਹਾਂ ਨੂੰ ਦੋਸਤ ਬਣਾ ਕੇ ਸਾਡੀ ਜ਼ਿੰਦਗੀ ਵਿਚ ਭੇਜਦਾ ਹੈ। ਵਿਗਿਆਨੀ ਆਖਦੇ ਹਨ ਸਾਡੀ ਦੇਹੀ ਵਿਚਲੀਆਂ ਤਰੰਗਾਂ ਜਦੋਂ ਕਿਸੇ ਹੋਰ ਦੇ ਸੀਨੇ ਪਲਦੀਆਂ ਤਰੰਗਾਂ ਨਾਲ ਇਕਸੁਰ ਹੋ ਜਾਣ, ਉੱਥੇ ਦੋਸਤੀ ਮੱਲੋਮੱਲੀ ਪਨਪ ਜਾਂਦੀ ਹੈ। ਪੰਜਾਬੀ ਅਖਾਣ ਕਿ - ਲੰਡੇ ਨੂੰ ਖੁੰਡਾ ਸੌ ਕੋਹ ਤੇ ਵੀ ਜਾ ਟੱਕਰਦਾ ਹੈ- ਇਸੇ ਗੱਲ ਦੀ ਗਵਾਹੀ ਹੈ।ਇਸ ਨੂੰ ਹਮਖ਼ਿਆਲੀ ਦੀ ਨਿਸ਼ਾਨੀ ਕਿਹਾ ਜਾਂਦਾ ਹੈ। ਅਜਿਹੀ ਸਾਂਝ ਲਈ ਕੋਈ ਸਿਧਾਂਤ, ਨਿਯਮ, ਸ਼ਰਤਾਂ ਜਾਂ ਕਿਸੇ ਟ੍ਰੇਨਿੰਗ ਦੀ ਲੋੜ ਨਹੀਂ ਹੁੰਦੀ। ਆਧੁਨਿਕ ਯੁਗ ਵਿਚ ਜਿੱਥੇ ਹਰ ਸੀਨੇ ਵਿਚ ਟੇਢਾਂ ਉਗ ਪਈਆਂ ਹਨ, ਨਿੱਜ-ਮੁਖੀ ਜਾਂ ਨਫ਼ਾ-ਮੁਖੀ ਰਵਈਏ ਨੇ ਖ਼ੂਨ ਦੇ ਰਿਸ਼ਤੇ ਫਿੱਕੇ ਪਾ ਧਰੇ ਹਨ, ਜਾਂ ਸਮਾਜ ਵੱਲੋਂ ਥੋਪੇ ਰਿਸ਼ਤਿਆਂ ਦਾ ਅਸਲ ਰੰਗ ਗਵਾਚ ਗਿਆ ਹੈ, ਉੱਥੇ ਹੀ ਦੋਸਤ-ਵਰਗ ਦਾ ਉਭਾਰ ਹੁੰਦਾ ਨਜ਼ਰ ਆਉਂਦਾ ਹੈ। ਡਿਕਸ਼ਨਰੀ ਵਿਚ ਵੀ ਰਿਸ਼ਤੇ ਨਾਲੋਂ ਦੋਸਤੀ ਪਹਿਲਾਂ ਦਰਜ ਕੀਤੀ ਨਜ਼ਰ ਆਉਂਦੀ ਹੈ। ਦੋਸਤੀ ਸਾਝ, ਰੁਤਬਾ, ਨਸਲ, ਜਾਤ ਜਾਂ ਧਰਮ ਦੀਆਂ ਵਲਗਣਾ ਤੋਂ ਪਾਰ ਦਾ ਰਿਸ਼ਤਾ ਹੈ, ਜਿੱਥੇ ਕੋਈ ਉਚੇਚ ਨਹੀਂ ਹੁੰਦਾ, ਜਿੱਥੇ ਕਿਸੇ ਹਮਦਰਦ ਮੋਢੇ ਤੇ ਸਿਰ ਰੱਖ ਕੇ ਰੋਇਆ ਜਾ ਸਕਦਾ ਹੈ, ਜਿੱਥੇ ਮਨ ਦੀਆਂ ਗੱਠਾਂ ਮਨ ਹੌਲਾ ਕਰਨ ਲਈ ਖੁਲ੍ਹਦੀਆਂ ਹਨ। ਜੋ ਦੋਸਤਾਂ ਕੋਲ ਦਿਲ ਨਹੀਂ ਖੋਲ੍ਹਦੇ, ਸੁਰਜੀਤ ਪਾਤਰ ਅਨੁਸਾਰ ਉਹ ਦਿਲ ਔਜ਼ਾਰਾਂ ਨਾਲ ਖੋਲ੍ਹਣੇ ਪੈ ਜਾਂਦੇ ਹਨ। ਦੋਸਤ ਕੋਲ ਉਸਰਦੀ, ਵਿਗਸਦੀ, ਮੌਲਦੀ ਦੇਹੀ ਅਤੇ ਕੁੱਲ ਦੁਨੀਆਂ ਦੀਆਂ ਸਭ ਖੁੱਲ੍ਹ ਕੇ ਕੀਤੀਆਂ ਜਾ ਸਕਦੀਆਂ ਹਨ। ਜਿਵੇਂ ਇਤਰ ਸਾਡਾ ਦੁਆਲਾ ਮਹਿਕਾ ਦਿੰਦਾ ਹੈ, ਉਵੇਂ ਦੋਸਤ ਪੂਰੀ ਜ਼ਿੰਦਗੀ ਮਹਿਕਾਈ ਰਖਦੇ ਹਨ। ਉਦਾਸ ਪਲਾਂ ਵਿਚ ਮਨ ਨੂੰ ਕਦੇ ਠੇਸ ਲੱਗੀ ਹੋਵੇ, ਦੋਸਤ ਅਛੋਪਲੇ ਆ ਹੱਥ ਫੜਦੇ ਧਰਵਾਸ ਬਣਦੇ ਹਨ। ਸੈਂਕੜਿਆਂ ਦੀ ਪੁਣਛਾਣ ਕਰਦੇ ਅਸੀਂ ਕਿਸੇ ਇੱਕ ਵਿਰਲੇ ਨੂੰ ਹੀ ਕਲਿੱਕ ਕਰਦੇ ਹਾਂ। ਭਾਗਾਂ ਵਾਲੇ ਹਨ ਉਹ ਲੋਕ ਜੋ ਮਿੱਤਰਾਂ ਦੀ ਮੇਜ਼ਬਾਨੀ ਖ਼ਾਤਰ ਦਿਲ ਦਾ ਲਹੂ ਛਾਣਦੇ ਹਨ, ਜਿੰਨ੍ਹਾਂ ਦੇ ਹੱਸਣ ਨਾਲ ਫ਼ਸਲਾਂ ਦੇ ਪੱਕਣ ਜਿਹਾ ਅਹਿਸਾਸ ਹੁੰਦਾ ਹੈ, ਜਿੰਨ੍ਹਾਂ ਦੀ ਹਾਜ਼ਰੀ ਹਰ ਦਿਨ ਤਿਉਹਾਰ ਜਿਹਾ ਕਰੀ ਰਖਦੀ ਹੈ।

ਮੇਰੇ ਸਹਿਕਰਮੀ ਨਰਿੰਦਰ ਕਪੂਰ ਲਿਖਦੇ ਹਨ ਕਿ ਦੋਸਤ ਸਾਡੀ ਮੈਂ ਦਾ ਹੀ ਹੋਰ ਰੂਪ ਹੁੰਦੇ ਹਨ। ਅਜਿਹਾ ਦੋਸਤ ਭਾਲਣਾ ਔਖਾ ਹੈ, ਜੇ ਮਿਲ ਜਾਏ ਤਾਂ ਛੱਡਣਾ ਹੋਰ ਵੀ ਔਖਾ ਕਾਰਜ ਹੈ, ਜੇ ਵਿੱਛੜ ਜਾਏ ਤਾਂ ਭੁਲਾ ਦੇਣਾ ਸੰਭਵ ਨਹੀਂ। ਕਿਹਾ ਜਾਂਦਾ ਹੈ ਕਿ 1958 ਵਿਚ ਇੱਕ ਡਾਕਟਰ ਮੇਓ ਹੋਟਲ ਵਿਚ ਖਾਣਾ ਖਾਂਦਿਆਂ ਤਜਵੀਜ਼ ਰੱਖ ਗਿਆ ਕਿ ਅਗਸਤ ਦੇ ਪਹਿਲੇ ਐਤਵਾਰ ਨੂੰ ਮਿੱਤਰ-ਦਿਵਸ ਮਨਾ ਕੇ ਦੋਸਤਾਂ ਨੂੰ ਕਾਰਡ, ਫੁੱਲ, ਸੌਗਾਤ ਜਾਂ ਚੌਕਲੇਟ ਨਾਲ ਖ਼ੁਸ਼ ਕਰੀਏ।ਮਿੱਤਰਤਾ ਅਤੇ ਪਿਆਰ ਵਿਚ ਬਸ ਇਹੀ ਫ਼ਰਕ ਹੈ ਕਿ ਪਿਆਰ ਦੋ ਦੇਹੀਆਂ ਦਾ ਬੋਧ ਹੈ ਜਦ ਕਿ ਮਿੱਤਰਤਾ ਪੂਰੀ ਦੁਨੀਆਂ ਦਾ ਬੋਧ ਹੈ। ਪਿਆਰ ਵਿਚ ਇੱਕ ਜਮ੍ਹਾ ਇੱਕ ਬੱਸ ਇੱਕ ਹੀ ਹੋ ਜਾਂਦਾ ਹੈ ਪਰ ਮਿੱਤਰਤਾ ਵਿਚ ਇੱਕ ਜਮਾ ਇੱਕ ਮਿਲ ਕੇ ਤਿੰਨ ਵੀ ਹੋ ਜਾਂਦਾ ਹੈ। ਛੋਟੇ ਹੁੰਦੇ ਕਹਾਣੀ ਸੁਣਦੇ ਸੀ - ਦੋ ਮਿੱਤਰ ਜੰਗਲ ਵਿਚ ਜਾ ਰਹੇ ਸਨ, ਅੱਗੋਂ ਰਿੱਛ ਆ ਗਿਆ। ਇੱਕ ਮਿੱਤਰ ਦਰਖਤ ਤੇ ਚੜ੍ਹ ਗਿਆ, ਦੂਜਾ ਸਾਹ ਬੰਦ ਕਰ ਕੇ ਲੰਮਾ ਪੈ ਗਿਆ। ਰਿੱਛ ਨੇ ਪੂਰਾ ਮੂੰਹ-ਸਿਰ ਸੁੰਘ ਕੇ ਮਰਿਆ ਜਾਣ ਕੇ ਛੱਡ ਦਿੱਤਾ। ਉਪਰੋਂ ਹੇਠਾਂ ਆ ਕੇ ਮਿੱਤਰ ਨੇ ਪੁੱਛਿਆ - ਰਿੱਛ ਤੇਰੇ ਕੰਨ ਵਿਚ ਕੀ ਕਹਿ ਗਿਆ ਤਾਂ ਦੂਜੇ ਨੇ ਉੱਤਰ ਦਿੱਤਾਕਿ ਰਿੱਛ ਕਹਿੰਦਾ ਮਿੱਤਰ ਉਹ ਜੋ ਵੇਲੇ ਸਿਰ ਕੰਮ ਆਵੇ। ਬਦਲ ਰਹੀ ਅਜਿਹੀ ਨਿੱਜੀ ਸੋਚ ਨੇ ਸੱਚੀ ਦੋਸਤੀ ਨੂੰ ਖੋਰਾ ਲਾ ਲਿਆ ਹੈ। ਹਰ ਪਲਦੀ ਦੋਸਤੀ ਦੇ ਰਾਹ ਸ਼ੱਕ ਦੇ ਬੀਜ ਕੇਰੇ ਹਨ। ਇਸੇ ਲਈ ਕਿਹਾ ਜਾਂਦਾ ਹੈ ਹਰ ਦੁਸ਼ਮਣੀ ਦੀ ਸ਼ੁਰੂਆਤ ਦੋਸਤੀ ਤੋਂ ਹੁੰਦੀ ਹੈ। ਕਿੱਥੇ ਤਾਂ ਪਿੰਡ ਦੇ ਕੁੱਤੇ ਤੇ ਵੀ ਮਾਣ ਸੀ ਤੇ ਕਿੱਥੇ ਹੁਣ ਘਰ ਦੇ ਬੰਦੇ ਦਾ ਵੀ ਮਾਣ ਨਹੀਂ ਰਿਹਾ। ਗੂੜ੍ਹੀ ਦੋਸਤੀ ਪੁਗਾਉਣ ਲਈ ਵਿਸ਼ਵਾਸ਼, ਇਮਾਨਦਾਰੀ, ਸਹਿਣਸ਼ੀਲਤਾ, ਸੁਹਿਰਦਤਾ ਅਤੇ ਕੁਰਬਾਨੀ ਦੀ ਲੋੜ ਹੈ। ਮੈਂ ਆਪਣੀ ਗਵਾਚੀ ਸਖੀ ਨੂੰ ਸੋਸ਼ਲ ਮੀਡੀਏ ਰਾਹੀਂ 56 ਸਾਲ ਪਿੱਛੋਂ ਜਾ ਲੱਭਿਆ ਹੈ। ਕੋਵਿਡ ਕਰ ਕੇ ਹਾਲੇ ਮੇਲ ਨਹੀਂ ਹੋਇਆ, ਆਸ ਬਾਕੀ ਹੈ। ਸਮਾਜ ਵੱਲੋਂ ਥੋਪੇ ਰਿਸ਼ਤਿਆਂ ਨੂੰ ਕੱਪੜਿਆਂ ਵਾਂਗ ਲਾਹ ਕੇ ਇਹ ਸਾਂਝ ਪਾਲੀ ਜਾਂਦੀ ਹੈ। ਰਸੂਲ ਹਮਜ਼ਾਤੋਵ ਨੇ ਲਿਖਿਆ ਸੀ ਕਿ ਦੋਸਤੀ ਦੇ ਰਾਹ ਵਿਚ ਘਾਹ ਨਾ ਉੱਗਣ ਦਿਓ। ਦੋਸਤੀ ਗ਼ਰਜ਼ਾਂ ਤੋਂ ਪਾਰ ਦੀ ਸਾਂਝ ਹੈ। ਗੁਲਜ਼ਾਰ ਦਾ ਕਹਿਣਾ ਹੈ - ਕੁਛ ਰਿਸ਼ਤੋਂ ਮੇਂ ਮੁਨਾਫ਼ਾ ਨਹੀਂ ਹੋਤਾ, ਪਰ ਜ਼ਿੰਦਗੀ ਕੋ ਅਮੀਰ ਬਨਾ ਦੇਤੇ ਹੈਂ। ਅੱਜ-ਕੱਲ੍ਹ ਘਰ ਘਰ ਦੇ ਕਲੇਸ਼ ਕਾਰਨ ਜਿਸ ਕਾਉਂਸਲਿੰਗ ਦੀ ਲੋੜ ਡਿਪਰੈਸ਼ਨ ਫੈਲਾ ਰਹੀ ਹੈ, ਇਸ ਦਾ ਵੱਡਾ ਇਲਾਜ ਦੋਸਤ ਹੀ ਹਨ।

ਦੋਸਤ ਸਾਥ ਹੋ ਤੋ ਰੋਨੇ ਮੇ ਭੀ ਸ਼ਾਨ ਹੈ।
ਦੋਸਤ ਨ ਹੋ ਤੋ ਮਹਿਫ਼ਿਲ ਭੀ ਸ਼ਮਸ਼ਾਨ ਹੈ। ( ਹਰੀਵੰਸ਼ ਰਾਏ ਬੱਚਨ )

ਰੱਬ ਨਾ ਕਰੇ ਜੇ ਅਜਿਹੀ ਦੋਸਤੀ ਟੁੱਟ ਜਾਏ ਤਾਂ ਇਸ ਬਾਰੇ ਕਦੇ ਵੀ ਕਿਸੇ ਕੋਲ ਸ਼ਿਕਾਇਤ ਨਾ ਕਰੋ। ਜੇ ਸਾਂਝ ਸਦੀਵੀ ਹੈ ਤਾਂ ਨਹੀਂ ਟੁਟਦੀ। ਜੇ ਕਿਸੇ ਲਾਲਚ ਅਧੀਨ ਦੋਸਤੀ ਪਾਈ ਹੈ ਤਾਂ ਕੋਈ ਬਚਾ ਨਹੀਂ ਸਕਦਾ। ਮੇਰੇ ਜਮਾਤੀ ਅਨੂਪ ਵਿਰਕ ਨੇ ਦੋਸਤ ਦੀ ਪ੍ਰੀਭਾਸ਼ਾ ਇਉਂ ਕੀਤੀ ਹੈ --

ਤੂੰ ਪਾਕ ਖ਼ੁਦਾ ਦੇ ਨਾਂ ਵਰਗਾ
ਸਾਡੇ ਪਿੰਡ ਨੂੰ ਜਾਂਦੇ ਰਾਹ ਵਰਗਾ
ਤੈਨੂੰ ਭੁੱਲੀਏ ਵੀ ਤਾਂ ਕਿੰਝ ਭੁੱਲੀਏ
ਤੂੰ ਆਉਂਦੇ ਜਾਂਦੇ ਸਾਹ ਵਰਗਾ।

facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਕੇਜਰੀਵਾਲ ਤਾਂ ਮਜੀਠੀਏ ਤੋਂ ਮਾਫ਼ੀ ਮੰਗ ਕੇ, ਇੱਕ ਵਾਰੀ ਪੰਜਾਬ ਵਾਲਾ ਚੈਪਟਰ ਹੀ ਖ਼ਤਮ ਕਰ ਗਿਆ ਸੀ ਪਰ



ਭਗਵੰਤ ਮਾਨ ਨਾਲ ਮੇਰੇ ਵੀ ਬਥੇਰੇ ਮੱਤਭੇਦ ਰਹੇ ਹਨ. ਉਸਦੀਆਂ ਕਈ ਗੱਲਾਂ ਤੋਂ ਮੈਨੂੰ ਵੀ ਚਿੜ ਹੁੰਦੀ ਸੀ. ਹਰ ਵੇਲੇ ਹੀ ਕਾਮੇਡੀ-ਮੋਡ ਵਿੱਚ ਰਹਿਣ ਕਰਕੇ ਅਤੇ ਕਈ ਵਾਰੀ ਮਨਮਾਨੀਆਂ ਕਰਨ ਕਰਕੇ, ਮੈਂ ਵੀ ਉਸਦਾ ਵੱਡਾ ਆਲੋਚਕ ਰਿਹਾ ਹਾਂ.

ਪਰ ਉਪਰੋਕਤ ਸਭ ਦੇ ਬਾਵਜੂਦ, ਭਗਵੰਤ ਦੇ ਗੁਣਾਂ ਨੂੰ ਵੀ ਨਹੀਂ ਭੁਲਾਇਆ ਜਾਣਾ ਚਾਹੀਦਾ. ਉਸ ਇੱਕੋ ਇੱਕ ਬੰਦੇ ਨੇ ਦੇਸ਼ ਦੀ ਪਾਰਲੀਮੈਂਟ ਵਿੱਚ ਇੱਕ ਨਵੀਂ ਪਾਰਟੀ ਦੀ ਪੂਰੀ ਹਾਜ਼ਰੀ ਲਗਵਾਈ ਅਤੇ ਆਪਣੇ ਕੰਮਾਂ ਦੇ ਆਧਾਰ ’ਤੇ ਦੂਜੀ ਵਾਰੀ ਵੀ ਪਾਰਲੀਮੈਂਟ ਪਹੁੰਚਿਆ.

ਜਦੋਂ 2019 ਲੋਕ ਸਭਾ ਚੋਣਾਂ ਵੇਲੇ, ਪੰਜਾਬ ਵਿੱਚ ÷ਆਪ÷ ਦਾ ਵਜੂਦ ਹੀ ਖ਼ਤਰੇ ਵਿੱਚ ਪਿਆ ਹੋਇਆ ਸੀ ਤਾਂ ਜੇਕਰ ਉਦੋਂ ਵੀ ਉਹ ਇਕੱਲਾ ਹੀ ਤੇਜ਼ ਹਨੇਰੀ ਵਿੱਚ ਦੀਵਾ ਬਾਲ਼ੀ ਫਿਰਦਾ ਸੀ ਤਾਂ ਕੁਝ ਤਾਂ ਪੱਲੇ ਹੋਊਗਾ ਹੀ ਬੰਦੇ ਦੇ.

ਵੱਡੇ-ਵੱਡੇ ਧਨਾਢਾਂ ਦੇ ਖ਼ਿਲਾਫ਼ ਸਰਪੰਚੀ ਦੀ ਚੋਣ ਵੀ ਲੜਨੀ ਪੈ ਜਾਵੇ ਤਾਂ ਕਈ ਖੱਬੀ ਖਾਨਾਂ ਦੀ ਵੀ ਜੀਭ ਨਿਕਲ ਜਾਂਦੀ ਹੈ ਪਰ ਉਹ ਇਕੱਲਾ ਹੀ ਪਹਿਲਾਂ 2019 ਵੇਲੇ ਅਤੇ ਹੁਣ 2022 ਵਿਧਾਨ ਸਭਾ ਚੋਣਾਂ ਵਿੱਚ ਵੱਡਿਆਂ-ਵੱਡਿਆਂ ਦਾ ਧੂੰਆਂ ਕਢਾਈ ਫਿਰਦਾ ਰਿਹਾ.

ਪੰਜਾਬ ਦੀ ਸਿਆਸਤ ਉੱਤੇ 40-50 ਸਾਲਾਂ ਤੋਂ ਕਾਬਜ਼ ਵੱਡੇ ਵੱਡੇ ਥੰਮ੍ਹ ਜੇਕਰ ਤਾਸ਼ ਦੇ ਪੱਤਿਆਂ ਵਾਂਗੂ ਡਿੱਗ ਪਏ ਤਾਂ ਇਹ ਭਗਵੰਤ ਦੀ ਕਿ ?ਸ਼ਮਾਈ ਸ਼ਖ਼ਸੀਅਤ ਹੀ ਸੀ. ਨਹੀਂ ਤਾਂ ਬਾਦਲ ਪਰਿਵਾਰ, ਕੈਪਟਨ ਪਰਿਵਾਰ, ਗਾਂਧੀ ਪਰਿਵਾਰ ਅਤੇ ਮੋਦੀ ਵਰਗੇ ਸਾਹਨਾਂ ਨੂੰ ਗਊ ਦੇ ਜਾਏ ਬਣਾ ਕੇ ਨੱਥ ਪਾ ਦੇਣੀ ਕਿਸੇ ਹਾਰੀ-ਸਾਰੀ ਦੇ ਵੱਸ ਦਾ ਰੋਗ ਨਹੀਂ ਸੀ. ਹਾਲਾਤ ਇਹ ਹਨ ਕਿ ਉਸਦੇ ਵਿਰੋਧੀ ਵੀ ਮੰਨਦੇ ਹਨ ਕਿ ਉਹ ਆਪਣੇ ਕੰਮਾਂ ਦੇ ਦਮ ਉੱਤੇ ਜਿੱਤਿਆ ਹੈ.

ਕੇਜਰੀਵਾਲ ਤਾਂ ਮਜੀਠੀਏ ਤੋਂ ਮਾਫ਼ੀ ਮੰਗ ਕੇ, ਇੱਕ ਵਾਰੀ ਪੰਜਾਬ ਵਾਲਾ ਚੈਪਟਰ ਹੀ ਖ਼ਤਮ ਕਰ ਗਿਆ ਸੀ ਪਰ ਜੇ ਭਗਵੰਤ ਫਿਰ ਵੀ ਪਿੜ ਵਿੱਚ ਖੜ੍ਹਾ ਹੋ ਕੇ ਬਾਦਲਾਂ ਤੇ ਕੈਪਟਨਾਂ ਸਾਹਮਣੇ ਥਾਪੀਆਂ ਮਾਰਦਾ ਰਿਹਾ ਹੈ ਤਾਂ ਸਾਰੇ ਵਿਰੋਧ ਛੱਡ ਕੇ ਉਸ ਨੂੰ ਇੱਕ ਮੁਸਕਰਾਹਟ ਦੇਣੀ ਤਾਂ ਬਣਦੀ ਹੀ ਹੈ.

**ਜੀਐਸ ਗੁਰਦਿੱਤ**

## ਪੰਜਾਬ ਵਿੱਚ ‘ਆਪ’ ਕਰਾਂਤੀ ਦੇ ਕਾਰਨ ਅਤੇ ਅਰਥ

1-ਕਿਸਾਨ ਮੋਰਚੇ ਦੁਆਰਾ ਪੈਦਾ ਕੀਤੀ ਚੇਤਨਾ ਕਾਰਨ ਲੋਕਾਂ ਨੇ ਪਰੰਪਰਾਗਤ ਪਾਰਟੀਆਂ, ਜਗੀਰੂ ਧਨੰਤਰ ਆਗੂ, ਚੇਹਰੇ, ਪਰਿਵਾਰਵਾਦ, ਧਰਮ, ਜਾਤ ਤੇ ਵਰਗੀ ਵੰਡ ਨੂੰ ਨਕਾਰਕੇ ਵੋਟਾਂ ਪਾਈਆਂ ..

2- ਖੇਤਰਵਾਦ ਦੀ ਪੁਕਾਰ, ਖਾਲਿਸਤਾਨ ਦਾ ਹਉਆ ਅਤੇ ਫੇਸਬੁੱਕੀ ਅਖੌਤੀ ਵਿਦਵਾਨਾਂ ਦੇ ‘ਲਾਲਾ ਜੀ’ ਵਿਰੱਧ ਲਗਾਤਾਰ ਸਿਰਜੇ ਜਾਂਦੇ ਰਹੇ ਬਿਰਤਾਂਤ ਨੂੰ ਲੋਕਾਂ ਨੇ ਮੁੱਢੋਂ ਹੀ ਨਕਾਰ ਦਿੱਤਾ

3- ਲੋਕਾਂ ਨੇ ਇਸ ਵਾਰ ਸ਼ਾਤਮਈ, ਬਿਨਾ ਰੌਲੇ ਰੱਪੇ ਤੋਂ ਚੁੱਪ ਰਹਿਕੇ ਪੰਜਾਬ ਵਿੱਚ ਨਵੇਂ ਵੱਡੇ ਬਦਲਾਅ ਨੂੰ ਮੌਕਾ ਦੇਕੇ ਦੇਸ਼ ਵਿੱਚ ਇਕ ਵਾਰ ਫਿਰ ਵੱਖਰਾ ਕਾਰਨਾਮਾ ਕੀਤਾ ਹੈ

4-ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਵੱਡੀ ਜਿੱਤ ਦੇਕੇ, ਉਸ ਨੂੰ ਪੰਜਾਬ ਵਿੱਚ ਕੁੱਝ ਵੱਖਰਾ ਕਰਕੇ ਦੇਸ਼ ਨੂੰ ਪੰਜਾਬ ਮਾਡਲ ਵਿਖਾਕੇ , ਰਾਸ਼ਟਰੀ ਪੱਧਰ ਤੇ ਆਪਣੇ ਪੈਰ ਪਸਾਰਨ ਦਾ ਮੌਕਾ ਦਿੱਤਾ ਹੈ..

5-ਆਪ 92 ਸੀਟਾਂ ਦੇ ਆਸਰੇ ਇਸ ਸਾਲ ਭਰੀਆਂ ਜਾਣ ਵਾਲੀਆਂ ਰਾਜ ਸਭਾ ਦੀਆਂ ਸਾਰੀਆਂ ਸੱਤੇ ਰਾਜ ਸਭਾ ਦੀਆਂ ਸੀਟਾਂ ਜਿੱਤਕੇ, ਰਾਜ ਸਭਾ ਵਿੱਚ ਦਸ ਮੈਂਬਰਾਂ ਨਾਲ ਵੱਡੀ ਤਾਕਤ ਬਣਨ ਦੇ ਯੋਗ ਹੋ ਜਾਵੇਗੀ

6- ਆਪ ਪੰਜਾਬ ਵਿੱਚ ਚੰਗੀ ਕਾਰਗੁਜ਼ਾਰੀ ਵਿਖਾਕੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਵੱਧ ਸੀਟਾਂ ਜਿੱਤ ਸਕਦੀ ਹੈ, ਜਿਸ ਨਾਲ ਰਾਸ਼ਟਰੀ ਰਾਜਨੀਤੀ ਨਵਾਂ ਰਾਹ ਇਖਤਿਆਰ ਕਰ ਸਕਦੀ ਹੈ..

7-ਆਪ ਆਪਣੀ ਹੋਂਦ ਬਣਾਈ ਰੱਖਣ ਲਈ ਅਤੇ ਦੇਸ਼ ਵਿੱਚ ਫੈਲਣ ਲਈ ਕੁੱਝ ਨਵੇਂ ਲੋਕ ਪੱਖੀ ਤਜਰਬੇ ਕਰ ਸਕਦੀ ਹੈ ਜੋ ਕਿ ਉਹ ਅੱਧੇ ਦਿੱਲੀ ਰਾਜ ਵਿੱਚ ਨਹੀਂ ਕਰ ਸਕੀ

8-ਪੰਜਾਬ ਵਿੱਚ ਨਵਾਂ ਸਿੱਖੀ ਸੋਚ ਵਾਲਾ ਕੋਈ ਦਲ ਜਾਂ ਨਵਾਂ ਅਕਾਲੀ ਦਲ ਪੈਦਾ ਹੋ ਸਕਦਾ ਹੈ, ਕੁੱਝ ਪਾਰਟੀਆਂ ਜਾਂ ਏਜੰਸੀਆਂ ਕਿਸੇ ਸਿੱਖ ਲਹਿਰ ਨੂੰ ਖੜੇ ਕਰਨ ਦਾ ਯਤਨ ਵੀ ਕਰ ਸਕਦੀਆਂ ਹਨ, ਕਾਂਗਰਸ ਖ਼ਾਤਮੇ ਵੱਲ ਵੱਧ ਸਕਦੀ ਹੈ ਬਾਕੀ ਪੰਜਾਬ ਦੀ ਭਵਿੱਖ ਦੀ ਰਾਜਨੀਤੀ ਆਪ ਸਰਕਾਰ ਦੀ ਕਾਰਗੁਜ਼ਾਰੀ ਤੇ ਨਿਰਭਰ ਕਰੇਗੀ।

**ਪ੍ਰਿਥੀ ਪਾਲ ਸਿੰਘ ਸੋਹੀ**

ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ ਦਾ ਸੀਜ਼ਨ ਖਤਮ ਹੋਣ ਉਪਰੰਤ ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263

# ਕਾਗਜ਼ੀ ਵਿਚੋਲਪੁਣਾ

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਤਲਾਕਸੁਦਾ ਲੜਕੀ ਉਮਰ 31 ਸਾਲ, ਕੱਦ 5 ਫੁੱਟ 3 ਇੰਚ,ਵਿਦਿਅਕ ਯੋਗਤਾ ਪਲੱਸ ਟੂ ਵਾਸਤੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਲੜਕਾ ਸਿਰਫ ਦੁਆਬਾ ਖੇਤਰ ਨਾਲ ਸਬੰਧਿਤ ਹੋਵੇ । ਸੰਪਰਕ:403 998 8473***203***

### ਲੜਕੇ ਦੀ ਲੋੜ
ਕਨੇਡੀਅਨ ਜੱਟ ਸਿੱਖ ਲੜਕੀ 1991/ ਕੱਦ 5 ਫੁੱਟ 2 ਇੰਚ, ਚੰਗੀ ਵਿਦਿਆ ਪ੍ਰਾਪਤ ਕਰਨ ਉਪਰੰਤ ਕੈਨੇਡਾ ਵਿੱਚ ਹੈਲਥ ਕੇਅਰ ਲੀਡਰਸ਼ਿੱਪ ਦੀ ਜੌਬ ਕਰਦੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਵਟਸਐਪ ਵੀ ਕਰ ਸਕਦੇ ਹੋ। ਸੰਪਰਕ: 1 204 894 0793

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਸਰਦਾਰੀ ਦਿੱਖ ਵਾਲੇ ਵੈੱਲ ਸੈਟਲਡ ਲੜਕੇ ਉਮਰ 30 ਸਾਲ, ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਿਰਫ ਕਨੇਡਾ ਰਹਿਣ ਵਾਲਿਆਂ ਨੂੰ ਹੀ ਪਹਿਲ। ਵਿਜਟਰ ਜਾਂ ਸਟੂਡੈਂਟ ਵੀਜੇ ਵਾਲੀਆਂ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਸਾਰਾ ਕਨੇਡਾ ਹੀ ਸੈਟਲਡ ਹੈ । ਸੰਪਰਕ: 403 614 2094 ਜਾਂ 403 971 6430 ***195***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ ਰਾਮਗੜੀਆ ਵੈਲ ਸੈਟਲਡ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਜਨਮ 1993/ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ ਯੁਨੀਵਰਿਸਟੀ ਆਫ ਕੈਲਗਰੀ ਤੋਂ ਬੀ ਐਸ ਐਨ ਆਰ ਐਨ,ਦੀ ਡਿਗਰੀ ਹੋਲਡਰ ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੇ ਚੰਗੇ ਪੜੇ ਲਿਖੇ ਰਾਮਗੜੀਆ ਪਰਿਵਾਰ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 402 9508 ***194***

### ਲੜਕੀ ਦੀ ਲੋੜ
ਪੰਜਾਬ ਰਹਿੰਦੇ ਚੰਗੇ ਪੜੇ ਲਿਖੇ ਰਵੀਦਾਸੀਆ ਸਿੱਖ (ਮੋਹਲ) ਪਰਿਵਾਰ ਦੇ ਲੜਕੇ ਜਨਮ 1994/ ਕੱਦ 5 ਫੁੱਟ 9 ਇੰਚ, ਰੰਗ ਕਣਕਵੰਨਾ,ਵਿਦਿਅਕ ਯੋਗਤਾ : ਬੀ ਏ ਐਲ ਐਲ ਬੀ,ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਿਤਾ ਏਡੀਸੀ ਵਿਕਾਸ ਦੇ ਦਫਤਰੋਂ ਸੁਪਰਡੈਂਟ ਰਿਟਾਇਰ ਹੋਇਆ ਹੈ ਅਤੇ ਮਾਤਾ ਮੌਜਦਾ ਸਮੇ ਪੰਚਾਇਤ ਅਫਸਰ ਲੱਗੀ ਹੋਈ ਹੈ। ਲੜਕਾ ਇਸ ਵੇਲੇ ਆਪਣੀ ਪ੍ਰੈਕਟਿਸ ਕਰ ਰਿਹਾ ਹੈ । ਪੂਰਾ ਪਰਿਵਾਰ,ਸਮਾਜ ਸੇਵੀ,ਅਗਾਂਹਵਧੂ ਕਦਰਾ ਕੀਮਤਾਂ ਦਾ ਧਾਰਨੀ ਹੈ। ਪਿਛਲੇ 40 ਸਾਲਾਂ ਤੋਂ ਪਰਿਵਾਰ ਅੰਦਰ ਦਾਜ ਬੰਦ ਹੈ। ਸੰਪਰਕ: 0091 80541 16006 ***202***

### ਲੜਕੀ ਦੀ ਲੋੜ
ਜੱਟ ਸਿੱਖ ਔਜਲਾ ਪਰਿਵਾਰ ਦੇ ਵਿਜਟਿਰ ਵੀਜੇ ਉੱਪਰ ਆਏ ਲੜਕੇ ਜਨਮ 1995,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਮਕੈਨੀਕਲ ਇੰਜਨੀਅਰ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 431 277 5720 ***194***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ ,ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ ਉਮਰ 36 ਸਾਲ, ਕੱਦ 5 ਫੁੱਟ 10 ਇੰਚ, ਈ ਟੀ ਐਸ ਡਰਾਈਵਰ ,ਸੈਲਰੀ 90,000 ਕਨੇਡੀਅਨ ਡਾਲਰ ਕਮਾਉਂਦੇ ਲੜਕੇ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 780 975 4410 ***193***

### ਲੜਕੇ- ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਚੀਮਾਂ ਪਰਿਵਾਰ ਦੇ ਲੜਕੇ, ਜਨਮ 1990, ਵਧੀਆ ਕੰਮਕਾਰ,ਪਰਿਵਾਰ ਕਨੇਡਾ ਸੈਟਲ ਹੈ । ਇਸੇ ਹੀ ਪਰਿਵਾਰ ਦੀ ਪੰਜਾਬ ਰਹਿੰਦੀ ਲੜਕੀ ਉਮਰ 33 ਸਾਲ , ਵਿਦਿਅਕ ਯੋਗਤਾ ਬੀ ਏ , ਕੱਦ 5 ਫੁੱਟ 6 ਇੰਚ ਲਈ ਲਈ ਰਿਸ਼ਤਿਆਂ ਦੀ ਲੋੜ ਹੈ । ਸੰਪਰਕ: 587 433 0213 ਜਾਂ 587 581 1313 ***193***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਜਿਸ ਕੋਲ ਆਪਣਾ ਖੁਦ ਦਾ ਘਰ ਹੈ, ਉਮਰ 32 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦਾ ਆਪਣਾ ਬਿਜਨਿਸ ਹੈ। ਵਿਜਟਰ ਜਾਂ ਵਰਕ ਪਰਮਿਟ ਉੱਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ । ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ। ਸੰਪਰਕ: 403 615 0583 ***199***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ ਸਿੰਘ ਪਰਿਵਾਰ ਦੇ ਤਲਾਕ ਸੁਦਾ, ਆਪਣਾ ਟਰਾਂਸਪੋਰਟ ਦਾ ਬਿਜਨਿਸ ਕਰਦੇ ਲੜਕੇ ਉਮਰ 38 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ ਬੀ ਐਸ ਸੀ ਡਿਗਰੀ ਹੋਲਡਰ ਲਈ ਗੁਰਸਿੱਖ ਵਿਚਾਰਾਂ ਵਾਲੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਵਿਧਵਧ ਜਾਂ ਸਿੰਗਲ ਜਾਂ ਡਿਵੋਰਸ ਉਮਰ 31 ਸਾਲ ਤੋਂ 36 ਸਾਲ ਦੇ ਲੱਗਭੱਗ ਹੋਵੇ । ਇਸ ਫੋਨ 306 514 7590 ਜਾਂ ਈ ਮੇਲ rockygs17@gmail.com ਉੱਪਰ ਸੰਪਰਕ ਕਰ ਸਕਦੇ ਹੋ । ***192***

### ਲੜਕੀ ਦੀ ਲੋੜ
ਇੰਡੀਆ ਰਹਿੰਦੇ ਮੰਡਾਹਰ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 26 ਸਾਲ, ਕੱਦ 6 ਫੁੱਟ 1 ਇੰਚ, ਵਿਦਿਅਕ ਯੋਗਤਾ ਬੀ ਬੀ ਏ,ਆਪਣਾ ਖੁਦ ਦਾ ਬਿਜਨਿਸ ਚਲਾ ਰਹੇ ਲਈ,ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ, ਵਿਜਟਿਰ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਵੱਡਾ ਭਰਾ ਕਨੇਡਾ ਪੱਕੇ ਤੌਰ ਤੇ ਸੈਟਲ ਹੈ ਜੋ ਵਿਆਹ ਉਪਰੰਤ ਲੜਕੇ ਨੂੰ ਸੈਟਲ ਹੋਣ ਲਈ ਮੱਦਦ ਵੀ ਕਰ ਸਕਦਾ ਹੈ। ਕਾਲ: 403 681 7586 ***190***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਸਾਧੜਾ ਪਰਿਵਾਰ ਦੇ ਕਲੀਨ ਸੇਵ, ਤਲਾਕ ਸੁਦਾ, ਲੜਕੇ ਉਮਰ 46 ਸਾਲ ,ਕੱਦ 5 ਫੁੱਟ 7 ਇੰਚ ,ਵਿਦਿਅਕ ਯੋਗਤਾ ਬੀ ਏ ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਕੋਲ ਇੰਗਲੈਂਡ ਦੀ ਸਿਟੀਜਨਸ਼ਿੱਪ ਵੀ ਹੈ ਅਤੇ ਹੁਣ ਕਨੇਡਾ ਵਿੱਚ ਟਰੱਕਿੰਗ ਇੰਡਸਟਰੀ ਵਿੱਚ ਨੌਕਰੀ ਕਰਦਾ ਹੈ। ਬਿਨਾ ਬੱਚੇ ਤੋਂ ਵਰਕ ਪਰਮਿਟ ਜਾਂ ਵਿਜਟਿਰ ਵੀਜੇ ਉੱਪਰ ਕਨੇਡਾ ਰਹਿੰਦੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 1 306 881 1650 ***192***

### ਲੜਕੀ ਦੀ ਲੋੜ
ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਵਿਜੀਟਰ ਵੀਜੇ ਉੱਪਰ ਕਨੇਡਾ ਆਏ ਲੜਕੇ ਉਮਰ 31 ਸਾਲ, ਕੱਦ 6 ਫੁੱਟ ਲਈ ਹਾਣ-ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਵੈੱਲ ਸੈੱਟਲਡ ਹੈ । ਲੜਕਾ ਇੰਡੀਆ ਵਿੱਚ ਸਰਕਾਰੀ ਨੌਕਰੀ ਕਰਦਾ ਹੋਇਆ ਆਇਆ ਹੈ। ਸੰਪਰਕ-: +1 204-951-6503,+1 431-374-4686 ***191***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਰਾਮਗੜੀਆ ਸਿੱਖ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ : Masters in food science ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਕਨੇਡਾ ਵਿੱਚ ਹੀ ਰਹਿੰਦੀ ਲੜਕੀ ਨੂੰ ਪਹਿਲ । ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 403 404 0022, 403 470 4136***191***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ ਜੱਟ ਸਿੱਖ ਗਿੱਲ ਪਰਿਵਾਰ ਦੀ ਤਲਾਕ ਸੁਦਾ ਲੜਕੀ ਉਮਰ 37 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ ਬੀ ਏ ,ਬਿਊਟੀਸ਼ਨ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ 10 ਸਾਲ ਦਾ ਬੇਟਾ ਵੀ ਹੈ। ਤਲਾਕਸੁਦਾ ਬੱਚੇ ਵਾਲਾ ਵੈਲ ਸੈਟਲਡ ਲੜਕਾ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 (403) 606-4767 ***191***

### ਲੜਕੀ ਦੀ ਲੋੜ
ਸ਼ਰਮਾ ਪਰਿਵਾਰ ਦੇ ਇੰਡੀਆ ਰਹਿੰਦੇ ਪਿਊਰ ਵੈਜੀਟੇਰੀਅਨ ਮੰਗਲੀਕ ( 9 ਦਸੰਬਰ 1991) ਲੜਕੇ ਉਮਰ 30 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਗਰੈਜੂਏਟ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦੀ ਭੈਣ ਕਨੇਡਾ ਵਿਆਹੀ ਹੋਈ ਹੈ ਅਤੇ ਪੱਕੇ ਤੌਰ ਤੇ ਕਨੇਡਾ ਸੈਟਲ ਹੈ । ਸੰਪਰਕ: ਵਟਸਐਪ: 8725973226 ਜਾਂ 1 780 245 4555***191***

### ਲੜਕੀ ਦੀ ਲੋੜ
ਜੱਟ ਸਿੱਖ ਗਿੱਲ ਪਰਿਵਾਰ ਦੇ ਕਨੇਡੀਅਨ ਪੀ ਆਰ ਲੜਕੇ ਉਮਰ 29 ਸਾਲ ,ਕੱਦ 5 ਫੁੱਟ 10 ਇੰਚ,ਆਟੋ ਮੋਬਾਈਲ ਇੰਜੀਨੀਅਰ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ ਆਟੋਮੋਬਾਇਲ ਟੈਕਨੀਸ਼ੀਅਨ ਦੀ ਜੌਬ ਕਰ ਰਿਹਾ ਹੈ । ਮਾਲਵਾ ਇਲਾਕੇ ਨੂੰ ਪਹਿਲ । ਵਟਸ ਐਪ ਸੰਪਰਕ : 306 515 3985***191***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਤਲਾਕ ਸੁਦਾ ਲੜਕੀ ਉਮਰ 38, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਬੀ ਏ , ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਕੋਲ 4 ਸਾਲ ਦਾ ਬੇਟਾ ਹੈ। ਵਰਕ ਪਰਮਿਟ ,ਵਿਜਟਿਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਨੇਡੀਅਨ ਪੀ ਆਰ ਜਾਂ ਸਿਟੀਜਨ ਤਲਾਕ ਸੁਦਾ ਲੜਕਾ ਜਿਹਨਾਂ ਦੇ ਭਾਵੇ ਕੋਈ ਬੱਚਾ ਵੀ ਹੋਵੇ ਉਹ ਵੀ ਸੰਪਰਕ ਕਰ ਸਕਦੇ ਹਨ। ਕਾਲ: 1 825 735 4706 ***191***

### ਲੜਕੀ ਦੀ ਲੋੜ
ਪੰਜਾਬ ਰਹਿੰਦੇ ਜੱਟ ਸਿੱਖ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਉਮਰ 35 ਸਾਲ ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਪਲੱਸ ਟੂ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਭੈਣ ਕਨੇਡੀਅਨ ਪੀ ਆਰ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ ਹੈ। ਤਲਾਕ ਸੁਦਾ ਵੀ ਸੰਪਰਕ ਕਰ ਸਕਦੇ ਹਨ। 1 825 735 4706***191***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ,ਨਸ਼ਾ ਰਹਿਤ, ਜੱਟ ਸਿੱਖ ਪਰਿਵਾਰ ਦੇ ਲੜਕੇ (ਸਾਰਟ ਮੈਰਿਜ ਡਿਵੋਰਸ) ਉਮਰ 45 ਸਾਲ, ਕੱਦ 5 ਫੁੱਟ 7 ਇੰਚ ਵਿਦਿਅਕ ਯੋਗਤਾ ਪਲੱਸ 2, ਲਈ 35 ਤੋਂ 43 ਸਾਲ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ,ਵਿਜਟਿਰ ਵੀਜਾ, ਡਿਵੋਰਸ ਅਤੇ ਬੱਚੇ ਸਮੇਤ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 587 707 3254 ***191***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ, ਉਮਰ 28 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਮਕੈਨੀਕਲ ਇੰਜੀਨੀਅਰ ਲਈ ਕਨੇਡਾ ਤੋਂ ਹੀ ਪੜੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਕੱਦ 5 ਫੁੱਟ 6 ਇੰਚ ਤੋਂ ਲੈਕੇ 5 ਫੁੱਟ 9 ਇੰਚ ਦੇ ਵਿਚਕਾਰ ਹੋਵੇ । ਬੀ ਐਸ ਸੀ ਨਰਸਿੰਗ ਤੇ ਮਾਲਵਾ ਇਲਾਕੇ ਨੂੰ ਪਹਿਲ। ਲੜਕੇ ਦਾ ਸਾਰਾ ਪਰਿਵਾਰ ਕੈਲਗਰੀ (ਕਨੇਡਾ) ਸੈਟਲ ਹੈ। ਸੰਪਰਕ: 587 619 4311 ਜਾਂ ਵਟਸ ਐਪ 91 94642 68716 ***190***

### ਲੜਕੀ ਦੀ ਲੋੜ
ਗਰੇਵਾਲ ਜੱਟ ਸਿੱਖ ਪਰਿਵਾਰ ਦੇ ਕਨੇਡਾ ਵਰਕ ਪਰਮਿਟ ਉੱਪਰ ਆਏ ਲੜਕੇ, ਉਮਰ 31 ਸਾਲ, ਕੱਦ 5 ਫੁੱਟ 7 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਭਰਾ ਕਨੇਡਾ ਪੱਕੇ ਤੌਰ ਤੇ ਸੈਟਲ ਹੈ ਜੋ ਕਿ ਲੜਕੇ ਨੂੰ ਸੈਟਲ ਹੋਣ ਤੇ ਆਰਥਿਕ ਤੌਰ ਤੇ ਮੱਦਦ ਵੀ ਕਰ ਸਕਦਾ ਹੈ। ਸੰਪਰਕ : 1 604 368 6214 ਜਾਂ 1 236 788 4632 ***190***

### ਲੜਕੇ ਦੀ ਲੋੜ
ਜੱਟ ਸਿੱਖ ਬਰਾੜ ਪਰਿਵਾਰ ਦੀ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਲੜਕੀ ਉਮਰ 33 ਸਾਲ ,ਵਿਦਿਅਕ ਯੋਗਤਾ ਐਮ ਏ ਪੋਲੀਟੀਕਲ ਸਾਇੰਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 917 5911 ਜਾਂ 403 702 2524 ***194***

### ਲੜਕੀ ਦੀ ਲੋੜ
ਕਨੇਡਾ ਵਰਕ ਪਰਮਿਟ ਵੀਜੇ ਉੱਪਰ ਆਪਣਾ ਬਿਜਨਿਸ ਕਰ ਰਹੇ ਬਰਾੜ ਪਰਿਵਾਰ ਦੇ ਲੜਕੇ ,ਉਮਰ 30 ਸਾਲ,ਵਿਦਿਅਕ ਯੋਗਤਾ ਬੀ ਸੀ +ਐਮ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 587 917 5911 ਜਾਂ 403 702 2524 ***194***


"ਪੰਜਾਬੀ ਅਖ਼ਬਾਰ" ਵਿੱਚ ਖ਼ਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸ਼ਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000



## ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ ।

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ । ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ । ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ ।

**ਅੱਜ ਹੀ ਕਾਲ ਕਰੋ:**
**403 680 0436**



## ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615



## Hiring

**Hair and face art salon islooking for hairdresser (NOC CODE 6341) Applicants should have minimum of 1-2 years of experience.**
**Number of Vacancies :2**
**Wage rate: 20/hour fulltime job**
**Interested candidates please send your resume at email: hairandfaceart994@gmail.com**



## Need Nanny

Looking for a nanny live in or live out 5 days a week (Mon - Fri) to cook, clean, and babysit 0-5 year old baby girl.
Salary: $12-$15 Per Hour
Gurpreet Suman & Pradeep Kaur Sandhu
City: Regina, SK
Contact Number 306-621-0987


### ਲੜਕੇ ਦੀ ਲੋੜ
ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੁਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ । ਸੰਪਰਕ: 403 702 0424 ***192***


## Need Nanny

Looking for a nanny live in or live out 5 days a week (Mon - Fri) to cook, clean, and babysit 1.5 year old baby girl & 6 year old baby boy.
Salary: $12-$15
Gurbinder Sohal
City: Regina, SK
Contact Number 306-520-4313



## Hiring !

**Daffodils Cargologistics Inc. islooking for Class 1 Drivers forlong - HaulBest pay packages upto 58 cents per mile Applicants should have minimum of 7 - 12 months driving experience Please contact with your drivinglicense and commercialdriving abstract**
**Email: dclogistics4@gmail.com**
**Phone : 204-396-1696 , 204-891-0031**


## Name change

I, Amandeep Kaur, daughter of Ajmer Singh, holder of Indian Passport No. N6894667, issued at Vancouver, Canada, on 21/03/2016, permanent resident of VPO Seonsar, Teh Pehowa, Distt Kurukshetra, Haryana, India and presently residing at 219 Rundleridge DR. NE Calgary, AB, Canada, T1Y2K5, do hereby change my name from Amandeep Kaur to Aman Sidhu Lamoureux, with immediate effect. Date: 17/02/2022.

## Name Change

I Sandeep daughter of Gurpartap Singh, holder of Indian passport number J9993291 issued at Chandigarh on 22/12/2011. permanent resident of village chhajjupur, P.O Urnai, Teh. Pehowa, Dist Kurukshetra, 136128, Haryana, India and presently residing at 84 Martindale Close, NE, Calgary T3J2T9 Do hereby change my name from Sandeep to Sandeep Virk with immediate effect.
Date 03/03/2022
Phone: 403 889 9694

## ਕਿਊਬੈਕ ਦੇ ਸਾਬਕਾ ਪ੍ਰੀਮੀਅਰ ਵੱਲੋਂ ਫੈਡਰਲ ਕੰਜ਼ਰਵੇਟਿਵ ਪਾਰਟੀ ਦੀ ਵਾਂਗਡੋਰ ਸੰਭਾਲਣ ਲਈ ਐਲਾਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕਿਊਬੈਕ ਦੇ ਸਾਬਕਾ ਪ੍ਰੀਮੀਅਰ 63 ਸਾਲਾ ਯੌਂ ਸ਼੍ਰੇਅ ਨੇ ਫੈਡਰਲ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਵਾਸਤੇ ਆਪਣੀ ਉਮੀਦਵਾਰੀ ਦਾ ਐਲਾਨ ਕਰ ਦਿੱਤਾ ਹੈ। ਕੈਲਗਰੀ ਆਏ ਯੌਂ ਸ਼੍ਰੇਅ ਨੇ ਦਾਅਵਾ ਕੀਤਾ ਕਿ ਉਹਨਾਂ ਨੂੰ ਇਹ ਰੇਸ ਜਿੱਤਣ ਦਾ ਪੂਰਾ ਭਰੋਸਾ ਹੈ। ਵਾਇਲਡਰੋਜ਼ ਬ੍ਰਿਊਅਰੀ ਵਿੱਚ ਪਹੁੰਚੇ ਅਤੇ 50 ਦੇ ਕਰੀਬ ਵਿਅਕਤੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹਨਾਂ ਨੇ ਰਾਜਨੀਤੀ ਜਿੱਤਣ ਦਾ ਹੁਨਰ ਸਿੱਖਿਆ ਹੈ। ਲਗਪਗ 10 ਸਾਲ ਸਿਆਸਤ ਤੋਂ ਦੂਰ ਰਹਿਣ ਮਗਰੋਂ ਯੌਂ ਸ਼੍ਰੇਅ ਮੁੜ ਸਰਗਰਮ ਹੋ ਗਏ ਹਨ। 2012 ਵਿੱਚ ਉਹ ਆਪਣੀ ਵਿਧਾਨਸਭਾ ਰਾਇਡਿੰਗ ਤੋਂ ਕਿਊਬੈਕ ਵਿੱਚ ਹਾਰ ਗਏ ਸਨ। ਉਹਨਾਂ ਕਿਹਾ ਕਿ ਉਹ ਪਾਇਪਲਾਇਨ 'ਦੇ ਹਿਮਾਇਤੀ ਹਨ ਤੇ ਕਾਰਬਨ ਟੈਕਸ ਅਤੇ ਵਾਤਾਵਰਣ ਨੀਤੀਆਂ ਬਾਰੇ ਲੋਕ ਪੱਖੀ ਰਾਇ ਦੇ ਹੱਕ ਵਿੱਚ ਹਨ। ਪਾਰਟੀ ਦਾ ਲੀਡਰ 10 ਸਤੰਬਰ ਨੂੰ ਚੁਣਿਆ ਜਾਣਾ ਹੈ ਤੇ 9 ਅਪਰੈਲ ਤੱਕ ਉਮੀਦਵਾਰਾਂ ਵੱਲੋਂ ਨਾਮ ਪੇਸ਼ ਕੀਤੇ ਜਾ ਸਕਦੇ ਹਨ।

# ਕਾਂਗਰਸ ਨੂੰ ਤਾਂ ਧੜੇਬੰਦੀ ਲੈ ਬੈਠੀ




**ਉਜਾਗਰ ਸਿੰਘ**
**ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ**
ਮੋਬਾਈਲ-94178 13072


ਪੰਜਾਬ ਵਿਚ ਆਮ ਆਦਮੀ ਪਾਰਟੀ ਨੇ ਸਥਾਪਤ ਪਾਰਟੀਆਂ, ਜਿਨ੍ਹਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪੰਜ ਵਾਰ ਰਹੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਪੰਜਾਬ ਦੇ ਦੋ ਵਾਰ ਰਹੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ, ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਰਾਜਿੰਦਰ ਕੌਰ ਭੱਠਲ ਸਾਬਕਾ ਮੁੱਖ ਮੰਤਰੀ ਅਤੇ ਹੋਰ ਸੀਨੀਅਰ ਅਕਾਲੀ ਤੇ ਕਾਂਗਰਸੀ ਨੇਤਾਵਾਂ ਨੂੰ ਬੁਰੀ ਤਰ੍ਹਾਂ ਪਛਾੜ ਕੇ ਆਪਣੀ ਸਿਆਸੀ ਤਾਕਤ ਦਾ ਝੰਡਾ ਗੱਡ ਦਿੱਤਾ ਹੈ। ਜੇ ਇਹ ਕਿਹਾ ਜਾਵੇ ਕਿ ਪੰਜਾਬ ਦੇ ਵੋਟਰਾਂ ਨੇ ਤਬਦੀਲੀ 'ਤੇ ਮੋਹਰ ਲਾਈ ਹੈ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੈ।ਪੰਜਾਬ ਦੇ ਲੋਕ ਸਥਾਪਤ ਪਾਰਟੀਆਂ ਦੇ 'ਉਤਰ ਕਾਟੋ ਮੈਂ ਚੜ੍ਹਾਂ' ਦੀ ਪ੍ਰਣਾਲੀ ਤੋਂ ਅੱਕੇ ਪਏ ਸਨ। ਨਸ਼ੇ, ਭ੍ਰਿਸ਼ਟਾਚਾਰ, ਸ਼ਰਾਬ, ਟਰਾਂਸਪੋਰਟ, ਰੇਤਾ-ਬਜਰੀ ਅਤੇ ਗੈਂਗਸਟਰਾਂ ਦੇ ਮਾਫ਼ੀਏ ਤੋਂ ਬਹੁਤ ਤੰਗ ਸਨ। ਬੇਰੁਜ਼ਗਾਰੀ ਅਤੇ ਮਹਿੰਗਾਈ ਹੱਦਾਂ ਪਾਰ ਕਰ ਗਈ ਸੀ। ਨੌਜਵਾਨੀ ਵਿਦੇਸ਼ਾਂ ਨੂੰ ਭੱਜੀ ਜਾ ਰਹੀ ਸੀ। ਇਨ੍ਹਾਂ ਮਸਲਿਆਂ ਦੇ ਹੱਲ ਨੂੰ ਮੁੱਖ ਰੱਖ ਕੇ ਪੰਜਾਬ ਦੇ ਵੋਟਰਾਂ ਨੇ ਆਮ ਆਦਮੀ ਪਾਰਟੀ ਨੂੰ ਵੋਟਾਂ ਪਾਈਆਂ ਹਨ। ਪੰਜਾਬ ਕਾਂਗਰਸ ਜਿਹੜੀ ਰਾਜ ਭਾਗ 'ਤੇ ਕਾਬਜ਼ ਸੀ, ਉਹ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿਚ ਅਸਫਲ ਰਹੀ। ਉਸ ਨੂੰ ਆਪਣੇ ਨੇਤਾਵਾਂ ਦੀ ਲੜਾਈ ਦਾ ਖਮਿਆਜ਼ਾ ਭੁਗਤਣਾ ਪਿਆ ਹੈ। ਪੰਜਾਬ ਕਾਂਗਰਸ ਦੇ ਸੀਨੀਅਰ ਨੇਤਾਵਾਂ ਦੀ ਧੜੇਬੰਦੀ ਨੇ ਆਪਣੇ ਪੈਰੀਂ ਆਪ ਕੁਹਾੜਾ ਮਾਰਿਆ ਹੈ। ਕਾਂਗਰਸ ਦੇ ਵਰਕਰ ਨਹੀਂ ਸਗੋਂ ਨੇਤਾ ਹਾਰੇ ਹਨ ਕਿਉਂਕਿ ਨੇਤਾਵਾਂ ਦੀਆਂ ਆਪਹੁਦਰੀਆਂ ਦਾ ਨੁਕਸਾਨ ਵਰਕਰਾਂ ਨੂੰ ਭੁਗਤਣਾ ਪਿਆ ਹੈ। ਪੰਜਾਬ ਵਿਚ ਕਾਂਗਰਸ ਪਾਰਟੀ ਦੀ ਨਮੋਸ਼ੀਜਨਕ ਹਾਰ ਦਾ ਮੁੱਖ ਕਾਰਨ ਉਸ ਦੇ ਲੀਡਰਾਂ ਦੀ ਆਪਸੀ ਪਾਟੋਧਾੜ ਬਣੀ ਹੈ। ਪੰਜਾਬ ਕਾਂਗਰਸ ਦੇ ਸੀਨੀਅਰ ਲੀਡਰਾਂ ਦੀ ਧੜੇਬੰਦੀ ਜਗ ਜ਼ਾਹਰ ਸੀ ਪਰ ਕੇਂਦਰੀ ਕਾਂਗਰਸ ਦੀ ਕਮਜ਼ੋਰ ਲੀਡਰਸ਼ਿਪ ਕੋਈ ਵੀ ਠੋਸ ਫ਼ੈਸਲੇ ਕਰਨ ਦੇ ਸਮਰੱਥ ਨਾ ਹੋਣ ਕਰਕੇ ਨਿਰਾਸ਼ਾ ਹੀ ਪੱਲੇ ਪਈ ਹੈ। ਪੰਜਾਬ ਕਾਂਗਰਸ ਦੇ ਸੀਨੀਅਰ ਨੇਤਾ ਅਤੇ ਕਾਂਗਰਸ ਪਾਰਟੀ ਦੀ ਹਾਈ ਕਮਾਨ, ਪਾਰਟੀ ਦੀ ਹਾਰ ਦੇ ਦੋਵੇਂ ਇੱਕੋ ਜਿੰਨੇ ਜ਼ਿੰਮੇਵਾਰ ਹਨ।ਕਾਂਗਰਸ ਪਾਰਟੀ ਸੀਨੀਅਰ ਲੀਡਰਾਂ ਦੀ ਹਉਮੈ ਦੇ ਭਾਰ ਹੇਠ ਦੱਬਣ ਕਰਕੇ ਸਾਹ ਸਤ ਹੀਣ ਹੋ ਗਈ ਹੈ। ਚੋਣਾਂ ਦੌਰਾਨ ਵੀ ਉਨ੍ਹਾਂ ਨੇ ਇਕ-ਦੂਜੇ ਨੂੰ ਠਿੱਬੀ ਲਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਉਨ੍ਹਾਂ ਦੇ ਘੁਮੰਡ ਨੇ ਉਨ੍ਹਾਂ ਨੂੰ ਸੋਚਣ ਹੀ ਨਹੀਂ ਦਿੱਤਾ ਕਿ ਉਹ ਆਪਣੀਆਂ ਜੜ੍ਹਾਂ ਆਪ ਵੱਢ ਰਹੇ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਪੰਜਾਬ ਵਿਚ ਮੁੱਖ ਮੰਤਰੀ ਨੂੰ ਬਦਲਣ ਦਾ ਸਮਾਂ ਬਹੁਤ ਗ਼ਲਤ ਸੀ।ਦੂਜੀ ਗੱਲ, ਪੰਜਾਬ ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਅਤੇ ਟਕਸਾਲੀ ਕਾਂਗਰਸੀਆਂ ਨੂੰ ਅਣਡਿੱਠ ਕਰ ਕੇ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਪ੍ਰਦੇਸ਼ ਦਾ ਪ੍ਰਧਾਨ ਬਣਾਉਣਾ ਕਾਂਗਰਸ ਹਾਈ ਕਮਾਨ ਦਾ ਬਚਕਾਨਾ ਫ਼ੈਸਲਾ ਸੀ। ਪੰਜਾਬ ਕਾਂਗਰਸ ਦਾ ਪ੍ਰਧਾਨ ਬਣਦਿਆਂ ਹੀ ਨਵਜੋਤ ਸਿੰਘ ਸਿੱਧੂ ਨੇ ਆਪਣੀ ਹਉਮੈ ਦੇ ਤੇਵਰ ਵਿਖਾਉਣੇ ਸ਼ੁਰੂ ਕਰ ਦਿੱਤੇ ਸਨ। ਉਹ ਇਸ ਤਰ੍ਹਾਂ ਬਿਆਨ ਦੇ ਰਹੇ ਸਨ ਜਿਵੇਂ ਵੋਟਰ ਉਨ੍ਹਾਂ ਦੇ ਗ਼ੁਲਾਮ ਹੋਣ।ਸਿੱਧੂ ਦੇ ਕਰੈਡਿਟ ਵਿਚ ਪੰਜਾਬ ਕਾਂਗਰਸ ਦੇ ਅਕਸ ਨੂੰ ਥੋੜ੍ਹੇ ਸਮੇਂ ਲਈ ਉਭਾਰਨ ਅਤੇ ਇਸ ਨੂੰ ਖੂਹ ਵਿਚ ਸੁੱਟਣਾ ਜਾਂਦਾ ਹੈ। ਸਿੱਧੂ ਦਾ ਆਪਣੇ-ਆਪ ਨੂੰ ਸਭ ਤੋਂ ਸਰਬੋਤਮ ਨੇਤਾ ਸਮਝਣਾ ਅਤੇ ਬਾਕੀ ਨੇਤਾਵਾਂ ਨੂੰ ਟਿੱਚ ਸਮਝਣਾ ਕਾਂਗਰਸ ਦੀਆਂ ਜੜ੍ਹਾਂ ਵਿਚ ਤੇਲ ਦੇ ਗਿਆ। ਕਿਸੇ ਵੀ ਪਾਰਟੀ ਦਾ ਪ੍ਰਧਾਨ ਸੰਜੀਦਾ ਵਿਅਕਤੀ ਹੋਣਾ ਚਾਹੀਦਾ ਹੈ ਨਾ ਕਿ ਜਿਹੜੀ ਗੱਲ ਮੂੰਹ ਵਿਚ ਆ ਗਈ, ਉਹੀ ਕਹਿ ਦਿੱਤੀ। ਉਨ੍ਹਾਂ ਦੀ ਮੁੱਖ ਮੰਤਰੀ ਬਣਨ ਦੀ ਲਾਲਸਾ ਨੇ ਕਾਂਗਰਸ ਪਾਰਟੀ ਦਾ ਭੱਠਾ ਬਿਠਾ ਦਿੱਤਾ ਹੈ। ਚਰਨਜੀਤ ਸਿੰਘ ਚੰਨੀ ਨੂੰ ਨਵਜੋਤ ਸਿੰਘ ਸਿੱਧੂ ਨੇ ਕਦੇ ਵੀ ਮੁੱਖ ਮੰਤਰੀ ਸਵੀਕਾਰ ਹੀ ਨਹੀਂ ਕੀਤਾ। ਫਿਰ ਮੰਤਰੀ ਬਣਾਉਣ ਲਈ ਆਢਾ ਡਾਹ ਕੇ ਬੈਠ ਗਿਆ। ਆਪਣੀ ਮਰਜ਼ੀ ਦੇ ਮੰਤਰੀ ਬਣਾ ਕੇ ਵੀ ਸੰਤੁਸ਼ਟ ਨਹੀਂ ਹੋਇਆ ਸਗੋਂ ਪੰਜਾਬ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਵੀ ਟਵੀਟ ਰਾਹੀਂ ਹੀ ਦੇ ਦਿੱਤਾ। ਸਿਆਸਤ ਦੇ ਟਵੀਟ ਨੇ ਵੀ ਕਾਂਗਰਸ ਪਾਰਟੀ ਨੂੰ ਨੁਕਸਾਨ ਪਹੁੰਚਾਇਆ ਹੈ। ਅਨੁਸ਼ਾਸਨਹੀਣਤਾ ਦਾ ਨਮੂਨਾ ਨੇਤਾਵਾਂ ਨੇ ਵਰਕਰਾਂ ਲਈ ਪੇਸ਼ ਕੀਤਾ ਹੈ।ਜਦਕਿ ਨੇਤਾਵਾਂ 'ਤੇ ਅਨੁਸ਼ਾਸਨ ਬਣਾ ਕੇ ਰੱਖਣ ਦੀ ਜ਼ਿੰਮੇਵਾਰੀ ਹੁੰਦੀ ਹੈ। ਲੋਕਾਂ ਵਿਚ ਨਾ ਜਾਣਾ ਵੀ ਕਾਂਗਰਸ ਦੀ ਹਾਰ ਦਾ ਕਾਰਨ ਬਣਿਆ ਹੈ। ਜਦੋਂ ਪਾਰਟੀ ਦੀ ਮਜ਼ਬੂਤੀ ਲਈ ਕਾਂਗਰਸ ਭਵਨ ਬਿਸਤਰਾ ਲਾ ਕੇ ਕੰਮ ਕਰਨ ਦਾ ਸਮਾਂ ਸੀ ਤਾਂ ਉਨ੍ਹਾਂ ਨੇ ਦੋ ਮਹੀਨੇ ਮੋਨ ਧਾਰ ਲਿਆ। ਪਾਰਟੀ ਬਿਨਾਂ ਪ੍ਰਧਾਨ ਦੇ ਹੀ ਰਹੀ ਜਿਸ ਕਾਰਨ ਵਰਕਰਾਂ ਵਿਚ ਨਮੋਸ਼ੀ ਘਰ ਕਰ ਗਈ।ਲੋਕਾਂ ਨਾਲ ਤਾਲਮੇਲ ਕਰਨ ਤੋਂ ਬਿਨਾਂ ਪਾਰਟੀ ਕਿਵੇਂ ਮਜ਼ਬੂਤ ਹੁੰਦੀ। ਵਾਅਦੇ ਕਰਨੇ ਕਦੇ ਵੀ ਵਫ਼ਾ ਨਹੀਂ ਦਿੰਦੇ ਸਗੋਂ ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣਾ ਵੀ ਜ਼ਰੂਰੀ ਹੁੰਦਾ ਹੈ। ਨਵਜੋਤ ਸਿੰਘ ਸਿੱਧੂ ਵਾਅਦਿਆਂ ਦੀ ਝੜੀ ਲਾ ਦਿੰਦੇ ਰਹੇ। ਵੱਡੇ-ਵੱਡੇ ਵਾਅਦੇ ਕਰਦੇ ਰਹੇ ਜਿਨ੍ਹਾਂ ਨੇ ਸ਼ਾਇਦ ਹੀ ਵਫ਼ਾ ਹੋਣਾ ਸੀ। ਉਨ੍ਹਾਂ ਵੱਲੋਂ ਮੁੱਖ ਮੰਤਰੀ ਦੇ ਫ਼ੈਸਲਿਆਂ 'ਤੇ ਜਨਤਕ ਤੌਰ 'ਤੇ ਕਿੰਤੂ-ਪ੍ਰੰਤੂ ਕਰਨਾ ਵੀ ਪਾਰਟੀ ਨੂੰ ਮਹਿੰਗਾ ਪਿਆ ਹੈ। ਵਾਅਦੇ ਤਾਂ ਕੈਪਟਨ ਅਮਰਿੰਦਰ ਸਿੰਘ ਨੇ ਵੀ ਬਥੇਰੇ ਕੀਤੇ ਸਨ। ਜਦੋਂ ਪੂਰੇ ਨਹੀਂ ਹੋਏ ਤਾਂ ਹਾਰ ਦਾ ਮੂੰਹ ਵੇਖਣਾ ਪਿਆ। ਪਾਰਟੀ ਕਿਵੇਂ ਮਜ਼ਬੂਤ ਹੁੰਦੀ। ਕਾਂਗਰਸ ਦੇ ਵਰਕਰਾਂ ਨੂੰ ਜਿਹੜਾ ਨਵਜੋਤ ਸਿੰਘ ਸਿੱਧੂ ਦੇ ਪ੍ਰਧਾਨ ਬਣਨ ਨਾਲ ਹੌਸਲਾ ਮਿਲਿਆ ਸੀ ਜਦੋਂ ਉਹ ਅਸਤੀਫ਼ਾ ਦੇ ਗਏ ਤਾਂ ਵਰਕਰ ਫਿਰ ਨਿਰਾਸ਼ ਹੋ ਗਏ।ਕਾਂਗਰਸੀ ਵਰਕਰਾਂ ਦੇ ਹੌਸਲੇ ਪਸਤ ਹੋ ਗਏ। ਪ੍ਰਧਾਨ ਦਾ ਕੰਮ ਹੁੰਦਾ ਹੈ ਕਿ ਉਹ ਪਾਰਟੀ ਦੇ ਸੰਗਠਨ ਨੂੰ ਮਜ਼ਬੂਤ ਕਰੇ। ਨਵਜੋਤ ਸਿੰਘ ਸਿੱਧੂ ਤਾਂ ਸੰਗਠਨ ਵੀ ਨਹੀਂ ਬਣਾ ਸਕਿਆ। ਫਿਰ ਸੰਗਠਨ ਨੇ ਕੰਮ ਕੀ ਕਰਨਾ ਸੀ ? ਕੋਈ ਪਬਲਿਕ ਜਲਸਾ ਨਹੀਂ ਕੀਤਾ ਸਗੋਂ ਉਹ ਪਾਰਟੀ ਨੂੰ ਟਵੀਟਾਂ ਨਾਲ ਹੀ ਚਲਾਉਂਦੇ ਰਹੇ। ਉਨ੍ਹਾਂ ਦੇ ਟਵੀਟ ਵੀ ਪਾਰਟੀ ਨੂੰ ਮਜ਼ਬੂਤ ਕਰਨ ਦੀ ਥਾਂ ਕਮਜ਼ੋਰ ਕਰਨ ਵਾਲੇ ਹੁੰਦੇ ਸਨ।

ਹਮੇਸ਼ਾ ਹੀ ਵਾਦ-ਵਿਵਾਦ ਵਿਚ ਰਹੇ, ਕਦੇ ਸਲਾਹਕਾਰਾਂ ਦੀ ਨਿਯੁਕਤੀ ਦਾ ਵਾਦ-ਵਿਵਾਦ, ਕਦੇ ਦੂਜੇ ਨੇਤਾਵਾਂ ਨਾਲ ਲੜਾਈ। ਇਸ ਲੜਾਈ ਵਿਚ ਸਾਰੇ ਹੀ ਕਾਂਗਰਸ ਦੇ ਨੇਤਾ ਹੀਰੋ ਤੋਂ ਜ਼ੀਰੋ ਹੋ ਗਏ। ਆਪਣੇ ਹੀ ਮੁੱਖ ਮੰਤਰੀ ਵਿਰੁੱਧ ਬਿਆਨ ਦੇਣ ਨੂੰ ਉਹ ਆਪਣਾ ਅਧਿਕਾਰ ਸਮਝਦੇ ਸਨ। ਟਿਕਟਾਂ ਦੀ ਵੰਡ ਵਿਚ ਵੀ ਸੀਨੀਅਰ ਨੇਤਾ ਗੁੱਥਮ-ਗੁੱਥਾ ਹੁੰਦੇ ਰਹੇ। ਨਵਜੋਤ ਸਿੰਘ ਸਿੱਧੂ ਦੇ ਪ੍ਰਧਾਨ ਬਣਨ ਨਾਲ ਪੰਜਾਬ ਕਾਂਗਰਸ ਦੋ ਜ਼ਬਰਦਸਤ ਧੜਿਆਂ ਵਿਚ ਵੰਡੀ ਗਈ। ਜੇ ਇਕ ਉਮੀਦਵਾਰ ਦੀ ਚਰਨਜੀਤ ਸਿੰਘ ਚੰਨੀ ਸੁਪੋਰਟ ਕਰਦਾ ਤਾਂ ਨਵਜੋਤ ਸਿੰਘ ਸਿੱਧੂ ਉਸ ਦੇ ਵਿਰੋਧੀ ਦੀ ਬਾਂਹ ਫੜ ਲੈਂਦੇ ਅਤੇ ਜਨਤਕ ਤੌਰ 'ਤੇ ਉਸ ਵਿਰੁੱਧ ਬਿਆਨ ਦਾਗ ਦਿੰਦੇ। ਕਾਂਗਰਸ ਹਾਈ ਕਮਾਨ ਗਾਂਧੀ ਦੇ ਤਿੰਨ ਬਾਂਦਰਾਂ ਦੀ ਤਰ੍ਹਾਂ ਚੁੱਪ ਵੱਟੀ ਰੱਖਦੀ ਕਿਉਂਕਿ ਉਹ ਨਵਜੋਤ ਸਿੰਘ ਸਿੱਧੂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀ ਸੀ। ਇਸ ਕਰਕੇ ਉਹ ਆਪ-ਮੁਹਾਰਾ ਹੋ ਗਿਆ।ਸਿੱਧੂ ਕਾਂਗਰਸ ਹਾਈ ਕਮਾਨ ਦੇ ਗਲੇ ਦੀ ਹੱਡੀ ਬਣ ਗਏ ਸਨ। ਏਥੇ ਹੀ ਬਸ ਨਹੀਂ, ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਛੋਟਾ ਭਰਾ ਡਾ. ਮਨੋਹਰ ਸਿੰਘ ਕਾਂਗਰਸ ਦੇ ਵਿਧਾਨਕਾਰ ਅਤੇ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਰਾਖਵੇਂ ਹਲਕੇ ਬਸੀ ਪਠਾਣਾਂ ਤੋਂ ਉਮੀਦਵਾਰ ਜੀਪੀ ਸਿੰਘ ਵਿਰੁੱਧ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਚੋਣ ਲੜਿਆ ਪਰ ਚੰਨੀ ਨੇ ਉਸ ਨੂੰ ਰੋਕਿਆ ਨਹੀਂ ਸਗੋਂ ਵਰਤਮਾਨ ਵਿਧਾਨਕਾਰ ਨੂੰ ਹਰਾਇਆ।

ਕਾਂਗਰਸ ਹਾਈ ਕਮਾਨ ਬੇਵੱਸ ਹੋ ਕੇ ਵੇਖਦੀ ਰਹੀ। ਇਸੇ ਤਰ੍ਹਾਂ ਸੁਲਤਾਨਪੁਰ ਲੋਧੀ ਹਲਕੇ ਤੋਂ ਰਾਣਾ ਗੁਰਜੀਤ ਸਿੰਘ ਮੰਤਰੀ ਦਾ ਸਪੁੱਤਰ ਕਾਂਗਰਸ ਦੇ ਵਰਤਮਾਨ ਵਿਧਾਨਕਾਰ ਨਵਤੇਜ ਸਿੰਘ ਚੀਮਾ ਵਿਰੁੱਧ ਆਜ਼ਾਦ ਚੋਣ ਲੜਿਆ। ਰਾਣਾ ਗੁਰਜੀਤ ਨੇ ਉਸ ਨੂੰ ਚੋਣ ਲੜਨ ਤੋਂ ਰੋਕਣ ਦੀ ਥਾਂ ਜਨਤਕ ਤੌਰ 'ਤੇ ਬਿਆਨ ਦੇ ਕੇ ਕਾਂਗਰਸ ਦੀ ਪੁਜ਼ੀਸ਼ਨ ਖ਼ਰਾਬ ਕੀਤੀ। ਕਾਂਗਰਸ ਹਾਈ ਕਮਾਨ ਫਿਰ ਚੁੱਪ ਕਰਕੇ ਬੈਠੀ ਰਹੀ।ਇਸ ਨਾਲ ਪਾਰਟੀ ਹਾਈ ਕਮਾਨ ਦੇ ਅਕਸ ਨੂੰ ਲਗਾਤਾਰ ਢਾਅ ਲੱਗਦੀ ਰਹੀ। ਇਸ ਦਾ ਭਾਵ ਤਾਂ ਇਹ ਬਣਦਾ ਹੈ ਕਿ ਕਾਂਗਰਸ ਹਾਈ ਕਮਾਨ ਵੀ ਪੰਜਾਬ ਦੀ ਜਿੱਤ ਲਈ ਸੰਜੀਦਾ ਨਹੀਂ ਸੀ। ਕਾਂਗਰਸ ਪਾਰਟੀ ਨੂੰ ਆਪਣੀ ਰਣਨੀਤੀ ਬਦਲਣੀ ਪਵੇਗੀ। ਜਿਹੜੇ ਕਾਂਗਰਸੀ ਚੋਣਾਂ ਤੋਂ ਪਹਿਲਾਂ ਪਾਰਟੀ ਛੱਡ ਗਏ, ਉਨ੍ਹਾਂ ਨੂੰ ਵਾਪਸ ਪਾਰਟੀ ਵਿਚ ਬਿਲਕੁਲ ਸ਼ਾਮਲ ਨਹੀਂ ਕਰਨਾ ਚਾਹੀਦਾ। ਮੌਕਾਪ੍ਰਸਤਾਂ, ਚਾਪਲੂਸਾਂ, ਭ੍ਰਿਸ਼ਟਾਚਾਰੀਆਂ, ਮਾਫ਼ੀਏ ਦੇ ਸਰਗਣਾ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਤੋਂ ਗੁਰੇਜ਼ ਕਰਨਾ ਜ਼ਰੂਰੀ ਹੈ। ਟਕਸਾਲੀ ਕਾਂਗਰਸੀਆਂ ਨੂੰ ਪਾਰਟੀ ਵਿਚ ਮਹੱਤਤਾ ਦੇਣੀ ਚਾਹੀਦੀ ਹੈ। ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਕਿਉਂਕਿ 2024 ਵਿਚ ਲੋਕ ਸਭਾ ਦੀਆਂ ਚੋਣਾਂ ਆ ਰਹੀਆਂ ਹਨ।

# ਕਿਸਮਤ ਕੁਦਰਤ ਦੇ ਰੰਗ ਹਨ



ਜਰਨੈਲ ਘੁਮਾਣ



ਦੋਸਤੋ ! ਪੂਰੀ ਦੁਨੀਆਂ ਵਿੱਚ ਪ੍ਰਸਿੱਧ ਇੱਕ ਲੋਕ ਨਾਇਕ, ਇੱਕ ਸਿਰਕੱਢ ਨੇਤਾ , ਸੁਪਰ ਸਟਾਰ ਅਭਿਨੇਤਾ , ਕਾਮੇਡੀ ਕਿੰਗ ਤੋਂ ਬਹੁਪੱਖੀ ਹੋ ਨਿਬੜੀ ਸਖਸ਼ੀਅਤ ਭਗਵੰਤ ਮਾਨ ਦੀ ਖੋਜ ਦਾ ਕਿੱਸਾ ਬਹੁਤ ਹੀ ਦਿਲਚਸਪ ਹੈ । ਇਸ ਬਾਰੇ ਮੈਂ ਜਾਂ ਭਗਵੰਤ ਮਾਨ ਨੇ ਮਹਿਫਲਾਂ ਵਿੱਚ ਚਰਚਾ ਕਰਨ ਤੋਂ ਇਲਾਵਾ, ਕਦੇ ਵੀ, ਕਿਸੇ ਕਿਸਮ ਦੇ ਮੀਡੀਏ ਵਿੱਚ ਵਿਸਥਾਰ ਨਾਲ ਗੱਲਬਾਤ ਨਹੀਂ ਕੀਤੀ । ਮੈਂ ਤੁਹਾਡੇ ਨਾਲ ਭਗਵੰਤ ਮਾਨ ਦੀ ਖੋਜ ਸਬੰਧੀ ਕੁੱਝ ਕੁ ਗੱਲਾਂ ਸਾਂਝੀਆਂ ਕਰਨ ਲੱਗਾ ਹਾਂ ॥। ਜੇਕਰ ਉਸ ਦਿਨ ਲੁਧਿਆਣੇ ਤੋਂ ਮੇਰੇ ਪਿੰਡ ਦਿੜ੍ਹਬੇ ਨੂੰ ਜਾਂਦੀ ਸਾਡੀ ਅਬੈਸਡਰ ਕਾਰ ਮਹਿਲਾਂ ਚੌਕ , ਨਾਮੀ ਪੱਤਰਕਾਰ ਸ : ਗੁਰਮੀਤ ਸਿੰਘ ਜੌਹਲ ਦੀ ਦਵਾਈਆਂ ਵਾਲੀ ਦੁਕਾਨ ਤੇ ਨਾ ਰੁੱਕਦੀ ਤਾਂ ਸ਼ਾਇਦ ਭਗਵੰਤ ਮਾਨ ਦੀ ਜ਼ਿੰਦਗੀ ਕਿਸੇ ਹੋਰ ਰੂਟ ਤੋਂ ਉਸਨੂੰ ਬੁਲੰਦੀਆਂ ਤੱਕ ਲੈ ਕੇ ਜਾਂਦੀ ਜਾਂ ਕੋਈ ਹੋਰ ਤਰੀਕਾ ਬਣਦਾ ਜਾਂ ਕੀ ਬਣਦਾ , ਕੀ ਨਾ ਬਣਦਾ , ਇਹ ਕਿਸੇ ਨੂੰ ਪਤਾ ਨਹੀਂ ।

ਵੈਸੇ ਜਿਸ ਬੰਦੇ ਦੀ ਕਿਸਮਤ ਜਾਂ ਜ਼ਿੰਦਗੀ ਵਿੱਚ ਬੁਲੰਦੀਆਂ ਨੂੰ ਛੋਹ ਜਾਣਾ ਲਿਖਿਆ ਹੈ , ਉਸ ਨੇ ਉਹ ਮੁਕਾਮ ਹਾਸਲ ਕਰ ਲੈਣਾ ਹੁੰਦਾ ਹੈ , ਦੂਜਾ ਇਨਸਾਨ ਤਾਂ ਸਿਰਫ ਇੱਕ ਜ਼ਰੀਆ ਬਣਦਾ ਹੈ । ਇੱਥੇ ਸਭ ਆਪਣੀ ਮਿਹਨਤ ਸਦਕਾ ਸਟਾਰ ਜਾਂ ਲੋਕ ਨਾਇਕ ਬਣਦੇ ਹਨ । ਭਗਵੰਤ ਅੰਦਰ ਵੀ ਕੁੱਝ ਨਾ ਕੁੱਝ ਨਵਾਂ ਤੇ ਅਲੱਗ ਕਰਨ ਦੀ ਅੱਗ ਮੁੱਢ ਤੋਂ ਸੀ ।

ਮੈਂ ਲੁਧਿਆਣੇ ਤੋਂ ਪਿੰਡ ਜਾਂਦਾ ਅਕਸਰ ਰਸਤੇ ਵਿੱਚ ਆਪਣਾ ਯਾਰਾਂ ਬੇਲੀਆਂ ਕੋਲ ਰੁਕਦਾ ਰੁਕਦਾ ਜਾਂਦਾ ਸਾਂ , ਜਿਹਨਾਂ ਵਿੱਚੋਂ ਮੇਰਾ ਇੱਕ ਅੱਡਾ ਮਹਿਲਾਂ ਚੌਕ ਗੁਰਮੀਤ ਜੌਹਲ ਦੀ ਦੁਕਾਨ ਸੀ ।

( ਬਾਂਸਲ ਬਾਪੁਲੇ ਵਾਲਾ ਸਾਹਿਬ ਮਲੇਰਕੋਟਲੇ, ਸ਼ਿੰਗਾਰਾ ਸਿੰਘ ਚਹਿਲ ਸਾਹਿਬ ਸੰਗਰੂਰ, ਵੀ ਮੇਰੇ ਪੱਕੇ ਅੱਡੇ ਸਨ )

ਉਸ ਦਿਨ ਵੀ ਮੈਂ ਜਦੋਂ ਜੌਹਲ ਸਾਹਿਬ ਦੀ ਦੁਕਾਨ ਤੇ ਰੁਕਿਆ ਤਾਂ ਜੌਹਲ ਸਾਹਿਬ ਨੇ ਮੈਨੂੰ ਪੁੱਛਿਆ ਕਿ ਨਵਾਂ ਕੀ ਕਰ ਰਹੇ ਹੋ ਤਾਂ ਮੈਂ ਕਿਹਾ ਕਿ : ਕੈਸੇਟ ਕੱਢ ਰਹੇ ਹਾਂ ...

**ਗੋਭੀ ਦੀਏ ਕੱਚੀਏ ਵਪਾਰਨੇ ...**

ਮੈਂ ਹਾਲੇ ਏਨਾ ਹੀ ਬੋਲਿਆ ਸਾਂ , ਕੋਲ ਖੜਾ ਜੌਹਲ ਸਾਹਿਬ ਦਾ ਰਿਸ਼ਤੇਦਾਰ ਸ਼ਾਇਦ ਲੀਲਾ ਨਾਮ ਸੀ ,
ਬੋਲ ਪਿਆ

**ਗੋਭੀ ਦੀਏ ਕੱਚੀਏ ਵਪਾਰਨੇ,**
**ਆਲੂਆਂ ਦੇ ਭਾਅ ਸਾਨੂੰ ਤੋਲ ਨਾ**
**ਮੈਂ ਕਿਹਾ ਕਿ ਲੀਲੇ ਤੈਨੂੰ ਕਿਵੇਂ ਪਤੈ ,**
**ਏਸ ਗੀਤ ਦੀਆਂ ਪੂਰੀਆਂ ਲਾਇਨਾ**
**ਕੈਸੇਟ ਤਾਂ ਹਾਲੇ ਰਲੀਜ਼ ਨਹੀਂ ਹੋਈ ॥**

ਘੁਮਾਣ ਸਾਹਿਬ ,ਇਹ ਗੀਤ ਤਾਂ ਸੁਨਾਮ ਕਾਲਜ ਦਾ ਵਿਦਿਆਰਥੀ ਕਾਲਜਾਂ ਦੇ ਪ੍ਰੋਗਰਾਮਾਂ ਤੇ ਗਾਉਂਦਾ ਹੁੰਦੈ , ਭਗਵੰਤ ਸਿੰਘ .....ਲੀਲਾ ਬੋਲ ਪਿਆ ।

( ਇਹ ਗੀਤ ਅਤੇ ਬਾਕੀ ਹੋਰ 7 ਪੈਰੋਡੀ ਗੀਤਾਂ ਨਾਲ ਅਸੀਂ ਪੂਰੀ 8 ਗੀਤਾਂ ਕੈਸੇਟ (ਐਲਬਮ) ,ਰਿਕਾਰਡ ਕਰ ਚੁੱਕੇ ਸਾਂ । ਇਸ ਰਿਕਾਰਡਿੰਗ ਬਾਰੇ ਵੀ ਵਿਸਥਾਰ ਤੇ ਦਿਲਚਸਪ ਗੱਲਾਂ ਸਾਂਝੀਆਂ ਕਰਾਂਗੇ,
ਅੱਜ ਭਗਵੰਤ ਮਾਨ ਦੀ ਖੋਜ ਕਰ ਲਈਏ )

ਮੈਂ ਜੌਹਲ ਸਾਹਿਬ ਨੂੰ ਕਿਹਾ ਕਿ ਤੁਸੀਂ ਕਾਲਜ ਵਿੱਚ ਜਾ ਕੇ ਭਗਵੰਤ ਸਿੰਘ ਬਾਰੇ ਪਤਾ ਕਰਕੇ ਆਓ, ਆਪਾਂ ਕੱਲ੍ਹ ਮਿਲ ਕੇ ਉਸ ਕੋਲੋਂ ਇੱਕ ਗੀਤਕਾਰ ਦੇ ਤੌਰ ਤੇ ਗੀਤ ਲੈ ਲੈਨੇ ਆਂ ਕਿਉਂਕਿ ਕਿਸੇ ਗੀਤਕਾਰ ਦੇ ਗੀਤ ਨੂੰ ਆਪਣੇ ਨਾਮ ਹੇਠਾਂ ਰਿਕਾਰਡ ਕਰ ਲੈਣਾ ਮੇਰੇ ਅਸੂਲਾਂ ਖ਼ਿਲਾਫ਼ ਹੈ ,

(ਮੈਂ ਇਹ ਲਾਇਨਾਂ ਅਖ਼ਬਾਰ ਵਿੱਚ ਪੜ੍ਹੀਆਂ ਸਨ ਲੇਕਿਨ ਗਾਇਕ ਜਾਂ ਗੀਤਕਾਰ ਦਾ ਨਾਮ ਨਹੀਂ ਸੀ, ਅਸੀਂ ਕੋਸ਼ਿਸ਼ ਕੀਤੀ ਸੀ ਪਰ ਪਤਾ





ਨਹੀਂ ਚੱਲਿਆ ਸੀ, ਮੈਂ ਏਦਾਂ ਦੇ ਸਾਰੇ ਗੀਤ ਲਿਖ ਕੇ ਰਿਕਾਰਡ ਕਰ ਲਏ ਸਨ, ਵੈਸੇ ਪੈਰੋਡੀ ਅਤੇ ਕਾਮੇਡੀ ਵਿੱਚ ਕਾਪੀ ਰਾਇਟਸ ਦਾ ਝਮੇਲਾ ਘੱਟ ਹੁੰਦਾ ਹੈ, ਫਿਰ ਵੀ ਮੈਂ ਚਾਹੁੰਦਾ ਸਾਂ ਕਿ ਇਹਨਾਂ ਲਾਇਨਾਂ ਦਾ ਲੇਖਕ ਮਿਲ ਜਾਵੇ )

ਖੈਰ !

ਮੈਂ ਜੌਹਲ ਸਾਹਿਬ ਨੂੰ ਸੁਨਾਮ ਕਾਲਜ ਵੱਲ ਭੇਜ ਕੇ,
ਆਪ ਪਿੰਡ ਨੂੰ ਚਲਾ ਗਿਆ ।

ਉਹਨਾਂ ਦਿਨਾਂ ਵਿੱਚ ਮੋਬਾਇਲ ਫੋਨ ਨਹੀਂ ਸਨ ਹੁੰਦੇ, ਜੌਹਲ ਸਾਹਿਬ, ਦੋ ਕੁ ਘੰਟਿਆਂ ਬਾਅਦ, ਚਾਰ ਕੁ ਵਜੇ ਮੇਰੇ ਪਿੰਡ ਦਿੜ੍ਹਬੇ ਆ ਗਏ ਅਤੇ ਉਹ ਅਗਲੇ ਦਿਨ ਗਿਆਰਾਂ ਕੁ ਵਜੇ ਸੁਨਾਮ ਕਾਲਜ ਦੇ ਵਿਦਿਆਰਥੀ ਭਗਵੰਤ ਸਿੰਘ ਨਾਲ ਮਿਲਨ ਦਾ ਸਮਾਂ ਮੁਕਰਰ ਕਰ ਆਏ ਸਨ.......

ਮੈਨੂੰ ਮੇਰੀ ਸੀ. ਐਮ. ਸੀ. ਕੰਪਨੀ ਵਿੱਚ ਨਵਾਂ ਕੁੱਝ ਹੋਰ ਨਵਾਂ ਕਰਨ ਦੀ ਹਮੇਸ਼ਾਂ ਤਲਬ ਰਹਿੰਦੀ ਸੀ, ਮੈਂ ਅਤੇ ਮਸ਼ਹੂਰ ਲੋਕ ਗਾਇਕ ਸ਼ਿੰਗਾਰਾ ਸਿੰਘ ਚਹਿਲ ਨੇ ਇਸ ਕੰਪਨੀ ਦੀ ਸ਼ੁਰੂਆਤ ਹੀ , "ਸਾਹਿਬੇ ਕਮਾਲ ਸਾਹਿਬ ਸ਼੍ਰੀ ਗੋਬਿੰਦ ਸਿੰਘ ਜੀ ਮਹਾਰਾਜ"
ਦੁਆਰਾ ਔਰੰਗਜ਼ੇਬ ਨੂੰ ਲਿਖੀ ਜਿੱਤ ਦੀ ਚਿੱਠੀ "ਜ਼ਫਰਨਾਮਾ" ਕੈਸੇਟ ਨਾਲ ਕੀਤੀ ਸੀ ।

ਇੱਕ ਦਿਨ ਮੈਂ ਸਵੀ ਆਰਟ ਦੇ ਮਾਲਕ , ਮੇਰੇ ਨਿੱਘੇ ਦੋਸਤ ਸ਼੍ਰੀ ਸਵਰਨਜੀਤ ਜੀ ਸਵੀ ਕੋਲ ਬੈਠਾ ਕੋਈ ਕੰਮ ਕਰਵਾ ਰਿਹਾ ਸਾਂ । ਮੈਂ ਅਤੇ ਸਵੀ ਭਾਅ ਜੀ ਅਕਸਰ ਕੁੱਝ ਕਰੀਏਟਿਵ ਕੰਮ ਕਰਨ ਬਾਰੇ ਗੱਲਬਾਤ ਕਰਦੇ ਰਹਿੰਦੇ ਸਾਂ, ਉਸ ਦਿਨ ਵੀ ਜਦੋਂ ਮੈਂ ਕਿਹਾ ਕਿ ਭਾਅ ਜੀ ਕੁੱਝ ਨਵਾਂ ਕਰੀਏ ਤਾਂ ਉਹਨਾਂ ਨੇ ਮੈਨੂੰ ਪੈਰੋਡੀ ਗਾਣਿਆਂ ਦੀ ਕੈਸੇਟ ਰਿਕਾਰਡ ਕਰਨ ਬਾਰੇ ਸਲਾਹ ਦਿੱਤੀ ।

ਸਵੀ ਭਾਅ ਜੀ ਨੇ ਗੋਭੀ ਦੀਏ ਕੱਚੀਏ ਵਪਾਰਨੇ .
ਵਾਲੇ ਵਿਦਿਆਰਥੀ ਨੇ ਇਨਾਮ ਜਿੱਤਿਆ ਜਾਂ ਮੇਲਾ ਲੁੱਟਿਆ ਦੀ ਖ਼ਬਰ ਵੀ ਮੇਰੇ ਨਾਲ ਸਾਂਝੀ ਕੀਤੀ ।

ਮੈਨੂੰ ਐਡੀਆ ( ਜਦਕ )ਅੱਛਾ ਲੱਗਾ ਅਤੇ ਮੈਂ ਪਿੰਡ ਆ ਕੇ ਦੋ ਤਿੰਨ ਦਿਨ ਵਿੱਚ ਹੀ 8-10 ਗੀਤ ਪੈਰੋਡੀ ਲਿਖ ਦਿੱਤੇ ।

ਮੈਂ ਇਸ ਕੈਸੇਟ ਨੂੰ ਰਿਕਾਰਡ ਕਰਨ ਵਾਸਤੇ ਕਾਹਲਾ ਪੈਣ ਲੱਗਾ । ਜਲਦੀ ਹੀ ਮੈਂ ਚੰਡੀਗੜ੍ਹ ਜਾ ਕੇ ਨਾਮੀਂ ਸੰਗੀਤਕਾਰ ਸੁਰਿੰਦਰ ਬਚਨ ਨਾਲ ਰਿਕਾਰਡਿੰਗ ਦੀ ਸਾਰੀ ਸਲਾਹ ਕਰ ਆਇਆ ਕਿ ਆਪਾਂ ਨੂੰ ਇਸ ਕੈਸੇਟ ਵਾਸਤੇ ਮਸ਼ਹੂਰ ਲੋਕ ਸ਼੍ਰੀ ਸਰਦੂਲ ਸਿਕੰਦਰ, ਉਹਨਾਂ ਦਿਨਾਂ ਵਿੱਚ ਸਰਦੂਲ ਭਾਅ ਜੀ ਦਾ ਗੀਤ

**ਫੁੱਲਾਂ ਦੀਏ ਕੱਚੀਏ ਵਪਾਰਨੇ,**
**ਕੰਡਿਆਂ ਦੇ ਭਾਅ ਸਾਨੂੰ ਤੋਲ ਨਾ**

ਸੁਪਰ ਡੁਪਰ ਹਿੱਟ ਹੋਇਆ ਸੀ , ਜਿਸ ਗੀਤ ਦੀ ਪੈਰੋਡੀ ਸੀ , ਗੋਭੀ ਦੀਏ ਕੱਚੀਏ ਵਪਾਰਨੇ)

ਸ਼੍ਰੀ ਹੰਸ ਰਾਜ ਹੰਸ , ਸ਼੍ਰੀ ਗੁਰਦਾਸ ਮਾਨ ਜੀ ਦੇ ਗਾਇਕੀ ਸਕੇਲਾਂ ਤੇ ਗਾਉਣ ਵਾਲੇ ਗਾਇਕ ਦੀ ਜ਼ਰੂਰਤ ਹੈ ,

ਸੁਰਿੰਦਰ ਬਚਨ ਜੀ ਨੇ ਕਿਹਾ ਮਿਲ ਜਾਏਗਾ ।

ਮੈਂ ਦੋ ਕੁ ਦਿਨਾਂ ਬਾਅਦ ਦੀ ਰਿਕਾਰਡਿੰਗ ਦੀਆਂ ਤਰੀਖਾਂ ਪੱਕੀਆਂ ਕਰਕੇ ਵਾਪਿਸ ਆ ਗਿਆ ।

ਨੋਟ : ਹੁਣ ਤੱਕ ਭਗਵੰਤ ਮਾਨ ਨਾਮ ਸਾਡੇ ਕਿਸੇ ਦੇ ਜ਼ਹਿਨ ਵਿੱਚ ਮੀਲਾਂ ਤੱਕ ਨਹੀਂ ਸੀ ॥

**ਅੱਜ ਚੀਮਾਂ ਸਟੂਡੀਓ ਚੰਡੀਗੜ੍ਹ,**
**ਸਾਡੀ ਪੈਰੋਡੀ ਕੈਸੇਟ**
**ਗੋਭੀ ਦੀਏ ਕੱਚੀਏ ਵਪਾਰਨੇ**
**ਦੀ ਰਿਕਾਰਡਿੰਗ ਸੀ ।**

ਸੁਰਿੰਦਰ ਬਚਨ ਜੀ ਨੇ ਬਾਕੀ ਸਾਜ਼ਿੰਦਿਆ ਦੇ ਨਾਲ ਨਾਲ ਇੱਕ ਗਾਇਕ ਵੀ ਬੁਲਾ ਰੱਖਿਆ ਸੀ । ਉਹ ਬੇਨਾਮੀ ਗਾਇਕ ਨੂਰਮਹਿਲ ਵੱਲ ਦਾ ਮੁੰਡਾ ਸੀ, ਜੋ ਵਧੀਆ ਗਾ ਲੈਂਦਾ ਸੀ । ਉਸਦੀ ਇੱਕ ਦਿੱਕਤ ਸੀ ਉਹ ਵਿਚਾਰਾ ਅਨਪੜ੍ਹ ਸੀ । ਨਵੇਂ ਗੀਤ ਨਾਲੋ ਨਾਲ ਪੜ੍ਹ ਕੇ ਨਹੀਂ ਸੀ ਗਾ ਸਕਦਾ, ਹੌਲੀ ਹੌਲੀ ਯਾਦ ਕਰਕੇ ਗਾ ਸਕਦਾ ਸੀ । ਉਹਨਾਂ ਦਿਨਾਂ ਦੀਆਂ ਰਿਕਾਰਡਿੰਗਾਂ ਵਿੱਚ, ਸਾਰੇ ਸਜ਼ਿੰਦੇ ਇਕੱਠੇ ਬੈਠ ਕੇ ਆਪਣੇ ਆਪਣੇ ਸ਼ਾਜ ਵਜਾਇਆ ਕਰਦੇ ਸਨ ਅਤੇ ਰਿਕਾਰਡਿੰਗ ਦਾ ਬੱਜਟ ਵੀ ਬਹੁਤ ਘੱਟ ਹੁੰਦਾ ਸੀ ਸੋ ਗੀਤ ਯਾਦ ਕਰਵਾ ਕਰਵਾ ਰਿਕਾਰਡ ਕਰਨ ਨਾਲ ਰਿਕਾਰਡਿੰਗ ਦਾ ਬੱਜਟ ਬਹੁਤ ਵਧ ਜਾਣਾ ਸੀ । ਸੁਰਿੰਦਰ ਬਚਨ ਹੋਰਾਂ ਨੇ, ਉਸ ਮੁੰਡੇ ਕੋਲੋਂ ਅਸਲੀ ਗਾਣੇ ਗਵਾ ਗਵਾ ਸਾਰੇ ਪੈਰੋਡੀ ਗੀਤਾਂ ਦੇ ਟਰੈਕ ਤਿਆਰ ਕਰ ਲਏ ਅਤੇ ਉਸ ਗਾਇਕ ਨੂੰ ਮੇਰੇ ਲਿਖੇ ਗੀਤਾਂ ਦੀ ਕਾਪੀ, ਕੈਸੇਟ ਤੇ ਟਰੈਕ ਕਾਪੀ ਕਰਵਾ ਕੇ, ਤਿਆਰੀ ਕਰਨ ਵਾਸਤੇ ਦੇ ਦਿੱਤੇ ਅਤੇ ਅਸੀਂ ਇੱਕ ਹਫਤੇ ਬਾਅਦ ਡੱਬਿੰਗ ਰੱਖ ਲਈ । ਇਹ ਬੇਨਾਮ ਗਾਇਕ ਡੱਬਿੰਗ ਕਰਨ ਹੀ ਨਹੀਂ ਆਇਆ, ਸਾਨੂੰ ਟੈਨਸ਼ਨ ਹੋਣੀ ਸੁਭਾਵਿਕ ਸੀ, ਮੈਂ ਮੇਰੇ ਰਿਸ਼ਤੇਦਾਰ ਸਤਨਾਮ ਸਿੰਘ ਸਿੱਧੂ ਨੂੰ ਉਸ ਮੁੰਡੇ ਦੇ ਪਿੰਡ ਭੇਜਿਆ ਕਿ ਉਸ ਨੂੰ ਲੈ ਕੇ ਆਓ ਤਾਂ ਕਿ ਕੈਸੇਟ ਸਮੇਂ ਸਿਰ ਤਿਆਰ ਹੋ ਸਕੇ । ਸਤਨਾਮ ਜੀ ਉਹਨਾਂ ਦੇ ਪਿੰਡ ਗਏ । ਉਸ ਬੇਨਾਮ ( ਬੇਨਾਮ ਏਸ ਕਰਕੇ ਕਿਉਂਕਿ ਉਹ ਮੁੰਡਾ ਮੈਨੂੰ ਸਿਰਫ ਇੱਕ ਦਿਨ ਹੀ ਮਿਲਿਆ ਸੀ, ਰਿਕਾਰਡਿੰਗ ਵਾਲੇ ਦਿਨ ) ਗਾਇਕ ਨੇ ਸਾਨੂੰ ਕੋਰਾ ਜਵਾਬ ਦੇ ਦਿੱਤਾ ਕਿ ਮੈਂ ਇਹ ਗੀਤ ਨਹੀਂ ਗਾਊਣੇ ਕਿਉਂਕਿ ਮੈਨੂੰ ਮੇਰੇ ਦੋਸਤਾਂ ਨੇ ਮਨ੍ਹਾ ਕਰ ਦਿੱਤਾ ਹੈ ਕਿ ਪੁੱਠੇ ਗੀਤ (ਪੈਰੋਡੀ ਗੀਤ) ਗਾ ਕੇ ਤੂੰ ਪੁੱਠਾ ਗਾਇਕ ਬਣ ਜਾਵੇਂਗਾ । ਉਸਨੇ ਕੈਸੇਟ ਤੇ ਗੀਤਾਂ ਦੀ ਕਾਪੀ ਵਾਪਿਸ ਦੇ ਦਿੱਤੀ । ਹੁਣ ਅਸੀਂ ਫਸੇ ਹੋਏ ਮਹਿਸੂਸ ਕਰ ਰਹੇ ਸਾਂ ਕਿਉਂਕਿ ਕੈਸੇਟ ਰਲੀਜ਼ ਕਰਨ ਵਿੱਚ ਦੇਰੀ ਹੋ ਰਹੀ ਸੀ ।
ਅਸੀਂ
ਗੋਭੀ ਦੀਏ ਕੱਚੀਏ ਵਪਾਰਨੇ
ਦੇ ਡਿਜ਼ਾਇਨ ਆਦਿ ਵੀ ਤਿਆਰ ਕਰ ਬੈਠੇ ਸਾਂ ।
ਡੱਬਿੰਗ ਨਾ ਹੋਣ ਕਰਕੇ ਕੈਸੇਟ ਰਲੀਜ਼ ਰੁੱਕ ਗਈ ।

ਮੈਂ ਲਗਾਤਾਰ ਕਿਸੇ ਵਧੀਆ ਗਾਇਕ ਦੀ ਤਲਾਸ਼ ਵਿੱਚ ਸਾਂ । ਮੇਰੇ ਮੁੱਢਲੇ ਸਾਥੀਆਂ ਵਿੱਚੋਂ ਮੇਰੇ ਜਿਗਰੀ ਦੋਸਤ ਹਰਮੇਸ਼ ਮੇਸ਼ੀ ਜੀ ( ਮੈਨੂੰ , ਮੇਰੇ ਕੰਮ ਵਿੱਚ ਹਰਮੇਸ਼ ਮੇਸ਼ੀ ਜੀ ਦਾ ਸਹਿਯੋਗ ਨਿਰੰਤਰ ਮਿਲਦਾ ਰਿਹਾ ਹੈ ) ਅਤੇ ਮੈਂ ਲਗਾਤਾਰ ਕਲਾਕਾਰ ਲੱਭ ਰਹੇ ਸਾਂ । ਅਸੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੀ ਇੱਕ ਗਾਇਕ ਨੂੰ ਮਿਲਣ ਗਏ ਪਰ ਗੱਲ ਨਹੀਂ ਬਣੀ । ਇੱਕ ਦਿਨ ਮਾਣਕ ਸਾਹਿਬ ਦੇ ਦਫ਼ਤਰ ਬਚਨ ਬੇਦਿਲ, ਰਣਜੀਤ ਮਣੀ ਅਤੇ ਦੋ ਕੁ ਹੋਰ ਮੁੰਡੇ ਬੈਠੇ ਸਨ , ਮੈਂ ਵੀ ਬੇਦਿਲ ਸਾਹਿਬ ਨੂੰ ਮਿਲਣ ਵਾਸਤੇ ਉਥੇ ਚਲਾ ਗਿਆ । ਗੱਲਾਂ ਗੱਲਾਂ ਵਿੱਚ ਮੈਂ ਆਪਣੀ ਸਮੱਸਿਆ ਦੀ ਗੱਲ ਵੀ ਕਰ ਗਿਆ ਤਾਂ ਮੇਰੀ ਗੱਲ ਸੁਣਦੇ ਹੀ ਬੇਦਿਲ ਸਾਹਿਬ ਨੇ ਇੱਕ ਮੁੰਡੇ ਵੱਲ ਇਸ਼ਾਰਾ ਕੀਤਾ ਕਿ ਇਹ ਗਾ ਦੇਵੇਗਾ ਤੁਹਾਡੇ ਸਾਰੇ ਗੀਤ । ਮੈਂ ਉਸ ਕੋਲੋਂ ਦੋ ਤਿੰਨ ਗੀਤ ਸੁਣੇ ਅਤੇ ਮੇਰੀ ਸਮੱਸਿਆ ਦਾ ਹੱਲ ਨਿਕਲ ਆਇਆ । ਅਸੀਂ ਲੁਧਿਆਣੇ ਇੰਦਰਲੋਕ ਸਟੂਡੀਓ ਵਿੱਚ ਹੀ ਡੱਬਿੰਗ ਕਰਕੇ ਦੋ ਤਿੰਨ ਦਿਨਾਂ ਵਿੱਚ ਹੀ ਕੈਸੇਟ ਤਿਆਰ ਕਰ ਲਈ । ਕੈਸੇਟ ਦਾ ਨਾਂ ਤਾਂ
ਗੋਭੀ ਦੀਏ ਕੱਚੀਏ ਵਪਾਰਨੇ
ਹੀ ਸੀ ਲੇਕਿਨ ਗਾਇਕ
ਸੰਦੀਪ ਗੋਗੀ ਨਾਮ ਦਾ ਮੁੰਡਾ ਸੀ , ਜੋ ਬੇਦਿਲ ਸਾਹਿਬ ਨੇ ਮਿਲਵਾਇਆ ਸੀ ।

ਇਸੇ ਕੈਸੇਟ ਦੀ ਰਲੀਜ਼ਿੰਗ ਦਾ ਜ਼ਿਕਰ ਮੈਂ ਗੁਰਮੀਤ ਜੌਹਲ ਜੀ ਦੀ ਦੁਕਾਨ ਤੇ ਕੀਤਾ ਸੀ,
ਜਿੱਥੋਂ ਭਗਵੰਤ ਮਾਨ ਦੀ ਖੋਜ ਸ਼ੁਰੂ ਹੋਈ ਸੀ ॥

ਅੱਜ ਮੈਂ ਅਤੇ ਗੁਰਮੀਤ ਜੌਹਲ ਨੇ ਭਗਵੰਤ ਸਿੰਘ ਨਾਂ ਦੇ ਵਿਦਿਆਰਥੀ ਨੂੰ ਮਿਲਣ ਸ਼ਹੀਦ ਊਧਮ ਸਿੰਘ ਕਾਲਜ ਸੁਨਾਮ ਜਾਣਾ ਸੀ । ਮੈਂ ਆਪਣੇ ਪਿੰਡ ਦਿੜ੍ਹਬੇ ਤੋਂ ਮਹਿਲਾਂ ਚੌਂਕ ਆ ਗਿਆ । ਮੈਂ ਤੇ ਜੌਹਲ ਸਾਹਿਬ ਸਾਡੀ ਚਿੱਟੇ ਰੰਗ ਦੀ ਅੰਬੈਸਡਰ ਕਾਰ ਵਿੱਚ ਬੈਠ ਕਰੀਬ ਗਿਆਰਾਂ ਕੁ ਵਜੇ ਸੁਨਾਮ ਕਾਲਜ ਪਹੁੰਚ ਗਏ । ਅਸੀਂ ਗੱਡੀ ਕਾਲਜ ਦੇ ਗੇਟ ਦੇ ਬਾਹਰ ਹੀ ਸਾਇਡ ਤੇ ਲਗਾ ਲਈ ਅਤੇ ਜੌਹਲ ਸਾਹਿਬ ਭਗਵੰਤ ਨੂੰ ਬੁਲਾਉਣ ਕਾਲਜ ਦੇ ਅੰਦਰ ਚਲੇ ਗਏ ।

ਮੈਂ ਗੱਡੀ ਦੇ ਅੰਦਰ ਹੀ ਬੈਠਾ ਸਾਂ । ਪੰਦਰਾਂ ਕੁ ਮਿੰਟ ਬਾਅਦ ਜੌਹਲ ਸਾਹਿਬ ਦੋ ਕਾਲਜੀਏਟ ਲੜਕਿਆਂ ਨੂੰ ਆਪਣੇ ਨਾਲ ਲੈ ਕੇ ਗੱਡੀ ਕੋਲ ਆ ਗਏ । ਮੈਂ ਵੀ ਗੱਡੀ ਚੋਂ ਬਾਹਰ ਉਤਰ ਆਇਆ । ਜੌਹਲ ਸਾਹਿਬ ਨੇ ਦੱਸਿਆ ਕਿ ਇਹ ਮੁੰਡਾ ਹੈ ਜੀ ਭਗਵੰਤ ਅਤੇ ਇਹ ਭਗਵੰਤ ਦਾ ਦੋਸਤ ਕਰਮਜੀਤ ਸਿੰਘ । (ਕਰਮਜੀਤ ਸਿੰਘ ,ਬਾਅਦ ਵਿੱਚ, ਜਿਸ ਕਲਾਕਾਰ ਦਾ ਨਾਂ ਮੈਂ ÷ਕਰਮਜੀਤ ਅਨਮੋਲ÷ ਰੱਖਿਆ , ਜੋ ਅੱਜ ਦੁਨੀਆਂ ਭਰ ਵਿੱਚ ਇੱਕ ਪ੍ਰਸਿੱਧ ਕਲਾਕਾਰ ਅਤੇ ਅਦਾਕਾਰ ਦੇ ਤੌਰ ਤੇ ਮਸ਼ਹੂਰ ਹੈ, ਅਨਮੋਲ ਬਾਰੇ ਦਿਲਚਸਪ ਅਤੇ ਵਿਸਥਾਰ ਵਿੱਚ ਗੱਲ ਕਦੇ ਫੇਰ ਕਰਾਂਗੇ ਜੀ) ਮੈਂ ਦੋਵਾਂ ਨੂੰ ਮਿਲਿਆ ਅਤੇ ਭਗਵੰਤ ਸਿੰਘ ਨੂੰ ਕਾਰ ਵਿੱਚ ਬੈਠ ਕੇ ਗੱਲ ਕਰਨ ਲਈ ਸਭ ਨਾਲੋਂ ਅਲੱਗ ਕਰ ਲਿਆ । ਭਗਵੰਤ ਬਹੁਤ ਖੁਸ਼ ਨਜ਼ਰ ਆ ਰਿਹਾ ਸੀ, ਸ਼ਾਇਦ ਉਸ ਨੂੰ ਕਿਸੇ ਕੰਪਨੀ ਦੇ ਮਾਲਕ ਜਾਂ ਨਾਮੀ ਪੇਸ਼ਕਾਰ ਜਰਨੈਲ ਘੁਮਾਣ ਦੇ ਮਿਲਣ ਆਉਣ ਦੀ ਖੁਸ਼ੀ ਹੋਵੇ ਕਿਉਂਕਿ ਉਦੋਂ ਤੱਕ ਮੇਰਾ ਅਤੇ ਸੀ. ਐਮ.ਸੀ. ਕੰਪਨੀ ਦਾ ਕਾਫੀ ਨਾਮ ਬਣ ਚੁੱਕਾ ਸੀ । ਪਹਿਲੀ ਨਜ਼ਰੇ ਭਗਵੰਤ ਮੈਨੂੰ ਸਾਊ ,ਸੰਗਾਊ, ਮਲੂਕੜਾ ਜਿਹਾ ਪੇਂਡੂ ਪੜ੍ਹਾਕੂ ਹੀ ਨਜ਼ਰ ਪਿਆ । ਮੈਂ ਫ਼ਿਲਮੀ ਜਿਹੇ ਅੰਦਾਜ਼ ਵਿੱਚ ਭਗਵੰਤ ਸਿੰਘ ਨਾਲ ਗੱਲ ਕਰਨੀ ਸ਼ੁਰੂ ਕੀਤੀ । ਦੇਖ ਬਈ ਕਾਕਾ ,ਅਸੀਂ ਇੱਕ ਕੈਸੇਟ ਰਿਕਾਰਡ ਕੀਤੀ ਹੈ, ਗੋਭੀ ਦੀਏ ਕੱਚੀਏ ਵਪਾਰਨੇ .... ਮੈਨੂੰ ਪਤਾ ਲੱਗੈ ਕਿ ਇਹ ਗੀਤ ਤੇਰਾ ਲਿਖਿਆ ਹੋਇਆ ਹੈ , ਸੋ ਮੈਂ ਇੱਕ ਗੀਤਕਾਰ ਵਜੋਂ, ਤੇਰੇ ਕੋਲੋਂ ਇਹ ਗੀਤ ਲੈਣ ਆਇਆ ਹਾਂ, ਮੇਰੀ ਗੱਲ ਸੁਣਦੇ ਹੀ ਭਗਵੰਤ ਦੀ ਖੁਸ਼ੀ ਉਸਦੀਆਂ ਗੱਲ੍ਹਾਂ ਤੇ ਨੱਚਣ ਲੱਗੀ, ਉਸਨੂੰ ਇੱਕ ਗੀਤਕਾਰ ਦੇ ਤੌਰ ਤੇ ਗੀਤ ਰਿਕਾਰਡ ਹੋਣਾ ਵੱਡੀ ਗੱਲ ਜਾਪੀ ਲੇਕਿਨ ਕੁਦਰਤ ਨੇ ਸਾਡੇ ਬਾਰੇ ਕੀ ਕੀ ਸੋਚ ਰੱਖਿਆ ਸੀ ਇਸ ਗੱਲ ਤੋਂ ਅਸੀਂ ਦੋਵੇਂ ਅਨਜਾਣ ਸਾਂ । ਮੈਂ ਭਗਵੰਤ ਕੋਲੋਂ ਉਸਦਾ ਲਿਖਿਆ ਸਾਰਾ ਗੀਤ ਸੁਣਿਆ ਅਤੇ ਸਾਦੇ ਕਾਗਜ਼ ਤੇ ਲਿਖ ਕੇ ਦੇਣ ਨੂੰ ਕਿਹਾ । ਭਗਵੰਤ ਗੀਤ ਲਿਖਦਾ ਲਿਖਦਾ ਗੱਲਬਾਤ ਦੌਰਾਨ ਕਾਫੀ ਚੁਲਬਲੀਆਂ ਗੱਲਾਂ ਵੀ ਕਰਦਾ ਰਿਹਾ, ਮੈਨੂੰ ਉਸਦੀ ਗੱਲਬਾਤ ਦਾ ਅੰਦਾਜ਼ , ਉਸ ਵੱਲ ਖਿੱਚਣ ਲੱਗਾ । ਜਲਦੀ ਹੀ ਉਸਨੇ ਗੀਤ ਲਿਖ ਦਿੱਤਾ ਅਤੇ ਮੈਂ ਅਖੀਰ ਵਿੱਚ ਇੱਕ ਲਾਇਨ ਇਹ ਵੀ ਲਿਖਵਾ ਲਈ ਕਿ ਇਹ ਗੀਤ ਮੈਂ ਸੀ.ਐਮ.ਸੀ. ਕੰਪਨੀ ਦੇ ਮਾਲਿਕ ਜਰਨੈਲ ਘੁਮਾਣ ਨੂੰ ਦੇ ਰਿਹਾ ਹਾਂ, ਇਹ ਜਿਸ ਕਲਾਕਾਰ ਤੋਂ ਵੀ ਚਾਹੁਣ , ਗੀਤ ਗਵਾ ਸਕਦੇ ਹਨ, ਮੈਨੂੰ ਕੋਈ ਇਤਰਾਜ਼ ਨਹੀਂ ਹੋਵੇਗਾ ॥ ਮੈਂ ਭਗਵੰਤ ਨੂੰ ਪੁੱਛਿਆ ਕਿ ਕਾਕਾ ਕੈਸੇਟ ਦੇ ਕਵਰ ਤੇ ਤੇਰਾ ਇੱਕ ਗੀਤਕਾਰ ਵਜੋਂ ਨਾਮ ਛਪੇਗਾ , ਤੂੰ ਦੱਸ ਕਿ ਕੀ ਲਿਖੀਏ ,
ਭਗਵੰਤ ਸਿੰਘ ਜਾਂ ਭਗਵੰਤ ਸਿੰਘ ਸਤੌਜ

ਪਹਿਲਾਂ ਤਾਂ ਉਹ ਇਹ ਗੱਲ ਸੁਣਕੇ ਹੀ ਹੈਰਾਨ ਜਿਹਾ ਹੋਇਆ ਕਿ ਕੈਸੇਟ ਦੇ ਕਵਰ ਤੇ ਮੇਰਾ ਨਾਮ ਛਪੇਗਾ । ਫਿਰ ਜਦੋਂ ਮੈਂ ਦੱਸਿਆ ਕਿ ਗੀਤਕਾਰਾਂ ਵਿੱਚ ਤੇਰਾ ਅਤੇ ਮੇਰਾ ਨਾਮ ਆਏਗਾ,ਕੈਸੇਟ ਦੇ ਸੱਤ ਗੀਤ ਮੇਰੇ ਅਤੇ ਇਹ ਗੀਤ ਤੇਰਾ ਲਿਖਿਆ ਹੋਇਆ ਹੈ, ਸੋ ਨਾਮ ਛਪੇਗਾ, ਕਹੇਂ ਤਾਂ ਫੋਟੋ ਵੀ ਲਾ ਦਿਆਂਗੇ ।

ਬੋਲ ਕੀ ਨਾਂ ਲਿਖੀਏ ? ਭਗਵੰਤ ਸਿੰਘ ਸਤੌਜ ਲਿਖ ਦੇਓ ਜੀ , ਨਾ ਨਾ ਭਗਵੰਤ ਸਿੰਘ ਸਤੌਜ ਵਾਲਾ । ਮੈਂ ਕਿਹਾ ਓ.ਕੇ.
ਭਾਅ ਜੀ ,. ਭਗਵੰਤ ਸਿੰਘ ਮਾਨ ਵੀ ਆ ਸਕਦੈ ??
ਭਗਵੰਤ ਬੋਲਿਆ । ਮੈਂ ਥੋੜ੍ਹਾ ਹਾਸੇ ਦੇ ਅੰਦਾਜ਼ ਵਿੱਚ ਕਿਹਾ,
ਯਾਰ ਤੂੰ ਮੂੰਹੋਂ ਬੋਲ, ਆਪਾਂ ÷ਭਗਵੰਤ ਸਿੰਘ ਮਾਨ ਸਤੌਜ ਵਾਲਾ÷
ਲਿਖ ਦਿਆਂਗੇ । ਜੋ ਤੁਹਾਨੂੰ ਵਧੀਆ ਲੱਗੇ,
ਉਹ ਲਿਖ ਦੇਣਾ ਜੀ, ਮੈਂ ਤੁਹਾਨੂੰ ਮਿਲ ਲਿਆ ,
ਬੱਸ ਮੈਨੂੰ ਏਸੇ ਗੱਲ ਦੀ ਬਹੁਤ ਖੁਸ਼ੀ ਹੈ । ਭਗਵੰਤ ਨੇ ਆਪਣੇ ਨਾਮ ਬਾਰੇ ਗੱਲ ਵੀ ਮੇਰੇ ਤੇ ਛੱਡ ਦਿੱਤੀ । ਮੈਨੂੰ ਭਗਵੰਤ ਦਾ ਗੱਲਬਾਤ ਕਰਨ ਦਾ ਚੁਲਬੁਲਾਪਣ ਕਾਫ਼ੀ ਅੰਦਰ ਤੱਕ ਮੋਹ ਗਿਆ ਸੀ , ਮੈਂ ਉਸਨੂੰ ਕਹਿ ਹੀ ਬੈਠਾ ਕਿ ਯਾਰ ਤੂੰ ਗੱਲਾਂ ਬਹੁਤ ਚੁਲਬਲੀਆਂ ਜਿਹੀਆਂ ਕਰਦੈ, ਹੋਰ ਕੀ ਕੀ ਸੁਣਾਉਂਦਾਹੁਨੈ, ਕਾਲਜਾਂ ਦੀਆਂ ਸਟੇਜਾਂ ਉਪਰ
ਭਗਵੰਤ ਬੋਲਿਆ ਜੀ , ਮੈਂ ਕਈ ਐਟਮਾਂ ਸੁਣਾਉਂਦਾ ਹਾਂ ,
ਸੁਣਾਵਾਂ ??

ਮੈਂ ਕਿਹਾ ਸੁਣਾ । ਭਗਵੰਤ ਨੇ ਮੈਨੂੰ ਦੋ ਤਿੰਨ ਐਟਮਾਂ ਸੁਣਾਈਆਂ, ਜਿਹਨਾਂ ਨੂੰ ਸੁਣਦੇ ਸੁਣਦੇ, ਮੈਨੂੰ ਭਵਿੱਖ ਦਾ ਕਾਮੇਡੀ ਸਟਾਰ ਨਜ਼ਰੀਂ ਪੈਣ ਲੱਗਾ । ਭਗਵੰਤ ਨੇ ਮੈਨੂੰ ਪੈਰੋਡੀ ਖ਼ਬਰਾਂ, ਘੂਰਾੜ੍ਹੇ ਮੇਰੇ ਬਾਪੂ ਦੇ ,
ਆਦਿ ਐਟਮਾਂ ਸੁਣਾਈਆਂ ਸਨ , ਜਿਹਨਾਂ ਨੂੰ ਸੁਣਦੇ ਸੁਣਦੇ ਮੈਂ ਗੋਭੀ ਦੀਏ ਕੱਚੀਏ ਵਪਾਰਨੇ, ਕੈਸੇਟ ਵਿੱਚ ਤਬਦੀਲੀਆਂ ਕਰਨ ਬਾਰੇ ਸੋਚਣ ਲੱਗਾ ਕਿ ਕਿਉਂ ਨਾ ਇਸ ਕੈਸੇਟ ਨੂੰ ਇਕੱਲੇ ਗੀਤਾਂ ਦੀ ਥਾਂ,
ਕਾਮੇਡੀ ਸਕਿੱਟਾਂ ਅਤੇ ਗੀਤਾਂ ਨਾਲ ਸ਼ਿੰਗਾਰਿਆ ਜਾਵੇ ।
ਮੈਂ ਉੱਥੇ ਬੈਠੇ ਬੈਠੇ ਹੀ ਫੈਸਲਾ ਕਰ ਲਿਆ ਕਿ ਏਦਾਂ ਹੀ ਕਰਾਂਗਾ ਲੇਕਿਨ ਮੈਨੂੰ ਭਗਵੰਤ ਬਾਰੇ ਜਾਣਕਾਰੀ
ਨਹੀਂ ਸੀ । ਮੈਂ ਭਗਵੰਤ ਨੂੰ ਪੁੱਛ ਹੀ ਲਿਆ ਕਿ ਤੂੰ ਕੀ ਕਰਨਾ ਚਾਹੁੰਦਾ ਹੈਂ , ਭਗਵੰਤ ਨੇ ਦੱਸਿਆ ਕਿ ਮੌਕਾ ਮਿਲਿਆ ਮੈਂ ਵੀ ਰੀਲ (ਕੈਸੇਟ) ਕਢਵਾਊਂ ਆਪਣੀ ।
ਮੈਂ ਭਗਵੰਤ ਦੀ ਦਿਲਚਸਪੀ ਨੂੰ ਪਰਖਣ ਦੇ ਅੰਦਾਜ਼ ਵਿੱਚ ਭਗਵੰਤ ਨੂੰ ਲੁਧਿਆਣੇ ਬੁਲਾ ਕੇ ਅਗਲੀ ਕਾਰਵਾਈ ਪਾਊਣ ਦੀ ਸੋਚ ਕੇ, ਭਗਵੰਤ ਨੂੰ ਆਫ਼ਰ ਕਰ ਦਿੱਤੀ ਕਿ,
ਭਗਵੰਤ ਜੇ ਕੁੱਝ ਕਰਨੈ, ਜਾਂ ਜ਼ਿੰਦਗੀ ਵਿੱਚ ਕੁੱਝ ਬਣਨੈ ਤਾਂ ਚਾਰ ਦਿਨ ਦੇ ਅੰਦਰ ਅੰਦਰ ਲੁਧਿਆਣੇ ਆ ਜਾਵੀਂ, ਮੈਂ ਇੰਤਜ਼ਾਰ ਕਰਾਂਗਾ,
ਜੇਕਰ ਤੂੰ ਨਾ ਆਇਆ ਤਾਂ ਮੈਂ ਗੋਭੀ ਦੀਏ ਕੱਚੀਏ ਵਪਾਰਨੇ ਕੈਸੇਟ ਇਕੱਲੇ ਗੀਤਾਂ ਦੀ ਹੀ ਰਲੀਜ਼ ਕਰ ਦਿਆਂਗਾ । ਜੇ ਤੂੰ ਆ ਗਿਆ ਤਾਂ ਮੈਂ ਕੁੱਝ ਹੋਰ ਸੋਚਾਂਗਾ । ਅਸੀਂ ਦੋਵਾਂ ਦੋਸਤਾ (ਭਗਵੰਤ ਮਾਨ, ਕਰਮਜੀਤ ਅਨਮੋਲ) ਤੋਂ ਵਿਦਾ ਲੈ, ਸੁਨਾਮ ਕਾਲਜ ਤੋਂ ਵਾਪਿਸ ਚੱਲ ਪਏ ।

ਦੋਸਤੋ ਉਦੋਂ ਗਰਮੀਆਂ ਦੇ ਦਿਨ ਸਨ ਕਿਉਂਕਿ ਅਪਰੈਲ - ਮਈ ਦਾ ਮਹੀਨਾ ਸੀ । ਮੈਨੂੰ ਪਿੰਡੋਂ ਆਏ ਨੂੰ ਅੱਜ ਤਿੰਨ ਦਿਨ ਹੋ ਗਏ ਸਨ, ਮੈਨੂੰ ਭਗਵੰਤ ਦੇ ਆਉਣ ਦੀ ਉਡੀਕ ਵੀ ਸੀ ਅਤੇ ਮੈਂ ਇੱਕ ਵਿਦਿਆਰਥੀ ਸਮਝ ਕੇ ,ਇਹ ਵੀ ਸੋਚ ਲੈਂਦਾ ਸਾਂ ਕਿ ਸ਼ਾਇਦ ਉਹ ਨਹੀਂ ਆਵੇਗਾ ਲੇਕਿਨ ਜੋ ਕੁੱਝ ਵੱਡਾ ਬਣਨ ਦਾ ਜਨੂੰਨ ਮੈਂ ਉਸ ਦੀਆਂ ਗੱਲਾਂ ਵਿੱਚ ਵੇਖਿਆ ਸੀ, ਉਸ ਕਰਕੇ ਮੈਨੂੰ ਯਕੀਨ ਸੀ ਕਿ ਭਗਵੰਤ ਜ਼ਰੂਰ ਆਵੇਗਾ, ਹਾਲੇ ਉਸਨੂੰ ਦਿੱਤੇ ਟਾਇਮ ਵਿੱਚ ਇੱਕ ਦਿਨ ਬਾਕੀ ਰਹਿੰਦਾ ਸੀ ।

ਭਗਵੰਤ ਦਿੱਤੇ ਸਮੇਂ ਤੋਂ ਇੱਕ ਦਿਨ ਪਹਿਲਾਂ ਹੀ ਲੁਧਿਆਣੇ ਸਾਡੀ ਆਦਰਸ਼ ਨਗਰ , ਫਿਰੋਜਪੁਰ ਰੋਡ ਵਾਲੀ ਕੋਠੀ ਵਿਖੇ ਆ ਗਿਆ । ਸ਼ਾਮ ਦੇ ਪੰਜ ਕੁ ਵੱਜੇ ਹੋਣਗੇ , ਚਾਹ ਪਾਣੀ ਪਿਲਾਉਣ ਤੋਂ ਉਪਰੰਤ ਮੈਂ ਕੁੱਝ ਸਮੇਂ ਵਾਸਤੇ ਗੁਰਦੇਵ ਢਿੱਲੋਂ ਉਰਫ ਭਜਨਾ ਅਮਲੀ ਕੋਲ
ਅਗਲੀ ਕੈਸੇਟ ਦੀ ਮੀਟਿੰਗ ਕਰਨ ਚਲਾ ਗਿਆ । ਉਸ ਦਿਨ ਬਚਨ ਬੇਦਿਲ ਸਾਹਿਬ ਵੀ ਮੇਰੇ ਕੋਲ ਆਏ ਹੋਏ ਸਨ ਕਿਉਂਕਿ ਅਸੀਂ ਰਣਜੀਤ ਮਣੀ ਦੀ ਕੈਸੇਟ ÷ ਚੰਨਾ ਪਾਸਪੋਰਟ ਬਣਾ ਲਿਆ/ਆਸ਼ਕ ਭਾਅ ਜੀ ਦੀ ਤਿਆਰੀ ਵੀ ਨਾਲੋ ਨਾਲ ਕਰ ਰਹੇ ਸਾਂ । ਭਗਵੰਤ ਸਿੰਘ ਨੂੰ ਮੈਂ ਸਾਰਿਆਂ ਨਾਲ ਮਿਲਵਾਇਆ , ਮੈਂ ਭਗਵੰਤ ਦੀ ਕਲਾ ਬਾਰੇ ਸਭ ਨੂੰ ਦੱਸ ਵੀ ਰਿਹਾ ਸਾਂ ਕਿ ਇੱਕ ਵਧੀਆ ਮਮਿੱਕਰੀ ਕਲਾਕਾਰ ਹੈ ਅਤੇ ਗੋਭੀ ਦੀਏ ਕੱਚੀਏ ਵਪਾਰਨੇ ਵੀ ਇਸ ਮੁੰਡੇ ਦੀ ਹੀ ਆਇਟਮ ਹੈ ।

ਮੈਂ ਬਚਨ ਬੇਦਿਲ ਅਤੇ ਭਗਵੰਤ ਨੂੰ ਮਿਲਾ ਕੇ ਉਥੋਂ ਗਿਆ ਸਾਂ ।

ਮੇਰੇ ਵਾਪਿਸ ਆਉਂਦੇਤੱਕ ਭਗਵੰਤ ਸਭ ਨਾਲ ਘੁਲ ਮਿਲ ਚੁੱਕਾ ਸੀ ( ਭਗਵੰਤ ਮਾਨ ਵਿੱਚ ਇਹ ਵਿਲੱਖਣਤਾ ਅੱਜ ਵੀ ਕਾਇਮ ਹੈ ਕਿ ਉਹ ਹਰੇਕ ਮਹਿਫਲ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ , ਸਾਹਮਣੇ ਕੋਈ ਵੀ ਬੈਠਾ ਹੋਵੇ, ਉਹ ਉਸਨੂੰ ਆਪਣਾ ਫੈਨ ਬਣਾਉਣ ਨੂੰ ਬਹੁਤਾ ਵਕਤ ਨਹੀਂ ਲਗਾਉਂਦਾਅਤੇ ਉਹ ਉਹਨਾਂ ਵੇਲਿਆਂ ਵਿੱਚ ਵੀ ਹਰੇਕ ਵਿਸ਼ੇ ਉਪਰ ਚਰਚਾ ਕਰਨ ਦਾ ਮਾਦਾ ਰੱਖਦਾ ਸੀ , ਸ਼ਾਇਦ ਉਸ ਦੀ ਇਸੇ ਖ਼ੂਬੀ ਸਦਕਾ, ਅੱਜ ਉਹ ਇੱਕ ਦੁਨਿਆਂ ਭਰ ਵਿੱਚ ਮਸ਼ਹੂਰ ਨਾਮਣਾ ਖੱਟਣ ਵਾਲੀ ਬਹੁ ਪੱਖੀ ਸਖਸ਼ੀਅਤ ਬਣ ਚੁੱਕਾ ਹੈ । ਸ਼ਾਮ ਦੀ ਰੋਟੀ ਖਾ ਕੇ , ਅਸੀਂ ਸਾਰਿਆਂ ਨੇ ਭਗਵੰਤ ਦੀਆਂ ਸਕਿੱਟਾਂ ਅਤੇ ਚੁਲਬਲੀਆਂ ਗੱਲਾਂ ਦਾ ਆਨੰਦ ਮਾਣਿਆ । ਸੌਣ ਤੋਂ ਪਹਿਲਾਂ ਮੈਂ ਭਗਵੰਤ ਨੂੰ ਆਪਣੇ ਨਾਲ ਬੁਲਾ ਕੇ ਹੇਠਾਂ ਲੈ ਗਿਆ । ਕੁੱਝ ਕੁ ਮਿੰਟਾਂ ਦੀ ਗੱਲਬਾਤ ਨਾਲ ਹੀ ਅਸੀਂ ਭਗਵੰਤ ਸਿੰਘ ਦੀ ਰਿਕਾਰਡਿੰਗ ਕਰਨ ਬਾਰੇ ਸਹਿਮਤ ਹੋ ਗਏ ਅਤੇ ਮੈਂ ਤੇ ਭਗਵੰਤ ਨੇ ਲੰਬਾ ਚੱਲਣ ਵਾਸਤੇ ਹੱਥ ਮਿਲਾ ਲਏ ।

(ਮੈਂ ਅਤੇ ਭਗਵੰਤ ਮਾਨ ਨੇ ਜਿੰਨਾ ਕੰਮ ਵੀ ਇਕੱਠਿਆਂ ਕੀਤਾ, ਬਿਨਾਂ ਕਿਸੇ ਐਗਰੀਮੈਂਟ ਤੋਂ ਕੀਤੈ ਕਿਉਂਕਿ ਪਲ ਭਰ ਵਿੱਚ ਹੀ ਸਾਡੇ ਦਿਲਾਂ ਦੇ ਐਗਰੀਮੈਂਟ ਹੋ ਗਏ ਸਨ, ਭਗਵੰਤ ਨੇ ਕਦੇ ਵੀ ਮੇਰੀ ਕੋਈ ਗੱਲ ਨਹੀਂ ਮੋੜੀ, ਮੈਂ ਜੋ ਵੀ ਉਸਨੂੰ ਕਿਹਾ , ਉਸਨੇ ਮੇਰੇ ਲਈ ਉਹ ਨਿਰੰਤਰ ਕੀਤਾ, ਹਾਲਾਂਕਿ ਉਹ ਜਲਦੀ ਹੀ ਬਹੁਤ ਵੱਡਾ ਸਟਾਰ ਬਣ ਗਿਆ ਸੀ ਫਿਰ ਵੀ ਉਸਨੇ ਮੈਨੂੰ ਹਮੇਸ਼ਾਂ ਮਾਣ ਸਤਿਕਾਰ ਦਿੱਤਾ, ਕੁੱਝ ਲੋਕਾਂ ਨੇ ਸਾਨੂੰ ਤੋੜਨ , ਵਿਛੋੜਨ ਦੀ ਕੋਸ਼ਿਸ਼ ਵੀ ਕੀਤੀ ਲੇਕਿਨ ਭਗਵੰਤ ਨੇ ਹਮੇਸ਼ਾਂ ਸਭ ਨੂੰ ਮੂੰਹ ਤੋੜਵਾਂ ਜੁਵਾਬ ਹੀ ਦਿੱਤਾ, ਕੁੱਝ ਸਮਾਂ ਅਸੀਂ ਦੂਰ ਵੀ ਹੋਏ , ਉਸਦੇ ਕਾਰਨ ਵਿਉਪਾਰਕ ਨਹੀਂ ਸਨ , ਕੁੱਝ ਗਲਤਫ਼ਹਿਮੀਆਂ, ਕੁੱਝ ਵਿਚਾਰਕ ਮੱਤਭੇਦ ਸਨ ਪਰੰਤੂ ਅੰਤ ਭਲਾ ਸਭ ਭਲਾ , ਭਗਵੰਤ ਮਾਨ ਅੱਜ ਵੀ ਮੇਰੇ ਨਾਲ ਉਸੇ ਤਰ੍ਹਾਂ ਵਿਚਰਦਾ ਹੈ ਜਿੱਦਾਂ 22-25 ਵਰ੍ਹੇ ਪਹਿਲਾਂ , ਹੁਣ ਫ਼ਰਕ ਸਮੇਂ ਦਾ ਹੈ, ਵੱਡਾ ਨੇਤਾ ਬਣਨ ਕਰਕੇ, ਰੁਝੇਵਿਆਂ ਕਾਰਨ ਮਿਲਣ ਦਾ ਸਮਾਂ ਸੀਮਤ ਹੈ , ਪਰ ਨਿੱਘ ਓਹੀ ਹੈ, ਦੂਸਰਾ ਮੈਂ ਸਿਆਸਤ ਵਾਲੇ ਪਾਸੇ ਦਿਲਚਸਪੀ ਨਹੀਂ ਰੱਖਦਾ)

ਅਗਲੇ ਦਿਨ ਮੈਂ ਅਤੇ ਭਗਵੰਤ ਨੇ ਕਾਮੇਡੀ ਸਕਿੱਟਾਂ ਦੀ ਰੂਪਰੇਖਾ ਤਿਆਰ ਕਰ ਲਈ ਅਤੇ ਅਸੀਂ ਉਸ ਤੋਂ ਅਗਲੇ ਦਿਨ ਰਿਕਾਰਡਿੰਗ ਕਰਕੇ, ਦੋ ਕੁ ਦਿਨਾਂ ਵਿੱਚ ਹੀ ਕੈਸੇਟ ਦਾ ਮਾਸਟਰ ਪੀਸ ਤਿਆਰ ਕਰ ਲਿਆ ।

ਹੁਣ ਗੋਭੀ ਦੀਏ ਕੱਚੀਏ ਵਪਾਰਨੇ ਕੈਸੇਟ ਦੇ ਕਲਾਕਾਰ ਭਗਵੰਤ ਮਾਨ ਅਤੇ ਸੰਦੀਪ ਗੋਗੀ ਅਤੇ ਲੇਖਕ ਜਰਨੈਲ ਘੁਮਾਣ - ਭਗਵੰਤ ਮਾਨ ਸਨ। ਭਗਵੰਤ ਮਾਨ ਦਾ ਨਾਮਕਰਨ ਭਗਵੰਤ ਮਾਨ ਵੀ, ਮੈਂ ਇਸੇ ਕੈਸੇਟ ਵੇਲੇ ਕੀਤਾ ਜਿਸਨੂੰ ਬਾਅਦ ਵਿੱਚ ਦੁਨੀਆਂ ਭਰ ਦੇ ਸਰੋਤਿਆਂ ਨੇ ਕਾਮੇਡੀ ਕਿੰਗ ਭਗਵੰਤ ਮਾਨ ਵਜੋਂ ਨਿਵਾਜਿਆ ।

ਕੈਸੇਟ ਗੋਭੀ ਦੀਏ ਕੱਚੀਏ ਵਪਾਰਨੇ ਰਲੀਜ਼ ਕਰਨ ਨੂੰ ਲਗਭਗ ਤਿਆਰ ਸੀ, ਕੈਸੇਟ ਰਲੀਜ਼ਿੰਗ ਮਿਤੀ ਤੋਂ ਤਿੰਨ ਦਿਨ ਪਹਿਲਾਂ ਅਚਾਨਕ ਇੱਕ ਹੋਰ ਅਜਿਹਾ ਮੋੜ ਆਇਆ ਕਿ ਭਗਵੰਤ ਮਾਨ ਰਾਤੋ ਰਾਤ ਸਟਾਰ ਹੀ ਨਹੀਂ ਕਿ ਸੁਪਰ ਸਟਾਰ ਬਣ ਗਿਆ।

ਕੈਸੇਟ ਗੋਭੀ ਦੀਏ ਕੱਚੀਏ ਵਪਾਰਨੇ ਰਿਲੀਜ਼ ਕਰਨ ਨੂੰ ਤਿਆਰ ਹੋ ਗਈ ਸੀ, ਸਾਡੀ ਫੈਕਟਰੀ ਵਿੱਚ ਕੈਸੇਟਾਂ ਰਿਕਾਰਡ ਹੋ ਰਹੀਆਂ ਸਨ , ਬਜ਼ਾਰ ਵਿੱਚ ਪੋਸਟਰ ਆਦਿ ਵੀ ਲਗਾ ਦਿੱਤੇ ਸਨ । ਕੈਸੇਟ ਆਉਣ ਵਾਲੇ ਬੁੱਧਵਾਰ ਨੂੰ ਰਲੀਜ਼ ਹੋਣੀ ਸੀ ਕਿ ਅਚਾਨਕ ਇੱਕ ਅਜਿਹਾ ਮੋੜ ਅਇਆ, ਕੈਸੇਟ ਫਿਰ ਲੇਟ ਹੋ ਗਈ ਅਤੇ ਭਗਵੰਤ ਮਾਨ ਰਾਤੋ ਰਾਤ ਸਟਾਰ ਹੀ ਨਹੀਂ ਬਲਕਿ ਸੁਪਰ ਸਟਾਰ ਬਣ ਗਿਆ ।

ਉਹਨਾਂ ਦਿਨਾਂ ਵਿੱਚ ਮੇਰਾ ਸੁਭਾਅ ਸੀ ਕਿ ਜਿਸ ਉਭਰਦੇ ਗੀਤਕਾਰ ਜਾਂ ਕਲਾਕਾਰ ਨਾਲ ਮੈਂ ਕੰਮ ਕਰਦਾ ਸਾਂ, ਉਸ ਨੂੰ ਅਕਸਰ ਆਪਣੇ ਨਾਲ ਹੀ ਰੱਖਦਾ ਸਾਂ । ਉਸਦੇ ਦੋ ਫਾਇਦੇ ਹੁੰਦੇ ਸਨ , ਇੱਕ ਤਾਂ ਉਸ ਵਿਅਕਤੀ ਦੇ ਸੁਭਾਅ ਨਾਲ, ਸੁਭਾਅ ਮਿਲਾਉਣ ਵਿੱਚ ਮੱਦਦ ਮਿਲਦੀ, ਦੂਜਾ ਕੀਤੇ ਜਾ ਰਹੇ ਕੰਮ ਵਿੱਚ ਕਾਫੀ ਨਿਖਾਰ ਆ ਜਾਂਦਾ ਕਿਉਂਕਿ ਸਾਰਾ ਧਿਆਨ ਪ੍ਰੋਜੈਕਟ ਤੇ ਹੀ ਰਹਿੰਦਾ ਸੀ ।

ਪਹਿਲਾਂ ਪਹਿਲਾਂ ਮੈਂ ਵੀ, ਮੈਂ ਅਤੇ ਸ਼ਿਗਾਰਾ ਚਹਿਲ ਜੀ, ਮੈਂ ਅਤੇ ਗੁਰਦੇਵ ਢਿੱਲੋਂ ਉਰਫ਼ ਭਜਨਾ ਅਮਲੀ, ਮੈਂ ਅਤੇ ਜਨਾਬ ਮੁਹੰਮਦ ਸਦੀਕ ਸਾਹਿਬ ਜੀ, ਇਹਨਾਂ ਸਖਸ਼ੀਅਤਾਂ ਨਾਲ ਵਿਚਰਦਾ ਰਿਹਾ ਅਤੇ ਮੈਨੂੰ ਵੀ ਇਹਨਾਂ ਮਹਾਨ ਹਸਤੀਆਂ ਨਾਲ ਵਿਚਰਨ ਦਾ ਬਹੁਤ ਫ਼ਾਇਦਾ ਹੋਇਆ ਹੈ ।

ਸੋ ਮੈਂ ਭਗਵੰਤ ਮਾਨ ਨੂੰ ਵੀ ਆਪਣੇ ਨਾਲ ਨਾਲ ਰੱਖਣ ਲੱਗ ਪਿਆ । ਮੈਂ ਅਤੇ ਗੁਰਦੇਵ ਢਿੱਲੋਂ ਭਾਅ ਜੀ ਅਕਸਰ ਇਕੱਠੇ ਜਾਂਦੇ ਆਉਂਦੇਸਾਂ । ਉਹਨਾਂ ਦਿਨਾਂ ਵਿੱਚ ਜਲੰਧਰ ਦੂਰਦਰਸ਼ਨ ਤੇ ਸੋਮਵਾਰ ਸ਼ਾਮ ਵੇਲੇ ਇੱਕ ਪ੍ਰੋਗਰਾਮ ਆਇਆ ਕਰਦਾ ਸੀ

**ਇੱਕ ਲੱਪ ਸੁਰਮੇ ਦੀ**

ਜਿਸ ਵਿੱਚ ਭਜਨਾ ਅਮਲੀ ਅਤੇ ਸਹਿ ਕਲਾਕਾਰ ਹਰਮੇਸ਼ ਮੇਸ਼ੀ ਦੀਆਂ ਸਕਿੱਟਾਂ ਅਤੇ ਵੱਖਰੇ ਵੱਖਰੇ ਕਲਾਕਾਰਾਂ ਦੇ ਗੀਤ ਆਇਆ ਕਰਦੇ ਸਨ ।

ਮੈਂ ਅਤੇ ਢਿੱਲੋਂ ਸਾਹਿਬ ਨੇ ਜਲੰਧਰ ਦੂਰਦਰਸ਼ਨ ਜਾਣਾ ਸੀ , ਅਸੀਂ ਭਗਵੰਤ ਮਾਨ ਨੂੰ ਵੀ ਨਾਲ ਹੀ ਲੈ ਗਏ ।

ਪ੍ਰੋਗਰਾਮ ਦੇ ਨਿਰਮਾਤਾ ਸ਼ਾਇਦ ਗੁਰਦੀਪ ਸਿੰਘ ਜੀ ਸੀ , ਕੰਟੀਨ ਵਿੱਚ ਬੈਠੇ ਬੈਠੇ ਸਾਡੀ ਰਲੀਜ਼ ਹੋਣ ਵਾਲੀ ਕੈਸੇਟ ÷ ਗੋਭੀ ਦੀਏ ਕੱਚੀਏ ਵਪਾਰਨੇ÷ ਦਾ ਜ਼ਿਕਰ ਚੱਲ ਪਿਆ ਅਤੇ ਭਗਵੰਤ ਮਾਨ ਨੇ ਇੱਕ ਗਾਣਾ ਵੀ ਸੁਣਾ ਦਿੱਤਾ । ਗੁਰਦੀਪ ਜੀ ਨੂੰ ਗਾਣਾ ਪਸੰਦ ਆਇਆ ਅਤੇ ਉਹਨਾਂ ਅਗਲੇ ਪ੍ਰੋਗਰਾਮ ਗਾਣਾ ਟੈਲੀਕਾਸਟ ਕਰਨ ਦੀ ਇੱਛਾ ਪ੍ਰਗਟਾਈ , ਨਾਲ ਹੀ ਕੈਸੇਟ ਵੀ ਕੁੱਝ ਦਿਨ ਰੁੱਕ ਕੇ ਰਲੀਜ਼ ਕਰਨ ਦੀ ਸ਼ਰਤ ਰੱਖ ਦਿੱਤੀ ।

( ਉਹਨਾਂ ਦਿਨਾਂ ਵਿੱਚ ਜਲੰਧਰ ਦੂਰਦਰਸ਼ਨ ਤੇ ਟੈਲੀਕਾਸਟ ਹੋਣ ਵਾਲੇ ਗੀਤ ਦੂਰਦਰਸ਼ਨ ਦੇ ਸਟੂਡੀਓ ਵਿੱਚ ਹੀ ਰਿਕਾਰਡ ਹੋਇਆ ਕਰਦੇ ਸਨ ਅਤੇ ਤਾਜ਼ਾ ਰਲੀਜ਼ ਹੋਇਆ ਗੀਤ ਦੂਰਦਰਸ਼ਨ ਜਲੰਧਰ ਨਹੀਂ ਸੀ ਵਿਖਾਉਂਦਾਅਤੇ ਨਾ ਹੀ ਰਿਕਾਰਡਡ ਗੀਤ ਚੱਲਦੇ ਸਨ )

ਅਸੀਂ ਗੀਤ ਰਿਕਾਰਡ ਕਰਾਉਣ ਦੀ ਹਾਂ ਕਰ ਦਿੱਤੀ ਕਿਉਂਕਿ ਇਹ ਗੀਤ ਵੀ ਸੰਦੀਪ ਗੋਗੀ ਨੇ ਗਾਇਆ ਹੋਇਆ ਸੀ ਜਿਸ ਕਰਕੇ ਦੂਰਦਰਸ਼ਨ ਜਲੰਧਰ ਤੇ ਰਿਕਾਰਡਿੰਗ ਵੀ ਸੰਦੀਪ ਗੋਗੀ ਦੀ ਹੀ ਹੋਣੀ ਸੀ , ਭਗਵੰਤ ਮਾਨ ਨੂੰ ਅਸੀਂ ਸ਼ਿੰਗਰ ਨਹੀਂ ਕਾਮੇਡੀ ਕਲਾਕਾਰ ਵਜੋਂ ਪੇਸ਼ ਕਰਨ ਵਾਲੇ ਸਾਂ ।

ਇਸ ਪ੍ਰੋਗਰਾਮ ਦੀ ਰਿਕਾਰਡਿੰਗ ਸ਼ਨੀਵਾਰ ਨੂੰ ਹੋਇਆ ਕਰਦੀ ਸੀ ਅਤੇ ਸੋਮਵਾਰ ਸ਼ਾਮ ਨੂੰ ਪ੍ਰੋਗਰਾਮ ਆਇਆ ਕਰਦਾ ਸੀ ।

ਅਸੀਂ ਗੀਤ ਰਿਕਾਰਡ ਕਰਨ ਬਾਰੇ ਫਾਇਨਲ ਕਰਕੇ ਸਾਰੇ ਜਣੇ ਵਾਪਿਸ ਲੁਧਿਆਣੇ ਆ ਗਏ ਅਤੇ ਆ ਕੇ ਸੰਦੀਪ ਗੋਗੀ ਨੂੰ ਵੀ ਸੁਨੇਹਾ ਲਗਾ ਦਿੱਤਾ ਕਿ ਤੇਰੀ ਸ਼ਨੀਵਾਰ ਨੂੰ ਦੂਰਦਰਸ਼ਨ ਜਲੰਧਰ ਤੇ ਰਿਕਾਰਡਿੰਗ ਹੈ ।

( ਉਦੋਂ ਜਲੰਧਰ ਦੂਰਦਰਸ਼ਨ ਦਾ ਐਨਾ ਕਰੇਜ਼ ਹੁੰਦਾ ਸੀ ਕਿ ਗੀਤ ਦੀ ਰਿਕਾਰਡਿੰਗ ਦਾ ਟਾਈਮ ਮਿਲਣ ਨੂੰ ਲਾਟਰੀ ਨਿਕਲਣ ਵਾਂਗ ਮੰਨਿਆ ਜਾਂਦਾ ਸੀ ।)

ਸ਼ਨੀਵਾਰ ਨੂੰ ਸਵੇਰੇ ਹੀ ਅਸੀਂ ਤਿੰਨੋਂ ਅੰਬੈਸਡਰ ਕਾਰ ਵਿੱਚ ਸਵਾਰ ਹੋ ਕੇ ਸੰਦੀਪ ਗੋਗੀ ਨੂੰ ਲੈਣ ਮਾਡਲ ਟਾਊਨ (ਧੱਕਾ ਬਸਤੀ) ਵਾਲੇ ਪਾਸੇ ਚੱਲ ਪਏ । ਕਾਰ ਢਿੱਲੋਂ ਸਾਹਿਬ ਚਲਾ ਰਹੇ ਸਨ, ਅਸੀਂ ਸੰਦੀਪ ਦੇ ਘਰ ਕੋਲ ਪਹੁੰਚ ਗਏ, ਢਿੱਲੋਂ ਭਾਅ ਜੀ ਬਾਹਰ ਗਲੀ ਵਿੱਚ ਕਾਰ ਖੜੀ ਕਰਕੇ, ਉਸ ਨੂੰ ਪੈਦਲ ਹੀ ਬੁਲਾਊਣ ਚਲੇ ਗਏ ਕਿਉਂਕਿ ਉਦੋਂ ਉਧਰ ਗਲੀਆਂ ਤੰਗ ਹੁੰਦੀਆਂ ਸਨ , ਕਾਰ ਨਹੀਂ ਸੀ ਜਾਂਦੀ । ਸੰਦੀਪ ਘਰ ਨਹੀਂ ਮਿਲਿਆ, ਘਰੋਂ ਪਤਾ ਲੱਗਾ ਕਿ ਉਹ ਬਾਹਰ ਕਿਤੇ ਗਰਾਊਂਡਵਿੱਚ ਕ੍ਰਿਕੇਟ ਖੇਡਣ ਗਿਆ ਹੋਇਆ ਹੈ ।

ਅਸੀਂ ਲੱਭ ਲੁਭਾ ਕੇ, ਉਸ ਗਰਾਊਂਡਕੋਲ ਪਹੁੰਚ ਗਏ, ਜਿੱਥੇ ਸੰਦੀਪ ਆਪਣੇ ਸਾਥੀਆਂ ਨਾਲ ਕ੍ਰਿਕੇਟ ਖੇਡ ਰਿਹਾ ਸੀ । ਢਿੱਲੋਂ ਭਾਅ ਜੀ ਉਸਨੂੰ ਬੁਲਾਊਣ ਵਾਸਤੇ ਗਰਾਊਂਡਵਿੱਚ ਖ਼ੁਦ ਹੀ ਚਲੇ ਗਏ । ਸੰਦੀਪ ਗੋਗੀ ਕ੍ਰਿਕੇਟ ਖੇਡ ਰਿਹਾ ਸੀ । ਉਸ ਨੇ ਸਾਡੇ ਨਾਲ ਜਲੰਧਰ ਦੂਰਦਰਸ਼ਨ ਜਾਣ ਤੋਂ ਇਨਕਾਰ ਕਰ ਦਿੱਤਾ ਕਿ ਸਾਡਾ ਅੱਜ ਦੂਜੇ ਮੁਹੱਲੇ ਦੀ ਕ੍ਰਿਕੇਟ ਟੀਮ ਨਾਲ ਮੈਚ ਹੈ, ਸੋ ਮੈਂ ਨਹੀਂ ਜਾ ਸਕਦਾ, ਮੈਂ ਸਾਡੀ ਟੀਮ ਦਾ ਕੈਪਟਨ ਹਾਂ ।

ਅਸੀਂ ਥੋੜ੍ਹਾ ਨਿਰਾਸ਼, ਨਰਾਜ਼ ਹੋ ਕੇ ਜਲੰਧਰ ਵੱਲ ਚੱਲ ਪਏ । ਦੂਰਦਰਸ਼ਨ ਜਾ ਕੇ ਢਿੱਲੋਂ ਸਾਹਿਬ ਨੇ ਸਾਰੀ ਵਿਥਾ ਗੁਰਦੀਪ ਸਿੰਘ ਜੀ ਨੂੰ ਦੱਸੀ ਜੋ ਸੁਣਕੇ ਉਹ ਬਹੁਤ ਗੁੱਸੇ ਵੀ ਹੋਏ ਕਿਉਂਕਿ ਉਹਨਾਂ ਨੇ ਸੰਦੀਪ ਗੋਗੀ ਦੇ ਨਾਂ ਤੇ ਸਟੂਡੀਓ ਟਾਇਮ ਲਿਆ ਹੋਇਆ ਸੀ । ਬੈਠੇ ਬੈਠੇ ਉਹਨਾਂ ਨੇ ਭਗਵੰਤ ਵੱਲ ਇਸ਼ਾਰਾ ਕਰਕੇ ਕਿਹਾ ਕਿ ਇਹ ਮੁੰਡਾ ਨਹੀਂ ਗਾ ਸਕਦਾ ਇਹ ਵਾਲਾ ਗੀਤ ।

ਭਗਵੰਤ ਨੇ ਕਿਹਾ ਹਾਂ ਜੀ ਮੈਂ ਵੀ ਗਾਉਂਦਾਹਾਂ ਸਟੇਜਾਂ ਤੇ ।

ਭਗਵੰਤ ਮਾਨ ਦੀ ਗੱਲ ਸੁਣਦੇ ਹੀ ਗੁਰਦੀਪ ਜੀ ਨੇ ਚੁੱਟਕੀ ਮਾਰੀ ਤੇ ਕਿਹਾ 'ਚਲੋ ਉਹਨੂੰ ਖੇਡਣ ਦਿਉ ਕ੍ਰਿਕੇਟ ਆਪਾਂ ਏਸ ਮੁੰਡੇ ਦੀ ਰਿਕਾਰਡਿੰਗ ਕਰਦੇ ਆ' ਕੁੱਝ ਸਮੇਂ ਬਾਅਦ ਹੀ ਭਗਵੰਤ ਮਾਨ ਨੇ ਸਟੂਡੀਓ ਵਿੱਚ ਜਾ ਕੇ ਆਪਣਾ ਗੀਤ



**ਪੇਠਿਆਂ ਦੇ ਮਾਲਕੋ**

ਰਿਕਾਰਡ ਕਰਵਾ ਦਿੱਤਾ ।

ਸੋਮਵਾਰ ਸ਼ਾਮ ਨੂੰ ਇਹ ਗੀਤ ਜਲੰਧਰ ਦੂਰਦਰਸ਼ਨ ਦੇ ਪ੍ਰੋਗਰਾਮ ÷ਇੱਕ ਲੱਪ ਸੁਰਮੇ ਦੀ÷ ਵਿੱਚ ਪ੍ਰਸਾਰਿਤ ਹੋਇਆ ਅਤੇ ਭਗਵੰਤ ਮਾਨ ਰਾਤੋ ਰਾਤ ਸਟਾਰ ਹੀ ਨਹੀਂ ਬਲਕਿ ਦਿਨਾਂ ਵਿੱਚ ਹੀ ਸੁਪਰ ਸਟਾਰ/ਕਾਮੇਡੀ ਕਿੰਗ ਬਣ ਗਿਆ ॥

ਭਗਵੰਤ ਮਾਨ ਨੇ ਆਪਣੇ ਸਾਹਮਣੇ ਸਾਬਿਤ ਕਰ ਦਿੱਤਾ ਕਿ ਬੰਦੇ ਅੰਦਰ ਲਗਨ, ਕੁੱਝ ਬਣਨ ਦਾ ਜਨੂੰਨ ਹੋਵੇ, ਉਹ ਸਭ ਕੁੱਝ ਹਾਸਿਲ ਕਰ ਸਕਦਾ ਹੈ ॥

# ਸਿਆਸੀ ਸਫ਼ਲਤਾ ਅਤੇ ਅਸਫ਼ਲਤਾ ਦੇ ਪਾਸਾਰ

**ਰਾਮਚੰਦਰ ਗੁਹਾ**



ਹਰੇਕ ਚੁਣਾਵੀ ਮੁਕਾਬਲਾ ਜਿੱਤਣ ਤੇ ਹਾਰਨ ਵਾਲਿਆਂ ਦੀ ਗਾਥਾ ਹੁੰਦੀ ਹੈ। ਹਾਲ ਹੀ ਵਿਚ ਹੋਈਆਂ ਵਿਧਾਨ ਸਭਾਈ ਚੋਣਾਂ ਦੇ ਨਤੀਜਿਆਂ ਬਾਰੇ ਚੱਲ ਰਹੀ ਕੁਮੈਂਟਰੀ ਵਿਚ ਵੱਡੇ ਜੇਤੂਆਂ ਦੀ ਚਰਚਾ ਭਾਰੂ ਹੁੰਦੀ ਹੈ, ਪਰ ਮੇਰੇ ਇਸ ਲੇਖ ਦਾ ਕੇਂਦਰ ਹਾਰਨ ਵਾਲੀ ਵੱਡੀ ਧਿਰ 'ਤੇ ਰਹੇਗਾ। ਉੱਤਰ ਪ੍ਰਦੇਸ਼ ਵਿਚ ਯੋਗੀ ਆਦਿੱਤਿਆਨਾਥ ਦੀ ਅਗਵਾਈ ਵਿਚ ਭਾਰਤੀ ਜਨਤਾ ਪਾਰਟੀ ਦੂਜੀ ਵਾਰ ਆਸਾਨੀ ਨਾਲ ਸੱਤਾ ਵਿਚ ਆ ਗਈ ਹੈ ਅਤੇ ਪੰਜਾਬ ਵਿਚ ਆਮ ਆਦਮੀ ਪਾਰਟੀ ਨੇ ਸ਼ਾਨਦਾਰ ਜਿੱਤ ਦਰਜ ਕੀਤੀ ਹੈ ਜਦੋਂਕਿ ਕਾਂਗਰਸ ਪਾਰਟੀ ਇਸ ਵਾਰ ਚਾਰੋਂ ਖਾਨੇ ਚਿੱਤ ਹੋ ਗਈ ਹੈ ਤੇ ਸ਼ਾਇਦ ਇਹ ਅਜਿਹੇ ਮੁਕਾਮ 'ਤੇ ਪਹੁੰਚ ਗਈ ਹੈ ਜਿੱਥੋਂ ਇਸ ਦਾ ਮੁੜ ਉਭਾਰ ਹੋਣਾ ਅਸੰਭਵ ਹੋ ਗਿਆ ਹੈ।

ਸਭ ਤੋਂ ਪਹਿਲਾਂ ਭਾਰਤ ਦੇ ਸਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ 'ਤੇ ਝਾਤ ਪਾਉਂਦੇਹਾਂ ਜਿੱਥੋਂ ਲੋਕ ਸਭਾ ਵਿਚ 80 ਸੰਸਦ ਮੈਂਬਰ ਚੁਣ ਕੇ ਜਾਂਦੇ ਹਨ। ਬਸਤੀਵਾਦੀ ਦੌਰ ਵਿਚ ਇਹ ਸੂਬਾ ਕਾਂਗਰਸ ਦੀ ਅਗਵਾਈ ਹੇਠ ਚੱਲੇ ਆਜ਼ਾਦੀ ਅੰਦੋਲਨ ਦਾ ਧੁਰਾ ਹੁੰਦਾ ਸੀ। ਆਜ਼ਾਦੀ ਤੋਂ ਬਾਅਦ ਦੇਸ਼ ਦਾ ਪਹਿਲਾ ਪ੍ਰਧਾਨ ਮੰਤਰੀ ਇਸੇ ਸੂਬੇ ਤੋਂ ਮਿਲਿਆ। ਉਂਝ, 1960ਵਿਆਂ ਦੇ ਅਖੀਰਲੇ ਸਾਲਾਂ ਤੋਂ ਉੱਤਰ ਪ੍ਰਦੇਸ਼ ਦੀ ਸਿਆਸਤ ਉਪਰ ਕਾਂਗਰਸ ਦੀ ਪਕੜ ਢਿੱਲੀ ਪੈਣੀ ਸ਼ੁਰੂ ਹੋ ਗਈ ਅਤੇ 1980 ਤੋਂ ਬਾਅਦ ਤਾਂ ਇਸ ਸੂਬੇ ਦੇ ਸਿਆਸੀ ਮੈਦਾਨ 'ਚ ਇਸ ਦੀ ਹੈਸੀਅਤ ਨਾ ਹੋਇਆਂ ਵਰਗੀ ਬਣ ਕੇ ਰਹਿ ਗਈ।

ਇਸ ਵਾਰ ਸਿਆਸੀ ਮੈਦਾਨ ਵਿਚ ਕੁੱਦਣ ਵਾਲੀ ਨਹਿਰੂ ਗਾਂਧੀ ਖ਼ਾਨਦਾਨ ਦੀ ਸੱਜਰੀ ਫ਼ਰੀਕ ਸੀ ਪ੍ਰਿਯੰਕਾ ਗਾਂਧੀ ਜਿਸ ਨੇ ਉੱਤਰ ਪ੍ਰਦੇਸ਼ ਅੰਦਰ ਪਾਰਟੀ ਅੰਦਰ ਨਵੀਂ ਰੂਹ ਫੂਕਣ ਦਾ ਜ਼ਿੰਮਾ ਆਪਣੇ ਮੋਢਿਆਂ 'ਤੇ ਚੁੱਕਿਆ ਸੀ। ਹਾਲਾਂਕਿ ਉਸ ਨੇ ਆਪਣੀ ਰਿਹਾਇਸ਼ ਦਿੱਲੀ ਤੋਂ ਲਖਨਊ ਤਬਦੀਲ ਕਰਨ ਤੋਂ ਮਨ੍ਹਾਂ ਕਰ ਦਿੱਤਾ ਅਤੇ ਖ਼ੁਦ ਕੋਈ ਵਿਧਾਨ ਸਭਾ ਸੀਟ ਤੋਂ ਲੜਨ ਤੋਂ ਵੀ ਨਾਂਹ ਕਰ ਦਿੱਤੀ, ਪਰ ਪ੍ਰਿਯੰਕਾ ਸਮੇਂ ਸਮੇਂ ਸੂਬੇ ਦੇ ਦੌਰੇ 'ਤੇ ਆਉਂਦੀਰਹੀ। ਜਦੋਂ ਵੀ ਕਦੇ ਉਸ ਦਾ ਦੌਰਾ ਹੁੰਦਾ ਤਾਂ ਮੀਡੀਆ (ਤੇ ਸੋਸ਼ਲ ਮੀਡੀਆ ਵੀ) ਦਾ ਇਕ ਤਬਕਾ ਪੱਬਾਂ ਭਾਰ ਹੋ ਜਾਂਦਾ ਸੀ ਜੋ ਅਜੇ ਵੀ ਨਹਿਰੂ-ਗਾਂਧੀ ਖ਼ਾਨਦਾਨ ਨੂੰ ਇੰਗਲੈਂਡ ਦੇ ਸ਼ਾਹੀ ਪਰਿਵਾਰ ਦੇ ਭਾਰਤੀ ਰੂਪ ਦੀ ਨਜ਼ਰ ਨਾਲ ਵੇਖਦਾ ਹੈ। ਹਰੇਕ ਦੌਰੇ, ਹਰੇਕ ਪ੍ਰੈਸ ਕਾਨਫਰੰਸ, ਹਰੇਕ ਐਲਾਨ ਨੂੰ ਇਸ ਖ਼ਾਨਦਾਨ ਦੇ ਪੂਜਕਾਂ ਵੱਲੋਂ ਉੱਤਰ ਪ੍ਰਦੇਸ਼ ਵਿਚ ਪਾਰਟੀ ਦੀ ਚੁਣਾਵੀ ਸੁਰਜੀਤੀ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਜਾਂਦਾ ਸੀ। ਆਖ਼ਰਕਾਰ ਪ੍ਰਿਯੰਕਾ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਨੂੰ 2 ਫ਼ੀਸਦ ਤੋਂ ਘੱਟ ਵੋਟਾਂ ਮਿਲੀਆਂ ਅਤੇ ਸੀਟਾਂ ਦੀ ਗਿਣਤੀ ਤਾਂ ਪਿਛਲੀ ਵਿਧਾਨ ਸਭਾ ਵੇਲੇ ਮਿਲੀਆਂ ਸੀਟਾਂ ਤੋਂ ਵੀ ਘੱਟ ਹੈ।

ਉੱਤਰ ਪ੍ਰਦੇਸ਼ ਵਿਚ ਭਾਵੇਂ ਪ੍ਰਿਯੰਕਾ ਗਾਂਧੀ ਦੀਆਂ ਕੋਸ਼ਿਸ਼ਾਂ ਦਾ ਕੋਈ ਅਸਰ ਨਾ ਹੋਇਆ ਹੋਵੇ, ਪਰ ਉਸ ਨੂੰ ਕੁਝ ਨੰਬਰ ਤਾਂ ਦੇਣੇ ਬਣਦੇ ਹਨ। ਪੰਜਾਬ ਜਿੱਥੇ ਕਾਂਗਰਸ ਪਾਰਟੀ ਸੱਤਾ ਵਿਚ ਸੀ, ਉੱਥੇ ਉਸ ਦੇ ਭਰਾ ਰਾਹੁਲ ਗਾਂਧੀ ਨੇ ਚੋਣਾਂ ਤੋਂ ਚਾਰ ਕੁ ਮਹੀਨੇ ਪਹਿਲਾਂ ਮੁੱਖ ਮੰਤਰੀ ਨੂੰ ਅਹੁਦੇ ਤੋਂ ਹਟਾ ਕੇ ਆਪਣੀ ਪਾਰਟੀ ਦੇ ਚੋਣਾਂ ਜਿੱਤਣ ਦੇ ਆਸਾਰ ਆਪ ਹੀ ਗੁਆ ਲਏ। ਹਾਲਾਂਕਿ ਅਮਰਿੰਦਰ ਸਿੰਘ ਆਪਣੀ ਹੀ ਪਾਰਟੀ ਦੇ ਕੁਝ ਵਿਧਾਇਕਾਂ ਵਿਚ ਲੋਕਪ੍ਰਿਯ ਨਹੀਂ ਸਨ, ਪਰ ਉਸ ਨੇ ਕਿਸਾਨ ਅੰਦੋਲਨ ਦੇ ਪੱਖ ਵਿਚ ਮਜ਼ਬੂਤ ਸਟੈਂਡ ਲਿਆ ਸੀ। ਇਕ ਸਾਲ ਪਹਿਲਾਂ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਜਿੱਤਣ ਦੇ ਆਸਾਰ ਇਕੋ ਜਿਹੇ ਸਨ, ਪਰ ਫਿਰ ਅਮਰਿੰਦਰ ਸਿੰਘ ਨੂੰ ਹਟਾਉਣ ਤੋਂ ਬਾਅਦ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾ ਦਿੱਤਾ ਜਿਸ ਬਾਰੇ ਬਹੁਤੇ ਲੋਕ ਜਾਣਦੇ ਵੀ ਨਹੀਂ ਸਨ। ਫਿਰ ਸਿੰਗੀਂ ਮਿੱਟੀ ਚੁੱਕੀਂ ਫਿਰਦੇ ਨਵਜੋਤ ਸਿੰਘ ਸਿੱਧੂ ਵੱਲੋਂ ਥਾਂ ਥਾਂ 'ਤੇ ਚੰਨੀ ਨੂੰ ਨੀਵਾਂ ਦਿਖਾਉਣ ਦੇ ਯਤਨ ਕੀਤੇ ਗਏ ਜਿਸ ਨਾਲ ਪਾਰਟੀ ਦਾ ਢਾਂਚਾ ਪਾਟੋਧਾੜ ਹੋ ਕੇ ਰਹਿ ਗਿਆ। ਇੰਝ ਪੰਜਾਬ ਦੇ ਚੋਣ ਮੈਦਾਨ ਵਿਚ ਕਾਂਗਰਸ, ਆਮ ਆਦਮੀ ਪਾਰਟੀ ਹੱਥੋਂ ਚਿੱਤ ਹੋ ਗਈ।

ਅੱਗੋਂ ਗੋਆ ਤੇ ਉੱਤਰਾਖੰਡ 'ਤੇ ਝਾਤ ਮਾਰਦੇ ਹਾਂ ਜਿੱਥੇ ਭਾਰਤੀ ਜਨਤਾ ਪਾਰਟੀ ਦੀ ਸੱਤਾ ਸੀ, ਪਰ ਦੋਵੇਂ ਸੂਬਿਆਂ ਵਿਚ ਇਸ ਦੀਆਂ ਸਰਕਾਰਾਂ ਖ਼ੁਨਾਮੀ ਖੱਟ ਰਹੀਆਂ ਸਨ ਤੇ ਲੋਕ ਇਨ੍ਹਾਂ ਨੂੰ ਭ੍ਰਿਸ਼ਟ ਅਤੇ ਅਸੰਵੇਦਨਸ਼ੀਲ ਗਿਣਦੇ ਸਨ। ਉੱਤਰਾਖੰਡ ਵਿਚ ਲੋਕਾਂ ਦਾ ਰੋਹ ਮੱਠਾ ਕਰਨ ਦੇ ਮਕਸਦ ਨਾਲ ਭਾਜਪਾ ਨੇ ਦੋ ਵਾਰ ਮੁੱਖ ਮੰਤਰੀ ਬਦਲ ਦਿੱਤੇ ਸਨ। ਦੋਵੇਂ ਸੂਬਿਆਂ ਵਿਚ ਕਾਂਗਰਸ ਮੁੱਖ ਵਿਰੋਧੀ ਪਾਰਟੀ ਸੀ, ਪਰ ਫਿਰ ਵੀ ਇਹ ਸੱਤਾ ਹਾਸਲ ਕਰਨ ਲਈ ਆਪਣਾ ਦਾਅਵਾ ਮਜ਼ਬੂਤੀ ਨਾਲ ਪੇਸ਼ ਨਹੀਂ ਕਰ ਸਕੀ। ਅਖੀਰੀ, ਮਨੀਪੁਰ ਵਿਚ ਵੀ ਕਾਂਗਰਸ ਕੋਈ ਅਸਰ ਨਹੀਂ ਛੱਡ ਸਕੀ ਹਾਲਾਂਕਿ ਕਿਸੇ ਵੇਲੇ ਉੱਥੇ ਸ਼ਾਸਨ ਕਰਨ ਵਾਲੀ ਸੁਭਾਵਿਕ ਪਾਰਟੀ ਗਿਣੀ ਜਾਂਦੀ ਰਹੀ ਹੈ, ਪਰ ਇਸ ਵਾਰ ਦੀਆਂ ਚੋਣਾਂ ਵਿਚ ਇਸ ਦੀਆਂ ਸੀਟਾਂ ਦੀ ਗਿਣਤੀ ਪਿਛਲੀ ਵਾਰ ਨਾਲੋਂ ਵੀ ਕਾਫ਼ੀ ਘਟ ਗਈ ਹੈ।

ਵਿਧਾਨ ਸਭਾ ਚੋਣਾਂ ਦੇ ਇਸ ਸੱਜਰੇ ਗੇੜ ਤੋਂ ਇਸ ਗੱਲ ਦੀ ਇਕ ਵਾਰ ਫਿਰ ਪੁਸ਼ਟੀ ਹੋਈ ਹੈ ਜਿਵੇਂ ਕਿ ਸਾਡੇ 'ਚੋਂ ਕੁਝ ਲੋਕ ਕਾਫ਼ੀ ਲੰਬੇ ਸਮੇਂ ਤੋਂ ਇਹ ਜਾਣਦੇ ਸਨ ਕਿ ਕਾਂਗਰਸ ਘੱਟੋਘੱਟ ਆਪਣੀ ਮੌਜੂਦਾ ਲੀਡਰਸ਼ਿਪ ਦੇ ਰਹਿੰਦਿਆਂ ਕੌਮੀ ਰਾਜਨੀਤੀ ਵਿਚ ਨਵੇਂ ਸਿਰਿਓਂ ਮੁੜ ਉੱਭਰਨ ਦੇ ਯੋਗ ਨਹੀਂ ਰਹੀ। 2019 ਦੀਆਂ ਲੋਕ ਸਭਾ ਚੋਣਾਂ ਵਿਚ ਪਾਰਟੀ ਦੀ ਸ਼ਰਮਨਾਕ ਹਾਰ ਤੋਂ ਬਾਅਦ ਰਾਹੁਲ ਗਾਂਧੀ ਨੇ ਕਾਂਗਰਸ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਸ ਤੋਂ ਬਾਅਦ ਉਨ੍ਹਾਂ ਦੀ ਮਾਂ ਸੋਨੀਆ ਗਾਂਧੀ ਪਾਰਟੀ ਦੀ ਅੰਤਰਿਮ ਪ੍ਰਧਾਨ ਬਣ ਗਏ ਸਨ। ਹੁਣ ਤਕਰੀਬਨ ਢਾਈ ਸਾਲ ਲੰਘਣ ਦੇ ਬਾਵਜੂਦ ਪਾਰਟੀ ਨੇ ਅਜੇ ਤੱਕ ਉਨ੍ਹਾਂ ਦੇ ਵਾਰਸ ਦੀ ਚੋਣ ਕਰਨ ਲਈ ਕੋਈ ਕਦਮ ਨਹੀਂ ਉਠਾਇਆ। ਸੱਚਾਈ ਇਹ ਹੈ ਕਿ ਪਾਰਟੀ ਪਰਿਵਾਰ ਦੇ ਕੰਟਰੋਲ ਵਿਚ ਆ ਚੁੱਕੀ ਹੈ ਜਿਸ ਕਰਕੇ ਇਹੋ ਜਿਹੇ ਸਿੱਟੇ ਸਾਹਮਣੇ ਆ ਰਹੇ ਹਨ। 2019 ਵਿਚ ਕਾਂਗਰਸ ਕੋਲ ਆਪਣੇ ਆਪ ਨੂੰ ਮੁੜ ਖੜ੍ਹੇ ਕਰਨ ਦਾ ਇਕ ਮੌਕਾ ਸੀ ਜੋ ਇਸ ਨੇ ਗੁਆ ਲਿਆ। ਹੁਣ ਇਹ ਕੀ ਕਰ ਸਕਦੀ ਹੈ? ਮੇਰਾ ਮੰਨਣਾ ਹੈ ਕਿ ਪਾਰਟੀ ਦੇ ਭਲੇ ਅਤੇ ਭਾਰਤੀ ਲੋਕਤੰਤਰ ਦੇ ਹਿੱਤ ਲਈ ਗਾਂਧੀ ਪਰਿਵਾਰ ਨੂੰ ਨਾ ਕੇਵਲ ਪਾਰਟੀ ਦੀ ਲੀਡਰਸ਼ਿਪ ਸਗੋਂ ਸਿਆਸਤ ਤੋਂ ਹੀ ਲਾਂਭੇ ਹੋ ਜਾਣਾ ਚਾਹੀਦਾ ਹੈ। ਗੱਲ ਸਿਰਫ਼ ਇੰਨੀ ਨਹੀਂ ਕਿ ਰਾਹੁਲ ਅਤੇ ਪ੍ਰਿਯੰਕਾ ਗਾਂਧੀ ਨੇ ਦਰਸਾ ਦਿੱਤਾ ਹੈ ਕਿ ਉਹ ਸੂਬਾਈ ਅਤੇ ਕੌਮੀ ਸਿਆਸਤ ਵਿਚ ਪਾਰਟੀ ਨੂੰ ਮੁਕਾਬਲੇ ਦੀ ਧਿਰ ਬਣਾਉਣ ਦੇ ਯੋਗ ਨਹੀਂ ਹਨ ਸਗੋਂ ਇਹ ਵੀ ਹੈ ਕਿ ਕਾਂਗਰਸ ਵਿਚ ਉਨ੍ਹਾਂ ਦੀ ਮੌਜੂਦਗੀ ਮਾਤਰ ਨਾਲ ਹੀ ਨਰਿੰਦਰ ਮੋਦੀ ਅਤੇ ਭਾਜਪਾ ਨੂੰ ਬੀਤੇ ਦੀਆਂ ਕਹਾਣੀਆਂ ਪਾ ਕੇ ਵਰਤਮਾਨ ਵਿਚ ਆਪਣੀ ਸਰਕਾਰ ਦੀਆਂ ਨਾਕਾਮੀਆਂ ਛੁਪਾਉਣ ਦਾ ਚੰਗਾ ਮੌਕਾ ਮਿਲ ਜਾਂਦਾ ਹੈ। ਇਉਂ ਹੀ ਰੱਖਿਆ ਸੌਦਿਆਂ ਵਿਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੇ ਜਵਾਬ ਵਜੋਂ ਰਾਜੀਵ ਗਾਂਧੀ ਤੇ ਬੋਫੋਰਸ ਦਾ ਹਵਾਲਾ ਦਿੱਤਾ ਜਾਂਦਾ ਹੈ; ਮੀਡੀਆ ਨੂੰ ਕਾਬੂ ਕੀਤੇ ਜਾਣ ਅਤੇ ਕਾਰਕੁਨਾਂ ਨੂੰ ਜੇਲ੍ਹਾਂ ਵਿਚ ਸੁੱਟਣ ਦੇ ਦੋਸ਼ਾਂ ਦੇ ਜਵਾਬ ਵਿਚ ਇੰਦਰਾ ਗਾਂਧੀ ਅਤੇ ਐਮਰਜੈਂਸੀ ਦੀਆਂ ਮਿਸਾਲਾਂ ਦਿੱਤੀਆਂ ਜਾਂਦੀਆਂ ਹਨ; ਚੀਨ ਦੀ ਫ਼ੌਜ ਸਾਹਵੇਂ ਭਾਰਤੀ ਦੀ ਧਰਤੀ ਤੇ ਜਵਾਨ ਗੁਆਉਣ ਦਾ ਮਾਮਲਾ ਉੱਠਦਾ ਹੈ ਤਾਂ ਉਹ ਜਵਾਹਰਲਾਲ ਨਹਿਰੂ ਅਤੇ 1962 ਦੀ ਜੰਗ ਦਾ ਕਿੱਸਾ ਛੇੜ ਲੈਂਦੇ ਹਨ ਤੇ ਇੰਝ ਹੀ ਹੋਰ ਬਹੁਤ ਕੁਝ ਚਲਦਾ ਰਹਿੰਦਾ ਹੈ। ਆਪਣੇ ਅੱਠ ਸਾਲਾਂ ਦੇ ਕਾਰਜਕਾਲ ਵਿਚ ਮੋਦੀ ਸਰਕਾਰ ਨੇ ਬਹੁਤ ਸਾਰੇ ਦਮਗਜ਼ੇ ਮਾਰੇ ਸਨ ਅਤੇ ਕਈ ਵਾਅਦੇ ਕੀਤੇ ਸਨ, ਪਰ ਜਦੋਂ ਬੇਲਾਗ ਢੰਗ ਨਾਲ ਇਸ ਦੇ ਰਿਕਾਰਡ ਦੀ ਨਿਰਖ ਪਰਖ ਕੀਤੀ ਜਾਵੇ ਤਾਂ ਇਸ ਦੀ ਕਾਰਗੁਜ਼ਾਰੀ ਕਾਫ਼ੀ ਨੀਵੇਂ ਪੱਧਰ ਦੀ ਰਹੀ ਹੈ। ਇਸ ਦੇ ਕਾਰਜਕਾਲ ਦੌਰਾਨ ਵਿਕਾਸ ਦਰ ਵਿਚ ਕਮੀ ਆਈ ਹੈ (ਜੋ ਮਹਾਮਾਰੀ ਦੀ ਆਮਦ ਤੋਂ ਪਹਿਲਾਂ ਹੀ ਦਿਸਣ ਲੱਗ ਪਈ ਸੀ) ਅਤੇ ਬੇਰੁਜ਼ਗਾਰੀ ਵਿਚ ਭਾਰੀ ਵਾਧਾ ਹੋਇਆ ਹੈ, ਇਸ ਨੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਇਕ ਦੂਜੇ ਦੇ ਵਿਰੋਧ ਵਿਚ ਖੜ੍ਹਾ ਕਰ ਦਿੱਤਾ ਹੈ, ਇਸ ਨੇ ਆਂਢ-ਗੁਆਂਢ ਦੇ ਮੁਲਕਾਂ ਅਤੇ ਬਾਕੀ ਦੁਨੀਆ ਵਿਚ ਸਾਡੇ ਦੇਸ਼ ਦਾ ਦਰਜਾ ਘਟਾ ਦਿੱਤਾ ਹੈ; ਇਸ ਨੇ ਸਾਡੀਆਂ ਸਭ ਤੋਂ ਮਾਣਮੱਤੀਆਂ ਸੰਸਥਾਵਾਂ ਨੂੰ ਭ੍ਰਿਸ਼ਟ ਬਣਾ ਦਿੱਤਾ ਤੇ ਇਨ੍ਹਾਂ ਨੂੰ ਖੋਰਾ ਲਾ ਦਿੱਤਾ ਹੈ; ਇਸ ਨੇ ਸਾਡੇ ਕੁਦਰਤੀ ਸਰੋਤਾਂ ਦਾ ਮਲੀਆਮੇਟ ਕਰ ਦਿੱਤਾ ਹੈ। ਕੁੱਲ ਮਿਲਾ ਕੇ ਮੋਦੀ ਸਰਕਾਰ ਦੀਆਂ ਕਾਰਵਾਈਆਂ ਨੇ ਭਾਰਤ ਨੂੰ ਆਰਥਿਕ, ਸਮਾਜਿਕ, ਸੰਸਥਾਗਤ, ਕੌਮਾਂਤਰੀ, ਵਾਤਾਰਵਨ ਤੇ ਨੈਤਿਕ ਪੱਖਾਂ ਤੋਂ ਨੁਕਸਾਨ ਪਹੁੰਚਾਇਆ ਹੈ।

ਇਨ੍ਹਾਂ ਸਾਰੀਆਂ ਨਾਕਾਮੀਆਂ ਦੇ ਹੁੰਦੇ ਸੁੰਦੇ ਜੇ ਨਰਿੰਦਰ ਮੋਦੀ ਅਤੇ ਭਾਜਪਾ 2024 ਦੀਆਂ ਆਮ ਚੋਣਾਂ ਜਿੱਤਣ ਲਈ ਇਕਮਾਤਰ ਧਿਰ ਬਣੇ ਹੋਏ ਹਨ ਤਾਂ ਇਸ ਦਾ ਬੁਨਿਆਦੀ ਕਾਰਨ ਇਹ ਹੈ ਕਿ ਇਸ ਦੇ ਸਾਹਮਣੇ ਅਜੇ ਤਾਈਂ ਨਹਿਰੂ ਗਾਂਧੀ ਪਰਿਵਾਰ ਦੀ ਅਗਵਾਈ ਹੇਠਲੀ ਕਾਂਗਰਸ ਦੇ ਰੂਪ ਵਿਚ ਕੌਮੀ ਤੌਰ 'ਤੇ ਮੁੱਖ ਵਿਰੋਧੀ ਧਿਰ ਮੌਜੂਦ ਹੈ। ਤ੍ਰਿਣਮੂਲ ਕਾਂਗਰਸ, ਬੀਜੂ ਜਨਤਾ ਦਲ, ਵਾਈਐੱਸਆਰ ਕਾਂਗਰਸ, ਟੀਆਰਐੱਸ, ਡੀਐੱਮਕੇ, ਸੀਪੀਆਈ-ਐੱਮ ਅਤੇ ਆਮ ਆਦਮੀ ਪਾਰਟੀ ਜਿਹੀਆਂ ਪਾਰਟੀਆਂ ਆਪੋ-ਆਪਣੇ ਖੇਤਰਾਂ ਵਿਚ ਭਾਜਪਾ ਨੂੰ ਚੁਣਾਵੀ ਟੱਕਰ ਦੇਣ ਦਾ ਦਮ ਰੱਖਦੀਆਂ ਹਨ। ਦਰਅਸਲ, ਕਾਂਗਰਸ ਇਹ ਕੰਮ ਨਹੀਂ ਕਰ ਸਕਦੀ ਜਿਵੇਂ ਕਿ ਗੋਆ, ਮਨੀਪੁਰ ਅਤੇ ਉੱਤਰਾਖੰਡ ਦੇ ਚੋਣ ਨਤੀਜਿਆਂ ਤੋਂ ਇਕ ਵਾਰ ਫਿਰ ਸਾਬਿਤ ਹੋ ਗਿਆ ਹੈ। ਨਹਿਰੂ ਗਾਂਧੀ ਪਰਿਵਾਰ ਦੀ ਕਮਾਂਡ ਹੇਠ ਕਾਂਗਰਸ ਦੀਆਂ ਕਮਜ਼ੋਰੀਆਂ ਖ਼ਾਸ ਤੌਰ 'ਤੇ ਆਮ ਚੋਣਾਂ ਵਿਚ ਉਜਾਗਰ ਹੁੰਦੀਆਂ ਹਨ। ਮਿਸਾਲ ਦੇ ਤੌਰ 'ਤੇ 2019 ਦੀਆਂ ਚੋਣਾਂ ਵਿਚ 191 ਸੀਟਾਂ 'ਤੇ ਕਾਂਗਰਸ ਤੇ ਭਾਜਪਾ ਵਿਚਾਲੇ ਸਿੱਧਾ ਮੁਕਾਬਲਾ ਸੀ ਜਿਨ੍ਹਾਂ 'ਚੋਂ ਕਾਂਗਰਸ ਨੇ ਸਿਰਫ਼ 16 ਸੀਟਾਂ ਜਿੱਤੀਆਂ ਸਨ। ਰਾਹੁਲ ਗਾਂਧੀ ਦੇ ਪ੍ਰਧਾਨ ਮੰਤਰੀ ਦੇ ਤੌਰ 'ਤੇ ਆਪਣੇ ਆਪ ਨੂੰ ਨਰਿੰਦਰ ਮੋਦੀ ਦੇ ਬਦਲ ਵਜੋਂ ਪੇਸ਼ ਕਰਨ 'ਤੇ ਕਾਂਗਰਸ ਦੀ ਜੇਤੂ ਦਰ 8 ਫ਼ੀਸਦ ਤੋਂ ਵੀ ਘੱਟ ਸੀ।

ਜਿੱਥੋਂ ਤੱਕ ਭਾਜਪਾ ਦਾ ਸਬੰਧ ਹੈ, ਗਾਂਧੀ ਪਰਿਵਾਰ ਉਸ ਲਈ ਵਾਰ ਵਾਰ ਲਾਹੇਵੰਦ ਸਿੱਧ ਹੋ ਰਿਹਾ ਹੈ। ਇਕ ਪਾਸੇ ਉਨ੍ਹਾਂ ਦੇ ਭਾਜਪਾ ਲਈ ਕੋਈ ਕਾਰਗਰ ਚੁਣੌਤੀ ਬਣ ਕੇ ਉੱਭਰਨ ਦੇ ਦੂਰ ਦੂਰ ਤੱਕ ਆਸਾਰ ਨਹੀਂ ਹਨ ਅਤੇ ਦੂਜੇ ਪਾਸੇ ਗਾਂਧੀ ਭਾਜਪਾ ਨੂੰ ਵਰਤਮਾਨ ਦੀ ਥਾਂ ਅਤੀਤ ਦੇ ਦ੍ਰਿਸ਼ਟਾਂਤ ਪੇਸ਼ ਕਰ ਕੇ ਕੌਮੀ ਰਾਜਨੀਤੀ ਦੀਆਂ ਸ਼ਰਤਾਂ ਤੈਅ ਕਰਨ ਦੀ ਖੁੱਲ੍ਹ ਦਿੰਦੇ ਆ ਰਹੇ ਹਨ ਤੇ ਹੌਸਲੇ ਦੇ ਰਹੇ ਹਨ। ਭਾਰਤ ਹੁਣ ਪਹਿਲਾਂ ਦੇ ਮੁਕਾਬਲੇ ਕਿਤੇ ਘੱਟ ਸਾਮੰਤੀ ਰਹਿ ਗਿਆ ਹੈ, ਤਦ ਭਾਰਤ ਦੀ ਸਭ ਤੋਂ ਗਾਥਾਮਈ ਪਾਰਟੀ ਦੀ ਕਮਾਂਡ ਪੰਜਵੀਂ ਪੀੜ੍ਹੀ ਦੇ ਵੰਸ਼ਵਾਦੀਆਂ ਦੇ ਹੱਥਾਂ ਵਿਚ ਸੌਂਪਣਾ ਵਾਕਈ ਇਕ ਸਮੱਸਿਆ ਹੈ। ਜਦੋਂ ਸਿਆਸੀ ਸੂਝ-ਬੂਝ ਦੀ ਬਜਾਏ ਅਣਕਮਾਇਆ ਵਿਸ਼ੇਸ਼ਾਧਿਕਾਰ ਮਿਲ ਜਾਂਦਾ ਹੈ ਤਾਂ ਇਹ ਕਿਸੇ ਗੰਭੀਰ ਕਮਜ਼ੋਰੀ ਦੀ ਬਜਾਏ ਘਾਤਕ ਰੋਗ ਬਣ ਜਾਂਦਾ ਹੈ। ਗਾਂਧੀ ਲਾਣਾ ਆਪਣੇ ਚਮਚਿਆਂ ਵਿਚ ਘਿਰਿਆ ਰਹਿੰਦਾ ਹੈ ਤੇ ਇਸ ਨੂੰ ਰਤਾ ਸਮਝ ਨਹੀਂ ਹੈ ਕਿ ਇੱਕੀਵੀਂ ਸਦੀ ਦੇ ਭਾਰਤੀ ਅਸਲ ਵਿਚ ਕਿਵੇਂ ਸੋਚਦੇ ਹਨ। ਲੇਖਕ ਆਤਿਸ਼ ਤਾਸੀਰ ਨੇ ਬਹੁਤ ਤਿੱਖੇ ਢੰਗ ਨਾਲ ਰਾਹੁਲ ਗਾਂਧੀ ਦਾ ਖ਼ਾਕਾ ਵਾਹੁੰਦਿਆਂ ਉਸ ਨੂੰ ਇਕ ਅਜਿਹਾ ਸਾਧਾਰਨ ਬੁੱਧੀ ਸ਼ਖ਼ਸ ਕਰਾਰ ਦਿੱਤਾ ਸੀ ਜਿਸ ਨੂੰ ਸਿਖਾਉਣਾ ਨਾਮੁਮਕਿਨ ਹੁੰਦਾ ਹੈ, ਉਹ ਸਿਆਸਤ ਦੇ ਬਿਲਕੁਲ ਵੀ ਫਿੱਟ ਨਹੀਂ ਹੈ ਤੇ ਵਾਰ ਵਾਰ ਆਪਣੇ ਪਿਤਾ, ਦਾਦੀ ਅਤੇ ਨਾਨੇ ਦਾ ਜ਼ਿਕਰ ਕਰਦਾ ਰਹਿੰਦਾ ਹੈ।

ਪਤਾ ਨਹੀਂ ਕਿ ਉਹ ਜਾਣਦੇ ਹਨ ਜਾਂ ਨਹੀਂ ਜਾਂ ਕੋਈ ਸੂਝ ਹੈ ਵੀ ਜਾਂ ਨਹੀਂ ਕਿ ਗਾਂਧੀ ਪਰਿਵਾਰ ਹਿੰਦੂਤਵੀ ਸੱਤਾਵਾਦ ਦਾ ਸਰਗਰਮ ਤਾਬਿਆਦਾਰ ਬਣ ਚੁੱਕਿਆ ਹੈ। ਉਨ੍ਹਾਂ (ਗਾਂਧੀ ਲਾਣਾ) ਦੇ ਵਿਦਾ ਹੋਣ ਦੀ ਸੂਰਤ ਵਿਚ ਜੇ ਕਾਂਗਰਸ ਵਿਚ ਜਾਹ ਜਾਂਦੀਏ ਫੁੱਟ ਵੀ ਪੈ ਜਾਂਦੀ ਹੈ ਤਾਂ ਵੀ ਉਨ੍ਹਾਂ ਦੀ ਥਾਂ ਕੋਈ ਅਜਿਹਾ ਸ਼ਖ਼ਸ ਸਾਹਮਣੇ ਆ ਜਾਵੇਗਾ ਜਿਸ ਦੀ ਸਿਆਸੀ ਭਰੋਸੇਯੋਗਤਾ ਤਾਂ ਵਡੇਰੀ ਹੋਵੇਗੀ। ਤਦ ਸਾਡੇ ਵਰਗੇ ਹਿੰਦੂਤਵ ਦਾ ਵਿਰੋਧ ਕਰਨ ਵਾਲੇ ਬਹੁਤ ਸਾਰੇ ਲੋਕਾਂ ਨੂੰ ਸੋਚਣ, ਜੱਦੋਜਹਿਦ ਕਰਨ ਅਤੇ ਮੌਜੂਦਾ ਖ਼ੌਫ਼ਨਾਕ ਸਮਿਆਂ ਨਾਲੋਂ ਭਾਰਤ ਲਈ ਕੋਈ ਚੰਗੇਰਾ ਭਵਿੱਖ ਤਲਾਸ਼ਣ ਲਈ ਮੋਕਲੀ ਜਗ੍ਹਾ ਮੁਅੱਸਰ ਹੋ ਸਕੇਗੀ।

# ਕੈਨੇਡਾ 'ਚ ਪੰਜਾਬੀ ਪਰਵਾਰ 'ਤੇ ਲੱਗੇ ਨਸ਼ਾ ਤਸਕਰੀ ਦੇ ਦੋਸ਼

ਬਰੈਂਪਟਨ (ਪੰਜਾਬੀ ਅਖਬਾਰ ਬਿਊਰੋ)- ਕੈਨੇਡਾ ਵਿਚ ਪੰਜਾਬੀ ਮੁੰਡਿਆਂ ਵੱਲੋਂ ਗਲਤ ਕੰਮ ਕਰਨ ਦੇ ਕਿੱਸੇ ਅਕਸਰ ਪੜ੍ਹਨ-ਸੁਣਨ ਨੂੰ ਮਿਲ ਜਾਂਦੇ ਪਰ ਇਸ ਵਾਰ ਪੂਰੇ ਪਰਵਾਰ ਉਪਰ ਉਪਰ ਨਾਜਾਇਜ਼ ਹਥਿਆਰ ਅਤੇ ਨਸ਼ੇ ਰੱਖਣ ਦੇ ਦੋਸ਼ ਲੱਗ ਰਹੇ ਹਨ। ਉਨਟਾਰੀਓ ਸੂਬੇ ਦੇ ਪੀਲ ਰੀਜਨ ਦੀ ਪੁਲਿਸ ਨੇ ਦੱਸਿਆ ਕਿ ਬਰੈਂਪਟਨ ਦੇ 2 ਮਕਾਨਾਂ ਵਿਚ ਛਾਪੇਮਾਰੀ ਦੌਰਾਨ ਨਾਜਾਇਜ਼ ਹਥਿਆਰ ਅਤੇ ਅਫ਼ੀਮ-ਭੁੱਕੀ ਬਰਾਮਦ ਹੋਣ ਮਗਰੋਂ ਸੁਖਇੰਦਰ ਮਿਨਹਾਸ, ਬਲਵਿੰਦਰ ਕੌਰ ਮਿਨਹਾਸ, ਹਰਸਿਮਰਨ ਮਿਨਹਾਸ ਅਤੇ ਰਵੀਨਾ ਮਿਨਹਾਸ ਵਿਰੁੱਧ ਇਹ ਦੋਸ਼ ਆਇਦ ਕੀਤੇ ਗਏ। ਪੁਲਿਸ ਮੁਤਾਬਕ ਤਲਾਸ਼ੀ ਵਾਰੰਟਾਂ ਦੇ ਆਧਾਰ 'ਤੇ ਪਹਿਲਾ ਛਾਪਾ ਬਰੈਂਪਟਨ ਦੇ ਸੈਂਡਲਵੁੱਡ ਪਾਰਕ ਅਤੇ ਏਅਰਪੋਰਟ ਰੋਡ ਇਲਾਕੇ ਵਿਚ ਸਥਿਤ ਮਕਾਨ 'ਤੇ ਮਾਰਿਆ ਗਿਆ ਜਦਕਿ ਦੂਜਾ ਛਾਪਾ ਬਰੈਂਪਟਨ ਦੇ ਬਰੈਮਲੀ ਰੋਡ ਅਤੇ ਈਸਟ ਡਰਾਈਵ ਇਲਾਕੇ ਵਿਚ ਮਾਰਿਆ ਗਿਆ। ਛਾਪਿਆਂ ਦੌਰਾਨ ਪੀਲ ਰੀਜਨਲ ਪੁਲਿਸ ਵੱਲੋਂ ਨਾਜਾਇਜ਼ ਹਥਿਆਰਾਂ ਤੋਂ ਇਲਾਵਾ ਅਫ਼ੀਮ ਅਤੇ ਡੋਡੇ ਵੀ ਬਰਾਮਦ ਕੀਤੇ ਗਏ। ਬਰਾਮਦ ਚੀਜ਼ਾਂ ਵਿਚ ਇਕ ਸਮਿਥ ਐਂਡ ਵੈਸਨ 40 ਕੈਲੀਬਰ ਹੈਂਡਗੰਨ, ਗੋਲੀਆਂ, ਅਫ਼ੀਮ, ਡੋਡੇ, ਭੁੱਕੀ, ਇਕ ਬੁਲਟ ਪਰੂਫ਼ ਵੈਸਟ, ਇਕ



ਬੀ.ਬੀ. ਗੰਨ ਅਤੇ ਕੈਨੇਡੀਅਨ ਤੇ ਭਾਰਤੀ ਕਰੰਸੀ ਬਰਾਮਦ ਕੀਤੀ ਗਈ। ਇਸ ਬਰਾਮਦਗੀ ਦੇ ਆਧਾਰ 'ਤੇ 56 ਸਾਲ ਦੇ ਸੁਖਇੰਦਰ ਮਿਨਹਾਸ ਵਿਰੁੱਧ ਹਥਿਆਰ ਰੱਖਣ, ਪਾਬੰਦੀਸ਼ੁਦਾ ਚੀਜ਼ ਰੱਖਣ, ਗੋਲੀਆਂ ਤੋਂ ਖ਼ਾਲੀ ਹਥਿਆਰ ਰੱਖਣ, ਬਗੈਰ ਸੀਰੀਅਲ ਨੰਬਰ ਵਾਲਾ ਹਥਿਆਰ ਰੱਖਣ ਅਤੇ ਤਸਕਰੀ ਦੇ ਮਕਸਦ ਨਾਲ ਨਸ਼ੀਲੇ ਪਦਾਰਥ ਰੱਖਣ ਦੇ ਦੋਸ਼ ਆਇਦ ਕੀਤੇ ਗਏ ਹਨ। ਦੂਜੇ ਪਾਸੇ 59 ਸਾਲ ਦੀ ਬਲਵਿੰਦਰ ਕੌਰ ਮਿਨਹਾਸ ਵਿਰੁੱਧ ਹਥਿਆਰ ਰੱਖਣ, ਪਾਬੰਦੀਸ਼ੁਦਾ ਚੀਜ਼ ਰੱਖਣ, ਗੋਲੀਆਂ ਤੋਂ ਖ਼ਾਲੀ ਹਥਿਆਰ ਰੱਖਣ, ਬਗ਼ੈਰ ਸੀਰੀਅਲ ਨੰਬਰ ਵਾਲਾ ਹਥਿਆਰ ਰੱਖਣ ਅਤੇ ਪਾਬੰਦੀਸ਼ੁਦਾ ਨਸ਼ੀਲਾ ਪਦਾਰਥ ਰੱਖਣ ਦੇ ਦੋਸ਼ ਆਇਦ ਕੀਤੇ ਗਏ। 29 ਸਾਲ ਦੇ ਹਰਸਿਮਰਨ ਮਿਨਹਾਸ ਅਤੇ 33 ਸਾਲ ਦੀ ਰਵੀਨਾ ਮਿਨਹਾਸ ਵਿਰੁੱਧ ਵਿਰੁੱਧ ਹਥਿਆਰਾਂ ਨਾਲ ਸਬੰਧਤ ਦੋਸ਼ ਆਇਦ ਕੀਤੇ ਗਏ ਹਨ। ਗ੍ਰਿਫ਼ਤਾਰੀ ਮਗਰੋਂ ਚਾਰੇ ਜਣਿਆਂ ਨੂੰ ਬਰੈਂਪਟਨ ਸਥਿਤ ਉਨਟਾਰੀਓ ਕੋਰਟ ਆਫ਼ ਜਸਟਿਸ ਵਿਚ ਪੇਸ਼ ਕੀਤਾ ਗਿਆ। ਪੀਲ ਪੁਲਿਸ ਦੇ ਡਿਪਟੀ ਚੀਫ਼ ਮਾਰਕ ਐਂਡਰਿਊਜ਼ ਨੇ ਕਿਹਾ ਕਿ ਇਹ ਮਾਮਲਾ ਪੁਲਿਸ ਅਫ਼ਸਰਾਂ ਦੀ ਸਖ਼ਤ ਮਿਹਨਤ ਅਤੇ ਸਮਰਪਣ ਭਾਵਨਾ ਦੀ ਇਕ ਹੋਰ ਮਿਸਾਲ ਹੈ ਜਿਸ ਰਾਹੀਂ ਨਾ ਸਿਰਫ਼ ਨਸ਼ਾ ਤਸਕਰੀ ਦਾ ਪਰਦਾ ਫ਼ਾਸ਼ ਕੀਤਾ ਗਿਆ ਬਲਕਿ ਨਾਜਾਇਜ਼ ਹਥਿਆਰ ਵੀ ਬਰਾਮਦ ਕੀਤੇ ਗਏ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਇਸ ਮਾਮਲੇ ਬਾਰੇ ਕੋਈ ਜਾਣਕਾਰੀ ਹੋਵੇ ਤਾਂ 22 ਡਵੀਜ਼ਨ ਕ੍ਰਿਮੀਨਲ ਇਨਵੈਸਟੀਗੇਸ਼ਨ ਬਿਊਰੋ ਦੇ ਅਫ਼ਸਰਾਂ ਨਾਲ 905-453-2121 ਐਕਸਟੈਨਸ਼ਨ 2233 'ਤੇ ਸੰਪਰਕ ਕੀਤਾ ਜਾਵੇ। ਗੁਪਤ ਤਰੀਕੇ ਨਾਲ ਜਾਣਕਾਰੀ ਦੇਣ ਲਈ ਪੀਲ ਕ੍ਰਾਈਮ ਸਟੌਪਰਜ਼ ਨਾਲ 1-800-222-ਟਿਪਸ 8477 'ਤੇ ਕਾਲ ਕੀਤੀ ਜਾ ਸਕਦੀ ਹੈ।

# ਚਿੱਟੀ ਚਾਦਰ, ਗੰਧਲਾ ਪ੍ਰਬੰਧ



ਦੱਸਦੇ ਹਨ ਕਿ ਇੱਕ ਵਾਰ ਅੰਮ੍ਰਿਤਸਰ ਅਕਾਲੀ ਦਲ ਦੇ ਪ੍ਰਧਾਨ ਸ੍ਰ. ਸਿਮਰਨਜੀਤ ਸਿੰਘ ਮਾਨ ਨੇ ਆਪਣੀ ਗੱਡੀ ਵਿੱਚ ਇੱਕ ਪੱਤਰਕਾਰ ਨੂੰ ਬੈਠਾ ਲਿਆ ਅਤੇ ਆਪਣੀ ਪਾਰਟੀ ਦੇ ਸਿਧਾਂਤਾਂ ਦੀ ਗੱਲ ਕਰਨ ਲੱਗ ਪਏ। ਉਨ੍ਹਾਂ ਨਾਲ ਹੀ ਕਿਹਾ, 'ਸਾਡੀ ਤਾਂ ਚਾਦਰ ਪੂਰੀ ਤਰ੍ਹਾਂ ਸਫੇਦ ਹੈ, ਕੋਈ ਦਾਗ ਨਹੀਂ।' ਤਾਂ ਪੱਤਰਕਾਰ ਨੇ ਕਿਹਾ,'ਹਾਲੇ ਤੁਹਾਡੀ ਸਫੇਦ ਚਾਦਰ ਵਿੱਛੀ ਹੀ ਨਹੀ, ਇਸ ਲਈ ਉਤੇ ਦਾਗ ਕਿਵੇਂ ਪੈ ਸਕਦੇ ਹਨ।' ਇਸ ਉਤੇ ਅਗਲੀ ਪ੍ਰਤੀਕ੍ਰਿਆ ਕੀ ਹੋਈ ਦੱਸਣ ਦੀ ਲੋੜ ਨਹੀਂ ਹੈ।

ਪੰਜਾਬ ਦੇ ਲੋਕ ਰਵਾਇਤੀ ਪਾਰਟੀਆਂ ਨਹੀਂ, ਉਨ੍ਹਾਂ ਦੇ ਲੀਡਰਾਂ ਦੇ ਕੰਮ ਚਲਾਊ ਫੈਸਲਿਆਂ, ਭ੍ਰਿਸ਼ਟਾਚਾਰ, ਗਲਤ ਪ੍ਰਬੰਧਾਂ ਜਾਂ ਪਰਿਵਾਰਵਾਦ ਤੋਂ ਇੰਨੇ ਜ਼ਿਆਦਾ ਅੱਕੇ ਹੋਏ ਸਨ ਕਿ 20 ਫਰਵਰੀ ਨੂੰ ਆਪਣੇ ਦਿਲ ਦੀ ਭੜਾਸ ਹੀ ਨਹੀਂ ਬਲਕਿ ਗੁੱਸਾ ਕੱਢ ਲਿਆ ਅਤੇ ਝਾੜੂ ਦੇ ਬਟਣ ਨੂੰ ਦਬ-ਦਬ ਕੇ ਸਵਿੱਚ ਵੀ ਘਸਾ ਦਿੱਤੀ। ਉਹ ਗੁੱਸਾ 10 ਮਾਰਚ ਨੂੰ ਆਏ ਨਤੀਜਿਆਂ ਸਮੇਂ ਸਾਹਮਣੇ ਆ ਗਿਆ ਤੇ ਆਮ ਆਦਮੀ ਪਾਰਟੀ ਦੀ ਸੁਨਾਮੀ ਵਿੱਚ ਵੱਡੇ-ਵੱਡੇ ਦਿੱਗਜ ਆਗੂ ਢਹਿ ਢੇਰੀ ਹੋ ਗਏ ਅਤੇ ਉਨ੍ਹਾਂ ਨੂੰ ਇਹ ਲੱਗਣ ਲੱਗ ਉਨ੍ਹਾਂ ਦੀ ਪਾਰਟੀ ਦੀ ਹੋਂਦ ਬਰਕਰਾਰ ਰਹੇਗੀ ਵੀ ਜਾਂ ਨਹੀਂ। ਨਿਸ਼ਚਿਤ ਹੀ ਪੰਜਾਬ ਦੇ ਲੋਕਾਂ ਨੇ ਇੱਕ ਕ੍ਰਾਂਤੀ ਲਿਆ ਦਿੱਤੀ।

ਹੁਣ ਦੂਜੇ ਮਾਨ ਦੀ ਗੱਲ ਕਰਦੇ ਹਾਂ, ਉਹ ਹਨ ਸ੍ਰ. ਭਗਵੰਤ ਸਿੰਘ ਮਾਨ। ਆਮ ਆਦਮੀ ਪਾਰਟੀ ਨੇ ਹਮੇਸ਼ਾ ਹੀ ਸ੍ਰ. ਸਿਮਰਨਜੀਤ ਸਿੰਘ ਮਾਨ ਵਾਂਗ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਫੇਦ ਚਾਦਰ 'ਤੇ ਕੋਈ ਦਾਗ ਨਹੀਂ ਹੈ। ਹੁਣ ਸ੍ਰ. ਭਗਵੰਤ ਸਿੰਘ ਮਾਨ ਪੰਜਾਬ ਦੀ ਵਾਗਡੋਰ ਸੰਭਾਲਣ ਜਾ ਰਹੇ ਹਨ। ਠੀਕ ਹੈ ਕਿ ਸ੍ਰ. ਮਾਨ ਦੀ ਚਾਦਰ ਉਤੇ ਕੋਈ ਦਾਗ ਨਹੀਂ ਹੈ, ਪਰ ਹੁਣ ਜਦੋਂ ਸੱਤਾ ਸੰਭਾਲਣਗੇ ਤਾਂ ਇਸ ਚਾਦਰ ਉਤੇ ਉਸ ਸਿਸਟਮ ਨੇ ਬੈਠਣਾ ਹੈ ਜਿਹੜਾ 7 ਦਹਾਕਿਆਂ ਤੋਂ ਚਲਿਆ ਆ ਰਿਹਾ ਹੈ। ਇਸ ਸਿਸਟਮ ਨੂੰ ਸਿਆਸਤਦਾਨਾਂ ਅਤੇ ਅਫਸਰਸ਼ਾਹੀ ਨੇ ਚਲਾਇਆ ਹੈ ਅਤੇ ਪੰਜਾਬ ਦੇ ਲੋਕਾਂ ਨੇ ਉਸ ਨੂੰ ਸਹਿਯੋਗ ਦਿੱਤਾ ਹੈ। ਇਹ ਕਹਿ ਲਈਏ ਕਿ ਸੱਜੇ ਹੱਥ ਨੂੰ ਖੱਬੇ ਨੂੰ ਧੋਤਾ ਅਤੇ ਖੱਬੇ ਨੂੰ ਸੱਜੇ ਨੇ। ਇਸ ਆਪਸੀ ਗੰਧਲੇ ਗਠਜੋੜ ਕਾਰਨ ਹੀ ਇਸ ਪ੍ਰਬੰਧ ਅੱਗੇ ਤੋਂ ਅੱਗੇ ਦੂਸ਼ਿਤ ਹੁੰਦਾ ਜਾਂਦਾ ਰਿਹਾ ਹੈ। ਇਸ ਗੰਧਲੇਪਣ ਦਾ ਸਿਆਸਤਦਾਨਾਂ ਅਤੇ ਅਫਸਰਸ਼ਾਹੀ ਨੇ ਪੂਰਾ ਲਾਭ ਉਠਾਇਆ ਹੈ। ਇਸੇ ਕਾਰਨ ਅੱਜ ਸਾਡੀ ਨੌਜਵਾਨੀ ਦਾ ਭਵਿੱਖ ਅੰਧਕਾਰ ਵੱਲ ਜਾ ਰਿਹਾ ਹੈ, ਇਸੇ ਲਈ ਕੁਝ ਨੌਜਵਾਨ ਵਿਦੇਸ਼ੀਂ ਤੁਰ ਰਹੇ ਹਨ ਤੇ ਕੁਝ ਨਸ਼ਿਆਂ ਵਿੱਚ ਗਰਕ ਹੋ ਰਹੇ ਹਨ। ਕੁਝ ਵੱਡੀਆਂ-ਵੱਡੀਆਂ ਡਿਗਰੀਆਂ ਲੈ ਕੇ ਸੜਕਾਂ ਉਤੇ ਮੁਜਾਹਿਰੇ ਕਰ ਰਹੇ ਹਨ। ਸੂਬੇ ਦੀ ਆਰਥਿਕਤਾ ਨਿਘਾਰ ਵੱਲ ਪੁੱਜੀ ਹੋਈ ਹੈ। ਪੰਜਾਬ ਅਤੇ ਇਥੋਂ ਦੇ ਲੋਕਾਂ ਨੂੰ ਦਰਪੇਸ਼ ਕਿੰਨੀਆਂ ਸਮੱਸਿਆਵਾਂ ਹਨ, ਉਨ੍ਹਾਂ ਦਾ ਪਤਾ ਸ੍ਰ. ਮਾਨ ਨੂੰ ਵੀ ਹੈ ਅਤੇ ਉਨ੍ਹਾਂ ਦੇ ਵਿਧਾਇਕਾਂ ਨੂੰ ਵੀ। ਹੁਣ ਜਿਹੜੇ ਵਿਧਾਇਕ ਵੱਖ-ਵੱਖ ਵਰਗਾਂ ਤੋਂ ਆਏ ਹਨ, ਉਹ ਆਪਣੀ ਸਰਕਾਰ ਨੂੰ ਦੱਸਣਗੇ ਕਿ ਸੂਬਾ ਕਿਧਰ ਨੂੰ ਜਾ ਰਿਹਾ ਹੈ ਅਤੇ ਇਸ ਨੂੰ ਕਿਧਰ ਨੂੰ ਮੋੜਨਾ ਹੈ।

ਲੋਕਾਂ ਨੇ ਆਮ ਆਦਮੀ ਪਾਰਟੀ ਉਤੇ ਆਸਾਂ ਲਗਾ ਲਈਆਂ ਹਨ ਕਿ ਇਹੀ ਪਾਰਟੀ ਕੁਝ ਬਦਲਾਅ ਲਿਆ ਸਕਦੀ ਹੈ ਜਦਕਿ ਉਨ੍ਹਾਂ ਨੂੰ ਵੀ ਇਸ ਗੱਲ ਦਾ ਅਹਿਸਾਸ ਹੈ ਕਿ ਜਿੰਨੇ ਵੀ ਲੋਕਾਂ ਨੂੰ ਵਿਧਾਨ ਸਭਾ ਵਿੱਚ ਭੇਜਿਆ ਹੈ ਉਨ੍ਹਾਂ ਨੂੰ ਪ੍ਰਸ਼ਾਸਨ ਚਲਾਉਣ ਦਾ ਤਜਰਬਾ ਵੀ ਨਹੀਂ ਹੈ। ਇਸ ਲਈ ਲੋਕ ਹਾਲ ਦੀ ਘੜੀ ਨਵੀਂ ਸਰਕਾਰ ਨੂੰ ਸਿਰਫ ਮੌਕਾ ਹੀ ਨਹੀਂ ਬਲਕਿ ਸਮਾਂ ਵੀ ਦੇਣਗੇ। ਕਾਰਨ ਇਹ ਹੈ ਕਿ ਸੱਤ ਦਹਾਕਿਆਂ ਤੋਂ ਚੱਲ ਰਹੇ ਪ੍ਰਬੰਧ ਨੂੰ ਦਰੁਸਤ ਕਰਨ ਲਈ ਸਮੇਂ ਅਤੇ ਦ੍ਰਿੜ੍ਹ ਇਰਾਦੇ ਦੀ ਤਾਂ ਲੋੜ ਹੈ। ਇਸ ਲਈ ਨਵੀਂ ਸਰਕਾਰ ਕੁਝ ਕਰਦੀ ਹੋਈ ਨਜ਼ਰ ਵੀ ਆਉਣੀ ਚਾਹੀਦੀ ਹੈ। ਪਰ ਇਸ ਦੇ ਨਾਲ-ਨਾਲ ਇਹ ਵੀ ਦੇਖਣ ਦੀ ਲੋੜ ਹੈ ਕਿ 'ਆਪ' ਵਿੱਚ ਕੁਝ ਸਫੇਦ ਰੰਗ ਦੀਆਂ 'ਕਾਲੀਆਂ' ਭੇਡਾਂ ਵੀ ਆਈਆਂ ਹੋਈਆਂ ਹਨ। ਉਹ ਸ੍ਰ. ਮਾਨ ਨੂੰ ਕੁਪ੍ਰਬੰਧ ਦੇ ਰੰਗੀਨ ਸੁਪਨਿਆਂ ਵਿੱਚ ਲਿਜਾਣ ਲਈ ਵੀ ਯਤਨਸ਼ੀਲ ਹੋਣਗੀਆਂ ਕਿਉਂਕਿ ਉਨ੍ਹਾਂ ਦਾ ਦਾਲ-ਪਾਣੀ ਇਸੇ ਨਾਲ ਚੱਲਦਾ ਹੈ।

ਚਲੋ, ਹੁਣ ਤੀਜੇ ਮਾਨ ਦੀ ਗੱਲ ਕਰਦੇ ਹਾਂ, ਉਹ ਮਾਨਾਂ ਦਾ ਮਾਨ ਗੁਰਦਾਸ ਮਾਨ। ਉਸ ਨੇ ਬਹੁਤ ਸਾਰੇ ਸਭਿਆਚਾਰਕ ਗੀਤ ਗਾਏ ਹਨ ਉਨ੍ਹਾਂ ਵਿਚੋਂ ਇਕ ਹੈ

ਚਿੱਟੀ ਚਾਦਰ ਲਾਹ ਛੱਡ ਕੁੜੀਏ, ਪਹਿਨ ਫਕੀਰਾਂ ਦੀ ਲੋਈ
ਚਿੱਟੀ ਚਾਦਰ ਨੂੰ ਦਾਗ ਬਥੇਰੇ ਫਕੀਰਾਂ ਦੀ ਲੋਈ ਨਾ ਕੋਈ

ਇਸ ਲਈ ਸ੍ਰ. ਭਗਵੰਤ ਸਿੰਘ ਮਾਨ ਨੂੰ ਫਕੀਰਾਂ ਦੀ ਲੋਈ ਪਹਿਨ ਕੇ ਆਪਣੀ ਸਫੇਦ ਚਾਦਰ ਵੀ ਬਚਾਉਣੀ ਹੋਵੇਗੀ ਅਤੇ ਫਕੀਰਾਂ ਦੀ ਤਰ੍ਹਾਂ ਪੰਜਾਬ ਦੇ ਲੋਕਾਂ ਦੇ ਦੁੱਖ ਦਰਦਾਂ ਨੂੰ ਖਤਮ ਕਰਨ ਲਈ ਯਤਨੀਸ਼ੀਲ ਵੀ ਹੋਣਾ ਪਵੇਗਾ।

**ਦਰਸ਼ਨ ਸਿੰਘ ਦਰਸ਼ਕ**
98555-08918


TDS
TICKET DISPUTE SOLUTIONS
AMARDEEP PANDHER
"Your Ticket Defender"
NO TEXTING | STOP SIGN | SPEEDING | TRAFFIC TICKETS | RED LIGHT
CALL NOW
TICKET DISPUTE SOLUTIONS
PH. 780-395-0677 FAX : 780-395-0772
CELL : 780-906-1800
Email : ticketdisputesolutions@gmail.com www.ticketdisputesolutions.com
9220-34 Ave NW Edmonton, Alberta


ARROW
DRYWALL INC.
The Name You Can Trust
Products of Services:
• Insulation • Drywall • Taping • Texturing • Blow Insulation
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
ਇੰਸੂਲੇਸ਼ਨ • ਡਰਾਈਵਾਲ • ਟੇਪਿੰਗ • ਬਲੋ ਇੰਸੂਲੇਸ਼ਨ • ਟੈਕਸਚਰਿੰਗ •
Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com

# ਵੱਡੇ ਪਰਿਵਾਰਾਂ ਦੀਆਂ ਰਿਸ਼ਤੇਦਾਰੀਆਂ ਤੇ ਸਿਆਸੀ ਸਬੰਧ

**ਹਾਲ ਹੀ ਵਿੱਚ ਜਿਹੜੀਆਂ ਵਿਧਾਨ ਸਭਾ ਚੋਣਾਂ ਹੋਈਆਂ ਉਨ੍ਹਾਂ ਵਿੱਚ ਆਮ ਆਦਮੀ ਪਾਰਟੀ ਦੀ ਸੁਨਾਮੀ ਵਿੱਚ ਪੰਜਾਬ ਵਿੱਚ 7 ਦਹਾਕਿਆਂ ਤੋਂ ਸੱਤਾ ਵਿੱਚ ਚਲੇ ਆ ਰਹੇ ਕੈਰੋਂ, ਮਜੀਠੀਆ, ਬਾਦਲ, ਕੈਪਟਨ, ਬਰਾੜ ਪਰਿਵਾਰਾਂ ਦੇ ਵੱਡੇ-ਵੱਡੇ ਥੰਮ੍ਹ ਲੁੜਕ ਗਏ। ਦਿਲਚਸਪ ਗੱਲ ਇਹ ਹੈ ਕਿ ਇਨ੍ਹਾਂ ਸਾਰੇ ਪਰਿਵਾਰਾਂ ਦੀਆਂ ਆਪਸ ਵਿੱਚ ਰਿਸ਼ਤੇਦਾਰੀਆਂ ਰਹੀਆਂ ਹਨ। ਇਸੇ ਕਾਰਨ ਇਹ ਆਵਾਜ਼ ਉਠਦੀ ਰਹੀ ਕਿ ਸਭ ਮਿਲੇ ਹੋਏ ਹਨ। ਕਿਸ ਤਰ੍ਹਾਂ ਰਿਸ਼ਤੇਦਾਰੀਆਂ ਹਨ ਇਹ ਹੇਠਾਂ ਦੇਖੋ।**

ਇਹ ਛੇ ਪਰਿਵਾਰਾਂ ਦੀ ਕਹਾਣੀ ਹੈ - ਜੋ ਇੱਕ ਦੂਜੇ ਨਾਲ ਸਬੰਧਤ ਹਨ - ਜਿਨ੍ਹਾਂ ਨੇ ਰਾਜ ਕੀਤਾ ਜਾਂ ਜਿਵੇਂ ਕੁਝ ਲੋਕ ਕਹਿੰਦੇ ਹਨ ਕਿ ਇਨ੍ਹਾਂ ਨੇ ਪੰਜਾਬ ਨੂੰ 'ਬਰਬਾਦ' ਕੀਤਾ। ਸੱਤਾ ਦੇ ਲਾਲਚ ਵਿੱਚ ਕੁਰਸੀ ਦੇ ਨੇੜੇ ਜਾਣ ਲਈ, ਉਨ੍ਹਾਂ ਵਿੱਚੋਂ ਬਹੁਤਿਆਂ ਨੇ ਸਮੇਂ-ਸਮੇਂ 'ਤੇ ਸਿਆਸੀ ਪਾਰਟੀਆਂ ਨਾਲ ਵਫ਼ਾਦਾਰੀ ਬਦਲੀ। ਜਿਵੇਂ-ਜਿਵੇਂ ਸਾਲ ਬੀਤਦੇ ਗਏ ਪੰਜਾਬ ਦੀ ਰਾਜਨੀਤੀ ਨੇ ਇਹਨਾਂ ਕੁਝ ਪਰਿਵਾਰਾਂ ਦੇ ਵੰਸ਼ਵਾਦ ਦਾ ਰੂਪ ਧਾਰ ਲਿਆ, ਇਹਨਾਂ ਪਰਿਵਾਰਾਂ ਨਾਲ ਸਬੰਧਤ ਜ਼ਿਆਦਾਤਰ ਸਿਆਸਤਦਾਨਾਂ ਨੇ ਇਹ ਯਕੀਨੀ ਬਣਾਇਆ ਕਿ ਅਗਲੀ ਪੀੜ੍ਹੀ ਵੀ ਰਾਜਨੀਤੀ ਵਿੱਚ ਸ਼ੁਰੂ ਕੀਤੀ ਜਾਵੇ। ਇਸ ਤਰ੍ਹਾਂ ਚਾਰ ਦਹਾਕੇ ਬੀਤ ਚੁੱਕੇ ਹਨ, ਪਰ ਸੂਬੇ ਨੂੰ ਅਜੇ ਤੱਕ ਅਜਿਹਾ ਮੁੱਖ ਮੰਤਰੀ ਨਹੀਂ ਮਿਲਿਆ, ਜੋ ਇਨ੍ਹਾਂ ਪਰਿਵਾਰਾਂ ਵਿੱਚੋਂ ਨਹੀਂ ਹੈ।

ਅਜਿਹੇ ਸਮੇਂ ਜਦੋਂ ਪ੍ਰਕਾਸ਼ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਇਸ ਨੂੰ ਲੈ ਕੇ ਲੜ ਰਹੇ ਹਨ, ਇਹ ਜਾਣਨਾ ਦਿਲਚਸਪ ਹੋਵੇਗਾ ਕਿ ਇਹ ਸਭ ਕਿਵੇਂ ਸ਼ੁਰੂ ਹੋਇਆ। ਪੰਜਾਬ ਦੇ ਪਹਿਲੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਮਿਸ਼ੀਗਨ ਯੂਨੀਵਰਸਿਟੀ ਤੋਂ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਣ ਲਈ ਵਾਪਸ ਪਰਤੇ। ਹਾਲਾਂਕਿ, ਬਾਅਦ ਵਿੱਚ ਉਹ 1929 ਵਿੱਚ ਕਾਂਗਰਸ ਵਿੱਚ ਸ਼ਾਮਲ ਹੋ ਗਏ ਅਤੇ 1956 ਵਿੱਚ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਇਹਨਾਂ ਵਿੱਚੋਂ ਬਹੁਤੇ ਪਰਿਵਾਰ - ਕੈਰੋਂ, ਬਾਦਲਾਂ, ਮਜੀਠੀਆ, ਬਰਾੜਾਂ, ਅਤੇ ਪਟਿਆਲਾ ਸ਼ਾਹੀ ਘਰਾਣੇ ਇੱਕ-ਦੂਜੇ ਦੇ ਜਾਣਕਾਰ ਜਾਂ ਨਜ਼ਦੀਕੀ ਸਨ। ਪਰ ਫਿਰ ਸਿਆਸੀ ਮਜਬੂਰੀ ਲਈ ਆਪਸ ਵਿੱਚ ਵਿਆਹ ਹੋਏ। ਜਿਨ੍ਹਾਂ ਵਿੱਚੋਂ ਕੈਪਟਨ ਅਮਰਿੰਦਰ ਸਿੰਘ ਅਤੇ ਸਿਮਰਨਜੀਤ ਸਿੰਘ ਮਾਨ ਨੇ ਦੋ ਸਕੀਆਂ ਭੈਣਾਂ ਨਾਲ ਵਿਆਹ ਕਰਵਾ ਲਿਆ। ਇਸ ਲਈ ਕੈਪਟਨ ਤੇ ਮਾਨ ਇੱਕ ਦੂਜ ਦੇ ਸਾਂਢੂ ਹਨ। ਐਚਐਸ ਬਰਾੜ ਨੇ ਪ੍ਰਤਾਪ ਸਿੰਘ ਕੈਰੋਂ ਦੀ ਭਤੀਜੀ ਨਾਲ, ਜਦੋਂ ਕਿ ਕੈਰੋਂ ਦੇ ਪੋਤੇ ਆਦੇਸ਼ ਪ੍ਰਤਾਪ ਨੇ ਪ੍ਰਕਾਸ਼ ਸਿੰਘ ਬਾਦਲਪ ਦੀ ਬੇਟੀ ਪ੍ਰਨੀਤ ਕੌਰ ਨਾਲ ਵਿਆਹ ਕੀਤਾ। ਦਿਲਚਸਪ ਗੱਲ ਇਹ ਹੈ ਕਿ ਕੈਰੋ ਅਤੇ ਬਾਦਲ ਪਰਿਵਾਰ ਗੋਤ ਵਜੋਂ ਢਿਲੋਂ ਹਨ। ਇਥੇ ਇਹ ਗੱਲ ਦੱਸਣਯੋਗ ਹੈ ਕਿ ਆਦੇਸ਼ ਪ੍ਰਤਾਪ ਸਿੰਘ ਕਾਂਗਰਸ ਵਿੱਚ ਸਨ, ਪਰ ਬਾਅਦ ਵਿੱਚ ਆਪਣੇ ਸਹੁਰੇ ਪ੍ਰਕਾਸ਼ ਸਿੰਘ ਬਾਦਲ ਕਾਰਨ ਅਕਾਲੀ ਦਲ (ਬ) ਵਿੱਚ ਸ਼ਾਮਲ ਹੋ ਗਏ। ਜੇ ਸੁਖਬੀਰ ਸਿੰਘ ਬਾਦਲ ਦੀ ਭੈਣ ਨੇ ਕੈਰੋਂ ਨਾਲ ਵਿਆਹ ਕਰਵਾ ਲਿਆ ਤਾਂ ਸੁਖਬੀਰ ਸਿੰਘ ਨੇ ਹਰਸਿਮਰਤ ਕੌਰ ਮਜੀਠੀਆ ਨਾਲ ਵਿਆਹ ਕਰਵਾ ਲਿਆ। ਉਹ ਸਤਿਆਜੀਤ ਸਿੰਘ ਮਜੀਠੀਆ ਦੀ ਧੀ ਹੈ, ਜੋ ਜਵਾਹਰ ਲਾਲ ਨਹਿਰੂ ਦੇ ਸ਼ਾਸਨ ਦੌਰਾਨ ਉਪ ਰੱਖਿਆ ਮੰਤਰੀ ਸੀ। ਨਾਲ ਹੀ, ਬਾਦਲ ਦੀ ਚਚੇਰੀ ਭੈਣ ਦਾ ਵਿਆਹ ਸਾਬਕਾ ਰੱਖਿਆ ਮੰਤਰੀ ਬਲਦੇਵ ਸਿੰਘ ਦੇ ਪੁੱਤਰ ਸੁਰਜੀਤ ਸਿੰਘ ਨਾਲ ਹੋਇਆ ਸੀ। ਸੁਰਜੀਤ ਸਿੰਘ ਦਾ ਭਰਾ ਰਵੀਇੰਦਰ ਸਿੰਘ ਕਿਸੇ ਸਮੇਂ ਬਾਦਲ ਦੇ ਕਰੀਬੀ ਸੀ। ਹੁਣ ਉਹ ਅਕਾਲੀਆਂ ਤੋਂ ਅਲੱਗ ਹੋਏ ਗਰੁੱਪ ਦੀ ਅਗਵਾਈ ਕਰ ਰਿਹਾ ਹੈ।





DAWSON'S LANDING
CHESTERMERE
A QUALICO COMMUNITY
ਲੱਭੋ ਆਪਣਾ ਸੰਪੂਰਣ ਘਰ
ਨਵੀਆਂ ਲਾਟਾਂ ਆ ਗਈਆਂ ਹਨ
• ਫਰੰਟ ਗੈਰਾਜ ਵਾਲੀਆਂ ਲਾਟਾਂ
• ਡੁਪਲੈਕਸ ਘਰਾਂ ਦੀਆਂ ਲਾਟਾਂ
• ਲੇਨਡ ਘਰਾਂ ਦੀਆਂ ਲਾਟਾਂ
ਹੁਣ ਫੇਸ 3 ਵੇਚਿਆ ਜਾ ਰਿਹਾ ਹੈ
DUPLEX HOMES FROM THE $400s
LANED HOMES FROM THE LOW $500s
FRONT GARAGE HOMES FROM THE HIGH $500s
SHOWHOME APPOINTMENTS AVAILABLE AND RECOMMENDED. 360° ਵਰਚੂਅਲ ਟੂਰ ਵੀ ਮਿਲਦਾ ਹੈ
Broadview Homes | NuVista Homes | Trico Homes | Sterling Homes | Truman Homes | Morrison Homes
ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ। ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਂਵਾਂ ਹਨ,ਜਿਵੇਂ ਸਕੂਲ, ਪਾਰਕ, ਸਾਪਿੰਗ ਸੈਂਟਰ ਅਤੇ ਹੋਰ ਬਹੁਤ ਕੁੱਝ। ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸ ਦੇ ਆਸ ਪਾਸ ਵਾਲੇ ਨਾਮਵਰ ਬਿਲਡਰਾਂ ਵੱਲੋਂ ਬਣਾਏ ਜਾ ਰਹੇ ਹਨ। ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ ।
ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ
liveindawsonslanding.ca
22 ਮਿੰਟ ਡਰਾਈਵ ਕੈਲਗਰੀ ਡਾਊਨ ਟਾਊਨ ਤੱਕ
4 ਮਿੰਟ ਡਰਾਈਵ ਐਨੀ ਵਰਸਿਰੀ ਪਾਰਕ ਤੱਕ
4 ਮਿੰਟ ਵਿੱਚ ਚੈਸਟਰਮੀਅਰ ਬਾਈਕ ਪਾਰਕ ਤੱਕ ਪੈਦਲ
ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹਾਂ
QUALICO® communities




SOUTH POINTE TOYOTA
2021 COROLLA
ONLY $58 A WEEK!
$0 DOWN! LE
2020 RAV4
ONLY $92 A WEEK!
$0 DOWN! LE AWD
FREE WINTER TIRES WITH PURCHASE
0% FINANCING AVAILABLE
FREE REMOTE STARTER WITH PURCHASE
RISHI MUKHERJEE
NEW CAR SALES MANAGER
ZAK BHANJI
NEW CAR SALES MANAGER
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
AFSHEEN HARJEE
NEW CAR PRODUCT ADVISOR
MUHAMMAD YOUSAF
NEW CAR PRODUCT ADVISOR
IT'S TIME TO TOYOTA
11150 35 ST SE CALGARY, AB
CALL US! 403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP


A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ !
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜ਼ਰੂਰਤ ਹੁੰਦੀ ਹੈ।
ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com


Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com


ਡਰਾਇਵਰਾਂ ਦੀ ਲੋੜ ਹੈ
RIG Group of Companies Inc.
GOLIATH TRACTOR SERVICE LTD. CALGARY, ALBERTA
We're Pulling For You!
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)


Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco
Paper
Flashing
Wiring
Free Estimate BEST Rates
Nirvair Singh Johal
403-690-8700
Bhajan Singh Johal
403-561-0227
4612, 6 STREET NE CALGARY, AB


For All your Exterior Needs
B.B.S. Exterior
Roofing/ Siding / Stucco / Soffits & Fascia / Hardie Shakes / SmartBoard / Eaves & Downspouts / Windows etc.
403.714.0455
bbsexterior@gmail.com


Sukhi Da Dhaba
Restaurant & Sweet Shop
5058-68 St NE Calgary (AB) 403 452 5513
ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ
1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਤੀ ਮਿਠਾਈ
ਵਿਆਹ ਦੀ ਭਾਜੀ


Mega Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ, ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ, ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ ਮਹਿਸੂਸ ਹੀ ਨਹੀਂ ਹੋਣ ਦਿੰਦੇ ।
ਕਰੋਨਾ ਕਾਰਣ ਤੁਹਾਡੀ ਸੋਸ਼ਲ ਡਿਸਟੈਂਸ ਦੇ ਪੁਖਤਾ ਪਰਬੰਧ ਹਨ।
Mega Sanjha Punjab
ਸਾਂਝਾ ਪੰਜਾਬ ਗਰੋਸਰੀ ਸਟੋਰ ਦੀ ਤੀਜੀ ਲੋਕੇਸ਼ਨ ਹੁਣ ਕੋ-ਅੱਪ ਸਟੋਰ ਵਾਲੀ ਬਿਲਡਿੰਗ ਵਿੱਚ ਖੁੱਲ ਗਈ ਹੈ
FRESH PRODUCE
GROCERY STORE
403-266-5200
THREE LOCATIONS TO SERVE YOU
3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary

# ਅਮਰੀਕਾ ਨੇ ਰੂਸ ਦੇ ਤੇਲ ਕੋਲੇ ਅਤੇ ਗੈਸ ਦੇ ਆਯਾਤ ਉੱਤੇ ਪਾਬੰਦੀ ਲਗਾਈ

ਰੀਜਾਇਨਾ(ਪੰਜਾਬੀ ਅਖ਼ਬਾਰ ਬਿਊਰੋ) ਰੂਸ ਅਤੇ ਯੂਕ੍ਰੇਨ ਦਰਮਿਆਨ ਜਾਰੀ ਜੰਗ ਦੇ ਤੇਰ੍ਹਵੇਂ ਦਿਨ ਅਮਰੀਕਾ ਨੇ ਰੂਸ ਦੇ ਤੇਲ ਕੋਲੇ ਅਤੇ ਗੈਸ ਦੇ ਆਯਾਤ ਉੱਤੇ ਪਾਬੰਦੀ ਲਗਾ ਦਿੱਤੀ ਹੈ। ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਇਸ ਦਾ ਐਲਾਨ ਕੀਤਾ ਹੈ। ਉੱਧਰ, ਯੂਕ੍ਰੇਨ ਦੇ ਉੱਤਰ-ਪੂਰਬੀ ਸ਼ਹਿਰ ਸੂਮੀ ਤੋਂ ਨਾਗਰਿਕਾਂ ਦੀ ਸੁਰੱਖਿਅਤ ਨਿਕਾਸੀ ਲਈ ਬੁੱਧਵਾਰ ਨੂੰ ਇੱਕ ਤਾਜ਼ਾ ਜੰਗਬੰਦੀ ਦਾ ਐਲਾਨ ਕੀਤਾ ਗਿਆ ਹੈ। ਰੂਸ ਦੇ ਸਰਕਾਰੀ ਮੀਡੀਆ ਨੇ ਕਿਹਾ ਕਿ ਕੀਵ, ਚੇਰਨੀਹੀਵ, ਖਾਰਕੀਵ ਅਤੇ ਮਾਰੀਉਪੋਲ ਲਈ ਵੀ ਕਾਰੀਡੋਰ ਬਣਾਏ ਜਾਣਗੇ, ਹਾਲਾਂਕਿ ਅਜਿਹੀਆਂ ਪਿਛਲੀਆਂ ਕੋਸ਼ਿਸ਼ਾਂ ਅਸਫ਼ਲ ਰਹੀਆਂ ਹਨ। ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਵੀਡੀ? ਲਿੰਕ ਰਾਹੀਂ ਬ੍ਰਿਟੇਨ ਦੀ ਸੰਸਦ ਨੂੰ ਸੰਬੋਧਨ ਕੀਤਾ। ਸੰਸਦ ਮੈਂਬਰਾਂ ਨੇ ਖੜ੍ਹੇ ਹੋ ਕੇ ਉਨ੍ਹਾਂ ਦਾ ਤਾੜੀਆਂ ਨਾਲ ਸਵਾਗਤ ਕੀਤਾ। 'ਹਾਊਸ ਆਫ ਕੌਮਨਜ਼' ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਸਾਡੀ ਇਹ ਜੰਗ ਬ੍ਰਿਟੇਨ ਦੀ ਨਾਜ਼ੀਆਂ ਖ਼ਿਲਾਫ਼ ਦੂਜੇ ਵਿਸ਼ਵ ਯੁੱਧ ਵਾਂਗ ਹੈ। ਰਾਸ਼ਟਰਪਤੀ ਨੇ ਆਖਿਆ ਕਿ ਉਨ੍ਹਾਂ ਦੇ ਦੇਸ਼ ਦੇ ਲੋਕਾਂ ਨੇ ਰੂਸੀ ਫੌਜਾਂ ਖ਼ਿਲਾਫ਼ ਬਹਾਦਰੀ ਦਿਖਾਈ ਹੈ ਅਤੇ ਬੰਬਾਰੀ ਉਹਨਾਂ ਨੂੰ ਤੋੜ ਨਹੀਂ ਸਕੀ ਹੈ। ਨੇਟੋ ਮੁਖੀ ਜੈਨਜ਼ ਸਟੋਲਟਨਬਰਗ (Jens Stoltenberg) ਨੇ ਰੂਸ ਨੂੰ ਚੇਤਾਵਨੀ ਦਿੰਦਿਆਂ ਕਿਹਾ ਹੈ ਕਿ ਯੂਕ੍ਰੇਨ ਨੂੰ ਜਾਣ ਵਾਲੀਆਂ ਸਪਲਾਇ ਲਾਇਨਜ਼ ਉੱਪਰ ਜੇ ਹਮਲਾ ਕੀਤਾ ਗਿਆ ਤਾਂ ਇਸ ਦੇ ਨਤੀਜੇ ਬੁਰੇ ਹੋਣਗੇ। ਉਹਨਾਂ ਕਿਹਾ ਕਿ ਰੂਸ ਹਮਲਾਵਰ ਹੈ ਜਦੋਂ ਕਿ ਯੂਕ੍ਰੇਨ ਖ਼ੁਦ ਦਾ ਬਚਾਅ ਕਰ ਰਿਹਾ ਹੈ ਤੇ ਦੂਜੇ ਦੇਸ਼ ਉਸ ਦੇ ਲੋਕਾਂ ਵਾਸਤੇ ਮਦਦ ਕਰ ਰਹੇ ਹਨ। ਪੋਲੈਂਡ ਨੇ ਯੂਕ੍ਰੇਨ ਨੂੰ ਫਾਇਟਰ ਜਹਾਜ਼ ਦੇਣ ਦੀ ਪੇਸ਼ਕਸ਼ ਕੀਤੀ ਹੈ ਪਰ ਅਮੈਰਿਕਾ ਨੇ ਉਸ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ ਹੈ। ਕੈਨੇਡਾ ਵੱਲੋਂ ਹਥਿਆਰਾਂ ਦੀ ਭੇਜੀ ਗਈ ਖੇਪ ਯੂਕ੍ਰੇਨ ਵਿੱਚ ਪਹੁੰਚ ਗਈ ਹੈ। ਯੂਕ੍ਰੇਨ ਦੇ ਹਥਿਆਰਬੰਦ ਬਲਾਂ ਦੇ ਜਨਰਲ ਸਟਾਫ ਨੇ ਹਮਲੇ ਦੇ 13ਵੇਂ ਦਿਨ ਬਾਰੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਪਿਛਲੇ 24 ਘੰਟਿਆਂ ਵਿੱਚ ਦੁਸ਼ਮਣ ਨੇ ਮੁੱਖ ਤੌਰ 'ਤੇ ਨਾਗਰਿਕ ਬੁਨਿਆਦੀ ਢਾਂਚੇ 'ਤੇ ਮਿਜ਼ਾਈਲ ਅਤੇ ਬੰਬ ਹਮਲਿਆਂ ਦਾ ਸਹਾਰਾ ਲੈਂਦਿਆਂ ਆਪਣੀ ਹਮਲਾਵਰ ਕਾਰਵਾਈ ਦੀ ਗਤੀ ਨੂੰ ਹੌਲੀ ਕਰ ਦਿੱਤਾ ਹੈ।

# ਕੈਪਟਨ ਨੇ ਕਾਂਗਰਸ ਲੀਡਰਸ਼ਿਪ ਨੂੰ ਕਿਹਾ,'ਮੈਨੂੰ ਭੰਡਣ ਦੀ ਥਾਂ ਆਪਣੀ ਪੀੜੀ ਹੇਠ ਸੋਟਾ ਫ਼ੇਰੋ'

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਚੋਣਾਂ ਵਿੱਚ ਆਪਣੇ ਸਾਢੇ ਚਾਰ ਸਾਲ ਦੇ ਕਾਰਜ ਕਾਲ ਦੌਰਾਨ ਸੱਤਾ ਵਿਰੋਧੀ ਲਹਿਰ ਨੂੰ ਜ਼ਿੰਮੇਵਾਰ ਠਹਿਰਾਉਣ ਲਈ ਕਾਂਗਰਸ ਦੀ ਆਲੋਚਨਾ ਕਰਦਿਆਂ ਕਿਹਾ ਪਾਰਟੀ ਲੀਡਰਸ਼ਿਪ ਕਦੇ ਨਹੀਂ ਸਿੱਖੇਗੀ। ਉਨ੍ਹਾਂ ਕਾਂਗਰਸ ਪਾਰਟੀ ਨੂੰ ਸਵਾਲ ਕੀਤਾ ਕਿ ਉੱਤਰ ਪ੍ਰਦੇਸ਼, ਉਤਰਾਖੰਡ, ਗੋਆ ਅਤੇ ਮਨੀਪੁਰ ਵਿੱਚ ਪਾਰਟੀ ਦੀ ਹਾਰ ਲਈ ਕੌਣ ਜ਼ਿੰਮੇਵਾਰ ਹੈ। ਉਨ੍ਹਾਂ ਟਵੀਟ ਕੀਤਾ, 'ਕਾਂਗਰਸ ਲੀਡਰਸ਼ਿਪ ਕਦੇ ਨਹੀਂ ਸਿੱਖੇਗੀ। ਉੱਤਰ ਪ੍ਰਦੇਸ 'ਚ ਕਾਂਗਰਸ ਦੀ ਸ਼ਰਮਨਾਕ ਹਾਰ ਲਈ ਕੌਣ ਜ਼ਿੰਮੇਵਾਰ ? ਮਨੀਪੁਰ, ਗੋਆ, ਉੱਤਰਾਖੰਡ ਬਾਰੇ ਕੀ ? ਜਵਾਬ ਬਹੁਤ ਸਪੱਸ਼ਟ ਹੈ ਪਰ ਹਮੇਸ਼ਾ ਦੀ ਤਰ੍ਹਾਂ ਮੈਨੂੰ ਲੱਗਦਾ ਹੈ ਕਿ ਉਹ ਇਸ ਨੂੰ ਸਮਝਣ ਤੋਂ ਬਚਣਗੇ।' ਸਾਬਕਾ ਮੁੱਖ ਮੰਤਰੀ ਦੀ ਇਹ ਟਿੱਪਣੀ ਕਾਂਗਰਸ ਨੇਤਾ ਰਣਦੀਪ ਸਿੰਘ ਸੂਰਜੇਵਾਲਾ ਦੇ ਬਿਆਨ ਤੋਂ ਇੱਕ ਦਿਨ ਬਾਅਦ ਆਈ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਪੰਜਾਬ ਵਿੱਚ ਭਾਵੇਂ ਪਾਰਟੀ ਨੇ ਇੱਕ ਨਿਮਰ, ਸਾਫ਼-ਸੁਥਰੀ ਅਤੇ ਜ਼ਮੀਨੀ ਪੱਧਰ ਦੀ ਲੀਡਰਸ਼ਿਪ ਲਿਆਂਦੀ ਪਰ ਇਹ ਅਮਰਿੰਦਰ ਸਿੰਘ ਸਰਕਾਰ ਦੀ 4.5 ਸਾਲਾਂ ਦੀ ਸੱਤਾ ਵਿਰੋਧੀ ਲਹਿਰ ਦਾ ਅਸਰ ਖ਼ਤਮ ਨਹੀਂ ਕਰ ਸੀ ਤੇ ਲੋਕਾਂ ਨੇ ਬਦਲਾਅ ਲਈ ਵੋਟ ਦਿੱਤੀ।

















